ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 57 | 8 to 14 Feburary, 2023 | Ph.: (510) 240-5949 | Email: asrtimes@gmail.com

## ਭਾਈ ਹਵਾਰਾ ਨੇ ਕੌਮੀ ਇਨਸਾਫ਼ ਮੋਰਚੇ ਦੇ ਪ੍ਰਬੰਧਕਾਂ ਨੂੰ ਲਿਖੀ ਚਿੱਠੀ

# 'ਕੌਮੀ ਇਨਸਾਫ਼ ਮੋਰਚੇ ਦੇ ਮੰਚ ਤੋਂ ਬੋਲਣ ਵਾਲੇ ਬੁਲਾਰੇ ਗੁਰ-ਮਰਿਆਦਾ ਅਤੇ ਅਨੁਸ਼ਾਸਨ ਦੀ ਪਾਲਣਾ ਕਰਨ'

## ਕਿਹਾ ਕਿ ਸਰਕਾਰਾਂ ਤੇ ਏਜੰਸੀਆਂ ਮੋਰਚੇ ਨੂੰ ਤਾਰਪੀਡੋ ਕਰਨ ਲਈ ਸਰਗਰਮ

## ਮੁੱਖ ਮੰਤਰੀ ਦੀ ਕੋਠੀ ਵੱਲ ਵਧਦੇ ਸਿੱਖ ਆਗੂਆਂ ਨੂੰ ਪੁਲਿਸ ਨੇ ਹਿਰਾਸਤ 'ਚ ਲੈਣ ਤੋਂ ਬਾਅਦ ਛੱਡਿਆ

- ਬਾਬਾ ਬੇਦੀ ਤੇ ਭਾਈ ਰਣਜੀਤ ਸਿੰਘ ਮੋਰਚੇ ਦੇ ਹੱਕ ਵਿੱਚ ਡਟੇ, ਸ਼੍ਰੋਮਣੀ ਕਮੇਟੀ ਵਿਰੁੱਧ ਸੰਘਰਸ਼ ਕੀਤਾ ਮੁਲਤਵੀ
- ਮੋਰਚਾ ਕਮੇਟੀ ਵੱਲੋਂ ਵੀ ਜੋ ਫ਼ੈਸਲਾ ਕੀਤਾ ਜਾਵੇਗਾ ਉਹ ਸੰਗਤ ਦੇ ਸਾਹਮਣੇ ਰੱਖਿਆ ਜਾਵੇਗਾ : ਬਾਪੂ ਗੁਰਚਰਨ ਸਿੰਘ

ਐੱਸ.ਏ.ਐੱਸ. ਨਗਰ/ਏ.ਟੀ.ਨਿਊਜ਼ :- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਮਜ਼ਦ ਜਥੇਦਾਰ ਤੇ ਜੇਲ੍ਹ ਵਿਚ ਬੰਦ ਭਾਈ ਜਗਤਾਰ ਸਿੰਘ ਹਵਾਰਾ ਨੇ ਕੌਮੀ ਇਨਸਾਫ਼ ਮੋਰਚੇ ਦੇ ਪ੍ਰਬੰਧਕਾਂ ਤੇ ਕੌਮੀ ਮੰਚ ਤੋਂ ਬੋਲਣ ਵਾਲੇ ਹੋਰਨਾਂ ਬੁਲਾਰਿਆਂ ਨੂੰ ਗੁਰ-ਮਰਿਆਦਾ ਅਤੇ ਅਨੁਸ਼ਾਸਨ ਦੀ ਪਾਲਣ ਕਰਨ ਦੀ ਇਕ ਚਿੱਠੀ ਰਾਹੀਂ ਹਦਾਇਤ ਕੀਤੀ ਹੈ। ਜਥੇਦਾਰ ਹਵਾਰਾ ਦਾ ਬਿਆਨ ਜਾਰੀ ਕਰਦਿਆਂ ਐਡਵੋਕੇਟ ਦਿਲਸ਼ੇਰ ਸਿੰਘ, ਐਡਵੋਕੇਟ ਗੁਰਸ਼ਰਨ ਸਿੰਘ ਅਤੇ ਬਲਵਿੰਦਰ ਸਿੰਘ ਨੇ ਕਿਹਾ ਕਿ ਜਥੇ. ਹਵਾਰਾ ਵਲੋਂ ਕਿਹਾ ਗਿਆ ਹੈ ਕਿ ਪ੍ਰਬੰਧਕ ਕੌਮੀ ਮੰਚ ਤੋਂ ਬੋਲਣ ਵਾਲੇ ਸਾਰੇ ਆਗੂਆਂ ਨੂੰ ਇਹ ਸਪੱਸ਼ਟ ਕਰਨ ਕਿ ਕੌਮੀ ਇਨਸਾਫ਼ ਮੋਰਚੇ ਦੇ ਮੰਚ ਤੋਂ ਸਿਰਫ਼ ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀਆਂ ਦੇ ਇਨਸਾਫ਼, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ, ਲਾਪਤਾ 328 ਪਾਵਨ ਸਰੂਪ ਵਾਲੇ ਮੁੱਦਿਆਂ 'ਤੇ ਹੀ ਆਪਣੇ ਵਿਚਾਰ ਸਾਂਝੇ ਕਰਨ ਅਤੇ ਹੋਰ ਕਿਸੇ ਵੀ ਤਰ੍ਹਾਂ ਦੀ ਦੂਸ਼ਣਬਾਜ਼ੀ ਕਰਨ ਤੋਂ ਪ੍ਰਹੇਜ ਕਰਨ। ਉਨ੍ਹਾਂ ਕਿਹਾ ਕਿ ਕੌਮੀ ਇਨਸਾਫ਼ ਮੋਰਚੇ ਦੀ ਕਾਮਯਾਬੀ ਵੇਖ ਕੇ ਸਰਕਾਰਾਂ ਤੇ ਏਜੰਸੀਆਂ ਮੋਰਚੇ ਨੂੰ ਤਾਰਪੀਡੋ ਕਰਨ ਲਈ ਸਰਗਰਮ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਮੋਰਚਾ ਪੂਰੀ ਸਿੱਖ ਸੰਗਤ ਦਾ ਹੈ ਅਤੇ ਇਸ ਸਬੰਧੀ ਫ਼ੈਸਲਾ ਵੀ ਸੰਗਤ ਦੀ ਸਲਾਹ ਲੈ ਕੇ ਪਾਰਦਰਸ਼ੀ ਢੰਗ ਨਾਲ ਮੋਰਚੇ ਦੇ ਮੰਚ ਤੋਂ ਹੋਵੇਗਾ।

ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਚੰਡੀਗੜ੍ਹ ਦੀਆਂ ਬਰੂਹਾਂ 'ਤੇ ਲੱਗੇ ਕੌਮੀ

(ਬਾਕੀ ਸਫ਼ਾ 29 'ਤੇ)






## ਕੌਮੀ ਇਨਸਾਫ਼ ਮੋਰਚੇ ਤੇ ਪੁਲਿਸ ਵਿਚਾਲੇ ਟਕਰਾਅ

### ਬੈਰੀਕੇਡ ਤੋੜ ਕੇ ਕਾਰਨ ਪੁਲੀਸ ਨੇ ਪਾਣੀ ਦੀਆਂ ਬੁਛਾੜਾਂ ਤੇ ਡੰਡੇ ਮਾਰੇ

ਮੁਹਾਲੀਏ.ਟੀ.ਨਿਊਜ਼ /ਏ.ਟੀ.ਨਿਊਜ਼ :- ਕੌਮੀ ਇਨਸਾਫ਼ ਮੋਰਚੇ ਦੇ ਮੈਂਬਰ ਅਤੇ ਕੁਝ ਨਿਹੰਗ ਸਿੰਘ ਮੁਹਾਲੀ ਦੇ ਐੱਸਐੱਸਪੀ ਦੀ ਸਰਕਾਰੀ ਰਿਹਾਇਸ਼ ਨੇੜਲੇ ਮੁਹਾਲੀ-ਚੰਡੀਗੜ੍ਹ ਦੇ ਐਂਟਰੀ ਪੁਆਇੰਟ 'ਤੇ ਲਾਇਆ ਬੈਰੀਕੇਡ ਤੋੜ ਕੇ ਚੰਡੀਗੜ੍ਹ ਵਿੱਚ ਦਾਖ਼ਲ ਹੋ ਗਏ। ਇਸ ਕਾਰਨ ਯੂਟੀ ਪੁਲੀਸ ਨੂੰ ਪ੍ਰਦਰਸ਼ਨਕਾਰੀਆਂ ਉੱਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਤੇ ਲਾਠੀਚਾਰਜ ਕੀਤਾ ਪਰ ਪ੍ਰਦਰਸ਼ਨਕਾਰੀ ਅੱਗੇ ਵਧਣ ਵਿੱਚ ਕਾਮਯਾਬ ਹੋ ਗਏ। ,ਜਿਸ ਕਾਰਨ ਪੁਲੀਸ ਨੂੰ ਭਾਜੜਾਂ ਪੈ ਗਈਆਂ ਹਨ।ਕੁਝ ਸਿਖ ਜ਼ਖਮੀ ਵੀ ਹੋਏ ਹਨ।

## ਬਹਿਬਲ ਮੋਰਚੇ ਦਾ ਬੇਅਦਬੀ ਦੇ ਇਨਸਾਫ਼ ਲਈ ਧਰਨਾ ਜਾਰੀ

ਫਰੀਦਕੋਟ : ਬਹਿਬਲ ਕਲਾਂ ਬੇਅਦਬੀ ਇਨਸਾਫ਼ ਮੋਰਚੇ ਵੱਲੋਂ ਸੜਕੀ ਆਵਾਜਾਈ ਠੱਪ ਕਰ ਦਿੱਤੀ ਗਈ। ਸਰਕਾਰੀ ਪ੍ਰਤੀਨਿਧ ਵਜੋਂ ਐੱਸਡੀਐੱਮ ਜੈਤੋ ਡਾ. ਨਿਰਮਲ ਓਸੇਪਚਨ ਨੇ ਮੋਰਚੇ ਵਾਲੀ ਥਾਂ 'ਤੇ ਪੁੱਜ ਕੇ ਆਗੂਆਂ ਨਾਲ ਕਰੀਬ ਅੱਧਾ ਘੰਟਾ ਗੱਲਬਾਤ ਕੀਤੀ, ਪਰ ਮੰਗਾਂ ਦੀ ਪੂਰਤੀ ਤੱਕ ਡਟੇ ਰਹਿਣ ਦੀ ਗੱਲ ਕਹੇ ਜਾਣ 'ਤੇ ਉਹ ਵਾਪਸ ਚਲੇ ਗਏ। ਬਹਿਬਲ ਮੋਰਚੇ ਦੇ ਆਗੂ ਸੁਖਰਾਜ ਸਿੰਘ ਨਿਆਮੀਵਾਲਾ' ਨੇ ਕਿਹਾ ਕਿ ਜੇਕਰ ਮੌਜੂਦਾ ਸਰਕਾਰ ਬੇਅਦਬੀ ਮਾਮਲਿਆਂ ਦਾ ਇਨਸਾਫ ਦਿਵਾਉਣ ਲਈ ਸੁਹਿਰਦ ਹੁੰਦੀ ਤਾਂ ਹੁਣ ਤੱਕ ਗੋਲੀ ਕਾਂਡ ਮਾਮਲਿਆਂ ਦੀਆਂ ਚਲਾਨ ਰਿਪੋਰਟਾਂ ਅਦਾਲਤ ਵਿੱਚ ਪੇਸ਼ ਹੋ ਜਾਣੀਆਂ ਸਨ ਪਰ ਜੇਕਰ ਅਜੇ ਤੱਕ ਚਲਾਨ ਰਿਪੋਰਟਾਂ ਹੀ ਪੇਸ਼ ਨਹੀਂ ਕੀਤੀਆਂ

(ਬਾਕੀ ਸਫ਼ਾ 29 'ਤੇ)

# ਗੁਰਬਾਣੀ ਸ਼ਬਦਾਂ ਦਾ ਗਾਇਨ ਕਰਨ ਵਾਲੇ ਸਿੱਖ ਬੈਂਡ 'ਵਾਈਟ ਸਨ' ਨੂੰ ਮਿਲਿਆ ਗ੍ਰੈਮੀ ਐਵਾਰਡ

ਵਾਸ਼ਿੰਗਟਨ/ਏ.ਟੀ.ਨਿਊਜ਼ :- ਗੁਰੂਜਸ ਕੌਰ ਖਾਲਸਾ ਨੇ ਵ੍ਹਾਈਟ ਸੰਨ ਬੈਂਡ ਦੀ ਐਲਬਮ 'ਮਿਸਟਿਕ ਮਿਰਰ' ਵਿੱਚ ਗਾਇਨ ਕਰਕੇ ਗ੍ਰੈਮੀ ਐਵਾਰਡ ਹਾਸਲ ਕੀਤਾ ਹੈ। 'ਮਿਸਟਿਕ ਮਿਰਰ' ਸਤੰਬਰ 2022 ਨੂੰ ਰਿਲੀਜ ਹੋਈ ਸੀ। ਇਸ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚੋਂ ਤਿੰਨ ਸ਼ਬਦ ਲਏ ਗਏ ਹਨ, ਜਿਨ੍ਹਾਂ ਵਿੱਚ 'ਪਵਨ ਗੁਰੂ ਪਾਣੀ ਪਿਤਾ' ਸ਼ਬਦ ਵੀ ਸ਼ਾਮਿਲ ਹੈ। ਇਸ ਬੈਂਡ ਨੂੰ 2017 ਵਿੱਚ ਵੀ ਇਹ ਐਵਾਰਡ ਹਾਸਲ ਹੋ ਚੁੱਕਿਆ ਹੈ।

ਇਸ ਨੂੰ ਹਰੀਜੀਵਨ ਸਿੰਘ ਖ਼ਾਲਸਾ ਅਤੇ ਦਸਤਾਰਧਾਰੀ ਗੁਰੂਜੱਸ ਕੌਰ ਖ਼ਾਲਸਾ ਨੇ ਗਾਇਨ ਕੀਤਾ ਹੈ ਤੇ ਇਸ ਦੇ ਲਈ ਉਨ੍ਹਾਂ ਨੂੰ ਗ੍ਰੈਮੀ ਐਵਾਰਡ ਮਿਲਿਆ ਹੈ। ਗੁਰੂਜਸ ਕੌਰ ਖਾਲਸਾ ਨੇ ਆਪਣੇ ਟਵਿੱਟਰ ਹੈਂਡਲ 'ਤੇ ਇਸ ਬਾਰੇ ਲਿਖਿਆ ਹੈ, 'ਅਸੀਂ 'ਨਿਊ ਏਜ (ਨਵੇਂ ਯੁੱਗ), ਅਮਬਿਅੰਟ (ਸੁਖਦ) ਜਾਂ ਚਾਟ (ਸ਼ਬਦ ਉਚਾਰਨ' ਸ਼੍ਰੇਣੀ ਵਿੱਚ ਆਪਣੀ ਐਲਬਮ




'ਮਿਸਟਿਕ ਮਿਰਰ' ਲਈ ਹੁਣੇ ਇੱਕ ਗ੍ਰੈਮੀ ਐਵਾਰਡ ਜਿੱਤਿਆ ਹੈ। ਅਸੀਂ ਰਿਕਾਰਡਿੰਗ ਅਕਾਦਮੀ ਦਾ ਨਾ ਸਿਰਫ਼ ਸ਼ਾਨਦਾਰ ਐਵਾਰਡ ਪ੍ਰੋਗਰਾਮ ਲਈ ਧੰਨਵਾਦ ਕਰਨਾ ਚਾਹੁੰਦੇ ਹਾਂ, ਸਗੋਂ ਸੰਗੀਤ ਸਿਰਜਣਹਾਰਾਂ ਦੇ ਉਨ੍ਹਾਂ ਵੱਲੋਂ ਕੀਤੇ ਸਾਰੇ ਸ਼ਾਨਦਾਰ ਕੰਮ ਲਈ ਵੀ ਧੰਨਵਾਦ ਕਰਨਾ ਚਾਹੁੰਦੇ ਹਾਂ।' ਗੁਰੂਜਸ ਨੂੰ ਐਵਾਰਡ ਮਿਲਣ 'ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੰਸਟਾਗ੍ਰਾਮ ਪੋਸਟ 'ਤੇ ਵਧਾਈ ਦਿੱਤੀ।

ਗੁਰੂਜਸ ਦੇ ਅਧਿਆਪਕ ਹਰਜੀਵਨ ਸਿੰਘ ਦੀ ਵੈਬਸਾਈਟ ਮੁਤਾਬਕ ਗੁਰੂਜਸ ਕੌਰ ਖਾਲਸਾ ਅਮਰੀਕਾ ਦੇ ਲਾਸ-ਏਂਜਲਸ ਵਿੱਚ ਇੱਕ ਅਧਿਆਪਕ, ਸੰਗੀਤਕਾਰ ਅਤੇ ਵ੍ਹਾਈਟ ਸੰਨ ਵਿੱਚ ਮੁੱਖ ਗਾਇਕਾ ਹਨ। ਉਹ ਕੁੰਡਲਿਨੀ ਯੋਗਾ ਸਿਖਾਉਂਦੇ ਹਨ, ਜੋ ਇੱਕ ਅਨੁਭਵ-ਆਧਾਰਿਤ ਪ੍ਰਣਾਲੀ ਹੈ ਜਿਸ ਵਿੱਚ ਆਨੰਦ, ਪੂਰਤੀ ਅਤੇ ਪਿਆਰ ਦਾ ਵਿਗਿਆਨ ਸ਼ਾਮਲ ਹੁੰਦਾ ਹੈ। ਗੁਰੂਜਸ ਕਈ ਅਧਿਆਪਕ ਸਿਖਲਾਈ ਕੋਰਸਾਂ ਦਾ ਹਿੱਸਾ ਰਹੇ ਹਨ ਅਤੇ ਅਮਰੀਕਾ ਤੇ ਵਿਦੇਸ਼ਾਂ ਵਿੱਚ ਕੁੰਡਲਿਨੀ ਯੋਗਾ ਸਿਖਾਉਂਦੇ ਹਨ। ਉਹ ਆਪਣੇ ਅਧਿਆਪਕ ਹਰਜੀਵਨ ਦੇ ਅਧੀਨ ਗਿਆਨ ਲੈਂਦੇ ਹਨ, ਜਿਨ੍ਹਾਂ ਨੇ ਮਹਾਨ ਤਾਂਤਰਿਕ ਯੋਗੀ ਭਜਨ ਸਿੰਘ ਤੋਂ ਕੁੰਡਲਿਨੀ ਯੋਗ ਦਾ ਵਿਗਿਆਨ ਹਾਸਿਲ ਕੀਤਾ ਸੀ।

### ਕਦੋਂ ਹੋਂਦ ਵਿਚ ਆਇਆ ਵ੍ਹਾਈਟ ਸੰਨ

ਵ੍ਹਾਈਟ ਸੰਨ ਦੀ ਵੈਬਸਾਈਟ ਮੁਤਾਬਕ, ਇਹ ਇੱਕ ਸੰਗੀਤਕ ਗਰੁੱਪ ਹੈ ਜੋ 2015 ਵਿੱਚ ਲਾਸ ਏਂਜਲਸ, ਕੈਲੀਫੋਰਨੀਆ ਵਿੱਚ ਬਣਾਇਆ ਗਿਆ ਸੀ। ਇਸ ਨੂੰ ਬਣਾਉਣ ਲਈ ਗੁਰੂਜਸ, ਹਰਜੀਵਨ, ਅਤੇ ਐਡਮ ਬੇਰੀ ਸ਼ਾਮਲ ਹਨ। ਵ੍ਹਾਈਟ ਸੰਨ ਨੇ 2017 ਵਿੱਚ ਆਪਣੀ ਦੂਜੀ ਐਲਬਮ, ਵ੍ਹਾਈਟ ਸਨ 99, ਲਈ ਇੱਕ ਗ੍ਰੈਮੀ ਐਵਾਰਡ ਜਿੱਤਿਆ ਸੀ।

ਵ੍ਹਾਈਟ ਸੰਨ ਨੇ ਦੁਨੀਆਂ ਦੀਆਂ ਕੁਝ ਮਹਾਨ ਸੰਗੀਤਕ ਪ੍ਰਤਿਭਾਵਾਂ ਨਾਲ ਕੌਲੈਬਰੇਸ਼ਨ ਕੀਤਾ ਹੈ। ਇਸ ਸੂਚੀ ਵਿੱਚ 3-ਵਾਰ ਦੇ ਗ੍ਰੈਮੀ ਜੇਤੂ ਨਿਰਮਾਤਾ, ਗੀਤਕਾਰ ਅਤੇ ਸੰਗੀਤਕਾਰ ਮਾਰਕ ਬੈਟਸਨ, ਗ੍ਰੈਮੀ ਲਾਈਫ ਟਾਈਮ ਐਵਾਰਡ ਜੇਤੂ ਅਬ੍ਰਾਹਮ ਲੇਬੋਰੀਅਲ ਲੋਪੇਜ਼, 3-ਵਾਰ ਦਾ ਗ੍ਰੈਮੀ ਐਵਾਰਡ ਅਤੇ 6-ਵਾਰ ਦਾ ਲੈਟਿਨ ਗ੍ਰੈਮੀ ਪੁਰਸਕਾਰ ਜੇਤੂ ਸਣੇ ਆਸਕਰ ਜੇਤੂ ਏਆਰ ਰਹਿਮਾਨ ਤੇ ਕਈ ਹੋਰ ਵੀ ਸ਼ਾਮਿਲ ਰਹੇ ਹਨ।

## ਮਾਮਲਾ ਜਾਅਲੀ ਲੈਟਰਪੈਡ ਬਣਾਉਣ ਦਾ

# ਕੁਲਜੀਤ ਸਿੰਘ ਨੇ ਜਾਅਲੀ ਲੈਟਰਪੈਡ ਛਪਾ ਕੇ ਇਖਲਾਕੀ ਕੁਤਾਹੀ ਕੀਤੀ: ਸਿੱਖ ਪੰਚਾਇਤ

ਫਰੀਮਾਂਟ: ਗੁਰਦੁਆਰਾ ਸਾਹਿਬ ਫਰੀਮਾਂਟ ਦੀ ਚੋਣ ਜਿਉਂ ਜਿਉਂ ਨਜ਼ਦੀਕ ਆ ਰਹੀ ਹੈ, ਸਿੱਖ ਸੰਗਤ ਬੇਏਰੀਆ ਸਲੇਟ ਦੇ ਸਕੈਂਡਲ ਦਿਨੋਂ ਦਿਨ ਨਸ਼ਰ ਹੋ ਰਹੇ ਹਨ। ਪਿਛਲੇ ਹਫ਼ਤੇ ਹੀ ਇੱਕ ਨਵਾਂ ਸਕੈਂਡਲ ਸਾਹਮਣੇ ਆਇਆ ਜਿਸ ਵਿੱਚ ਕੁਲਜੀਤ ਸਿੰਘ ਨੇ 2020 ਵਿੱਚ ਆਪਣੇ ਆਪ ਹੀ ਗੁਰਦੁਆਰਾ ਸਾਹਿਬ ਦੇ ਲੈਟਰਪੈਡ ਛਪਾ ਲਏ ਹਾਲਾਂ ਕਿ ਉਸ ਵੇਲੇ ਕਚਹਿਰੀ ਵਿੱਚ ਕੇਸ ਵੀ ਚੱਲਦਾ ਸੀ। ਯਾਦ ਰਹੇ ਗੁਰਦੁਆਰਾ ਸਾਹਿਬ ਦੇ ਲੈਟਰਪੈਡ ਬਕਾਇਦਾ ਸੇਫ ਵਿੱਚ ਰੱਖੇ ਜਾਂਦੇ ਹਨ ਅਤੇ ਸੁਪਰੀਮ ਕੌਂਸਲ ਦੇ ਬਾਕੀ ਮੈਂਬਰਾਂ ਦੀ ਸਹਿਮਤੀ ਨਾਲ ਹੀ ਉਹ ਵਰਤੇ ਜਾ ਸਕਦੇ ਹਨ। ਇਸ ਇਖਲਾਕੀ ਕੁਤਾਹੀ ਕਰਕੇ ਮੌਜੂਦਾ ਸੁਪਰੀਮ ਕੌਂਸਲ ਨੇ ਕੁਲਜੀਤ ਸਿੰਘ ਨੂੰ ਕਾਰਣ ਦੱਸੋ ਨੋਟਿਸ ਵੀ ਜਾਰੀ ਕੀਤਾ ਹੈ।ਇੱਥੇ ਇਹ ਵਰਨਣਯੋਗ ਹੈ ਕਿ ਕੁਲਜੀਤ ਸਿੰਘ ਦੇ ਸਾਥੀ ਉਮੀਦਵਾਰ ਹਰਮਿੰਦਰ ਸਿੰਘ ਨੇ 2005-06 ਵਿੱਚ ਇਸੇ ਤਰਾਂ ਲੈਟਰਪੈਡ ਵਰਤ ਕੇ ਪੰਜਾਬ ਵਿੱਚ ਲੋਕਾਂ ਨੂੰ ਸਪਾਂਸਿਰਸ਼ਿੱਪ ਭੇਜਣ ਦਾ ਮੁੱਦਾ ਵੀ ਸਾਹਮਣੇ ਆਇਆ ਸੀ। ਕੁਲਜੀਤ ਸਿੰਘ ਵੱਲੋਂ ਛਪਾਏ ਲੈਟਰਪੈਡ ਦੇ ਕੋਈ ਸੀਰੀਅਲ ਨੰਬਰ ਨਹੀਂ ਇਸ ਲਈ ਇਹ ਸ਼ੱਕ ਕੀਤਾ ਜਾਂਦਾ ਹੈ ਕਿ ਕਿਧਰੇ ਇਹ ਚਿੱਠੀਆਂ ਜਾਂ ਸ਼ਪਾਂਸਰਸ਼ਿੱਪਾਂ ਲਈ ਨਾਂ ਵਰਤੇ ਗਏ ਹੋਣ। ਇਹ ਕਥਿਤ ਧਾਂਦਲੀਆਂ ਬਾਰੇ ਪਤਾ ਕਰਨ ਲਈ ਹੀ ਮੌਜੂਦਾ ਸੁਪਰੀਮ ਕੌਂਸਲ ਨੇ ਕੁਲਜੀਤ ਸਿੰਘ ਨੂੰ ਕਾਰਣ ਦੱਸੋ ਨੋਟਿਸ ਕੱਢਿਆ ਹੈ।

ਕੁਲਜੀਤ ਸਿੰਘ ਤੇ ਹਰਮਿੰਦਰ ਸਿੰਘ ਇਸ ਸਾਲ ਚੋਣਾਂ ਵਿੱਚ ਸਿੱਖ ਸੰਗਤ ਬੇਏਰੀਆ ਵੱਲੋਂ ਚੋਣ ਉਮੀਦਵਾਰ ਹਨ। ਇਹ ਦੋਵੇਂ ਅਤੇ ਹਰਜੀਤ ਸਿੰਘ 2020 ਤੋਂ ਹੀ ਵਿਵਾਦਾਂ ਵਿੱਚ ਘਿਰੇ ਰਹਿੰਦੇ ਹਨ। ਸਭ ਤੋਂ ਪਹਿਲਾਂ ਤਾਂ ਇਹਨਾਂ ਨੇ ਕਚਹਿਰੀ ਵਿੱਚ ਪੰਜ ਪਿਆਰਿਆਂ ਦੇ ਸਿਧਾਂਤ ਤੇ ਹੀ ਕਿੰਤੂ ਕਰ ਦਿੱਤਾ ਤੇ ਕਿਹਾ ਕਿ ਗੁਰਦੁਆਰਾ ਸਾਹਿਬ ਪੰਜ ਪਿਆਰਿਆਂ ਦੇ ਸਿਧਾਂਤ ਦੀ ਬਜਾਏ ਬੋਰਡ ਆਫ਼ ਡਾਇਰੈਕਟਰ ਚਲਾਉਣ। ਜੱਜ ਵੱਲੋਂ ਇਹਨਾਂ ਦੀਆਂ ਸਾਰੀਆਂ ਦਲੀਲਾਂ ਰੱਦ ਕਰਦੇ ਹੋਏ ਪੰਜ ਪਿਆਰਿਆਂ ਦੇ ਸਿਧਾਂਤ ਤੇ ਹੀ ਮੋਹਰ ਲਾਈ। ਇਹ ਸਾਰਾ ਕੋਰਟ ਕੇਸ ਇਹਨਾਂ ਦੇ ਗਰੁੱਪ ਵੱਲੋਂ ਹਰਜੀਤ ਸਿੰਘ ਦੀ ਰਹਿਨੁਮਾਈ ਵਿੱਚ ਲੜਿਆ ਗਿਆ ਜਿਸ ਨੇ ਜਾਅਲੀ ਵੋਟਾਂ ਦੇ ਨਾਲ ਨਾਲ ਸਿੱਖ ਸਿਧਾਂਤ ਨੂੰ ਤਿਲਾਂਜਲੀ ਦੇਣ ਵਾਲੀਆਂ ਦਲੀਲਾਂ ਦਿੱਤੀਆਂ। ਕੋਰਟ ਵਿੱਚ ਉਸ ਵੇਲੇ ਹੈਰਾਨੀ ਹੋਈ ਜਦੋਂ ਸਿੱਖ ਪੰਚਾਇਤ ਦੇ ਵਕੀਲ ਨੇ ਪਹਿਲਾ ਸੁਆਲ ਕੀਤਾ ਕਿ ਹਰਜੀਤ ਸਿੰਘ ਸਿਰਫ਼ ਇੱਕ ਬੰਦੇ ਦਾ ਨਾਮ ਦੱਸੋ ਤਾਂ ਇਹ ਇੱਕ ਵੀ ਨਾਮ ਨਾ ਪੇਸ਼ ਕਰ ਸਕਿਆ। ਇਹ ਪੈਰ ਪੈਰ ਤੇ ਗਵਾਈ ਦਿੰਦੇ ਝੂਠਾ ਸਾਬਤ ਹੋਇਆ। ਇਹਨਾਂ ਵੱਲੋਂ ਪਾਈ ਹਰੇਕ ਪਟੀਸ਼ਨ ਜੱਜ ਨੇ ਰੱਦ ਕੀਤੀ ਹੈ। ਇਹਨਾਂ ਨੇ ਇੱਥੇ ਹੀ ਸਾਹ ਨਹੀਂ ਲਿਆ ਸਗੋਂ ਸਿੱਖ ਪੰਚਾਇਤ ਵੱਲੋਂ 2020-2022 ਵੇਲੇ ਕਰੋਨਾ ਮਹਾਂਮਾਰੀ ਦੌਰਾਨ ਕੀਤੀ ਜਾ ਰਹੀ ਸੇਵਾ ਨੂੰ ਰੁਕਾਉਣ ਲਈ ਵੀ ਕੋਰਟ ਵਿੱਚ ਪਟੀਸ਼ਨ ਾਂ ਪਾਈਆਂ। ਇਹਨਾਂ ਵੱਲੋਂ ਇਸ ਸੰਕਟ ਵੇਲੇ ਸੇਵਾ ਕਰਨੀ ਜਾਂ ਚੁੱਪ ਰਹਿਣ ਦੀ ਬਜਾਏ ਉਲਟਾ ਬੇਲੋੜੀਆਂ ਰੁਕਾਵਟਾਂ ਅਤੇ ਸੇਵਾ ਕਰ ਰਹੇ ਸਿੱਖ ਪੰਚਾਇਤ ਦੇ ਸੇਵਾਦਾਰਾਂ ਨੂੰ ਡਰਾਇਆ ਧਮਕਾਇਆ। ਇਹਨਾਂ ਵੱਲੋਂ ਕੋਰਟ ਕੇਸ ਵਿੱਚ ਲਏ ਪੈਂਤੜੇ ਅਤੇ ਮਹਾਂਮਾਰੀ ਸਮੇਂ ਦੀ ਹਰਕਤਾਂ ਨੂੰ ਦੇਖਦੇ ਹੋਏ ਇਸ ਸਾਲ ਸੰਗਤ ਦਾ ਭਾਰੀ ਹਿੱਸਾ ਅਤੇ ਕੁੱਝ ਗਰੁੱਪ ਇਹਨਾਂ ਨਾਲੋਂ ਟੁੱਟ ਚੁੱਕੇ ਹਨ। ਇੱਕ ਅੰਦਾਜ਼ੇ ਮੁਤਾਬਕ ਇਸ ਸਾਲ ਸਿੱਖ ਪੰਚਾਇਤ 2000 ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਵੱਲ ਵੱਧ ਰਹੀ ਹੈ। ਸੰਗਤ ਵਿੱਚ ਇੱਕ ਗੱਲ ਆਮ ਪ੍ਰਚਲਿਤ ਹੈ ਕਿ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਾਫ਼ ਸੁਥਰਾ ਹੈ ਅਤੇ ਪੰਚਾਇਤ ਕੋਲ ਸੈਂਕੜੇ ਅਜਿਹੇ ਸੇਵਾਦਾਰ ਹਨ ਜੋ ਗੁਰੂਘਰ ਸੇਵਾ ਕਰਨ ਲਈ ਤਤਪਰ ਰਹਿੰਦੇ ਹਨ। ਬੇਏਰੀਆ ਦੀ ਸੰਗਤ ਇਸ ਚੋਣ ਨੂੰ ਚੋਣ ਅਖਾੜਾ ਨਹੀਂ ਸਗੋਂ ਇੱਕ ਪਾਸੜ ਸਿੱਖ ਪੰਚਾਇਤ ਦੇ ਹੱਕ ਵਿੱਚ ਅਗਾਂਹੂ ਫ਼ਤਵਾ ਹੀ ਮੰਨਦੀ ਹੈ।







"ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ, ਘਲਹਿ ਆਵੈ ਨਾਨਕਾ ਸੱਦਿ ਉਠਿ ਜਾਏ।"
ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਮਾਤਾ ਜੀ

ਸਰਦਾਰਨੀ ਇੰਦਰਜੀਤ ਕੌਰ
(ਸਵ: ਸ੍ਰ. ਗੁਰਦੇਵ ਸਿੰਘ ਬਦੇਸ਼ਾ USA)

ਮਿਤੀ 15 ਮਾਰਚ 2022 ਦਿਨ ਮੰਗਲਵਾਰ ਨੂੰ ਸਵਰਗ ਸੁਧਾਰ ਗਏ ਸਨ। ਉਹਨਾਂ ਦੀ ਯਾਦ ਅਤੇ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ

ਭੋਗ ਸ਼੍ਰੀ ਅਖੰਡ ਪਾਠ ਸਾਹਿਬ

ਮਿਤੀ 18 ਫਰਵਰੀ 2023 ਦਿਨ ਸ਼ਨੀਵਾਰ ਨੂੰ ਦਾਣਾ ਮੰਡੀ, ਮਲਸੀਆਂ ਰੋਡ, ਸ਼ਾਹਕੋਟ (ਜਲੰਧਰ) ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਅਤੇ ਸ਼ਬਦ ਕੀਰਤਨ ਵਿਖੇ 11-00 ਤੋਂ 1-00 ਵਜੇ ਤੱਕ ਹੋਵੇਗੀ। ਆਪ ਜੀ ਨੂੰ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

-: ਦੁਖੀ ਹਿਰਦੇ :-

ਸਮੂਹ ਬਦੇਸ਼ਾ ਪਰਿਵਾਰ
ਅਤੇ ਸਿਬੀਆ ਪਰਿਵਾਰ

ਹਰਦੇਵ ਸਿੰਘ ਪੀਤਾ 'ਬਲਾਕ ਪ੍ਰਧਾਨ, ਸ਼ਾਹਕੋਟ'
ਮੋਬਾ: 98143 - 71294
ਜੰਡ ਸਿੰਘ ਬਦੇਸ਼ਾ: 93890 - 00008


# ਐਲਕ ਗਰੋਵ ਦੀ ਮੇਅਰ ਬੌਬੀ ਸਿੰਘ-ਐਲਨ ਨੇ ਸਾਕਾ ਨਕੋਦਰ ਦੇ 37ਵੇਂ ਸ਼ਹੀਦੀ ਦਿਹਾੜੇ ਮੌਕੇ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਦਿੱਤੀ ਮਾਨਤਾ

ਕੈਲੀਫੋਰਨੀਆ/ਏ.ਟੀ.ਨਿਊਜ਼:- ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਐਲਕ ਗਰੋਵ ਦੀ ਮੇਅਰ ਬੌਬੀ ਸਿੰਘ-ਐਲਨ ਨੇ ਸਾਕਾ ਨਕੋਦਰ ਦੇ 37ਵੇਂ ਸ਼ਹੀਦੀ ਦਿਹਾੜੇ ਮੌਕੇ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ ਦਿੰਦਿਆਂ ਘੋਸ਼ਣਾ ਪੱਤਰ ਜਾਰੀ ਕੀਤਾ ਹੈ।

ਘੋਸ਼ਣਾ ਪੱਤਰ ਵਿੱਚ ਲਿਖਿਆ ਹੈ ਕਿ 4 ਫ਼ਰਵਰੀ 1986 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਜੋਂ ਸ਼ਾਂਤਮਈ ਰੋਸ ਮਾਰਚ ਕੱਢਣ ਮੌਕੇ ਪੰਜਾਬ ਪੁਲਿਸ ਨੇ ਨਿਹੱਥੇ ਸਿੱਖ ਨੌਜਵਾਨਾਂ ਰਵਿੰਦਰ ਸਿੰਘ, ਬਲਧੀਰ ਸਿੰਘ, ਝਿਲਮਣ ਸਿੰਘ ਅਤੇ ਹਰਮਿੰਦਰ ਸਿੰਘ ਨੂੰ ਕਤਲ ਕਰ ਦਿੱਤਾ ਸੀ ਅਤੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸ ਗੁਰੂ ਸਾਹਿਬਾਨ ਦੀ ਜਾਗਤ ਜੋਤ ਮੰਨਦੇ ਹਨ। ਇਸ ਦੁਖਦਾਈ ਘਟਨਾ ਨੂੰ ਵਾਪਰੇ 37 ਸਾਲਾਂ ਤੋਂ ਵੱਧ ਸਮੇਂ ਵਿੱਚ, ਪੀੜਤ ਪਰਿਵਾਰ ਸੱਚਾਈ, ਨਿਆਂ, ਜਵਾਬਦੇਹੀ ਅਤੇ ਨਿਬੇੜੇ ਲਈ ਲੜਨ ਦੇ ਆਪਣੇ ਯਤਨਾਂ ਵਿੱਚ ਅਡੋਲ ਰਹੇ। ਜਦੋਂ ਕਿ ਸਾਰੇ ਲੋਕਾਂ ਵਿੱਚ ਆਪਸੀ ਸਮਝ ਅਤੇ ਸਤਿਕਾਰ ਨੂੰ ਉਤਸ਼ਾਹਿਤ ਕਰਨ ਲਈ ਸਵੀਕਾਰਤਾ ਅਤੇ ਸ਼ਮੂਲੀਅਤ ਦੇ ਸਿਧਾਂਤਾਂ ਨੂੰ ਸਾਂਝਾ ਕਰਨਾ ਜਾਰੀ ਰੱਖਿਆ। ਹਰ ਸਾਲ ਦੁਨੀਆ ਭਰ ਦੇ ਭਾਈਚਾਰੇ ਅਤੇ ਸੰਸਥਾਵਾਂ ਸਮੇਤ ਕੈਲੀਫੋਰਨੀਆ ਰਾਜ ਵਿੱਚ ਬਹੁਤ ਸਾਰੇ ਲੋਕ, ਸਾਕਾ ਨਕੋਦਰ ਦਿਵਸ ਦੇ ਦੁਖਾਂਤ ਬਾਰੇ ਜਾਗਰੂਕਤਾ ਪੈਦਾ ਕਰਨ, ਪੀੜਤਾਂ ਲਈ ਨਿਆਂ ਯਕੀਨੀ ਬਣਾਉਣ ਅਤੇ ਸਾਰਿਆਂ ਲਈ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਚੱਲ ਰਹੇ ਯਤਨਾਂ ਦਾ ਸਮਰਥਨ ਕਰਨ, ਸਿੱਖ ਭਾਈਚਾਰੇ ਲਈ ਪੀੜ੍ਹੀ-ਦਰ-ਪੀੜ੍ਹੀ ਅਤੇ ਭਾਈਚਾਰਕ ਜ਼ਖਮਾਂ 'ਤੇ ਮਲ੍ਹਮ ਲਗਾਉਣ ਦੀ ਲੋੜ ਨੂੰ ਉਤਸ਼ਾਹਿਤ ਕਰਨ ਦੇ ਮੌਕੇ ਵਜੋਂ ਮਨਾਉਂਦੇ ਹਨ। ਐਲਕ ਗਰੋਵ ਦਾ ਸ਼ਹਿਰ ਇਸਦੀ ਵਿਭਿੰਨਤਾ ਨੂੰ ਪਛਾਣਨਾ ਚਾਹੁੰਦਾ ਹੋਇਆ ਭਾਈਚਾਰੇ ਅਤੇ ਸਾਰੇ ਨਿਵਾਸੀਆਂ ਨੂੰ ਅਮਰੀਕਾ ਵਿੱਚ ਰਹਿ ਰਹੇ ਸਿੱਖਾਂ ਦੀਆਂ ਇਨ੍ਹਾਂ ਸਾਖੀਆਂ ਨੂੰ ਸਮਝਣ, ਪਛਾਨਣ ਅਤੇ ਕਦਰ ਕਰਨ ਲਈ ਆਖਦਾ ਹੈ।

ਹੁਣ, ਇਸ ਲਈ, ਇਹ ਘੋਸ਼ਨਾ ਕੀਤੀ ਜਾਵੇ ਕਿ ਮੈਂ, ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ-ਐਲਨ, ਇੱਥੇ 4 ਫਰਵਰੀ, 2023 ਨੂੰ ਸਾਕਾ ਨਕੋਦਰ ਦਿਵਸ ਵਜੋਂ ਘੋਸ਼ਿਤ ਕਰਦੀ ਹਾਂ ਅਤੇ ਬਹੁਤ ਸਾਰੇ ਵਿਅਕਤੀਆਂ ਅਤੇ ਸੰਸਥਾਵਾਂ ਦੇ ਯਤਨਾਂ ਦੀ ਸ਼ਲਾਘਾ ਕਰਦੀ ਹਾਂ ਜੋ ਸਾਕਾ ਨਕੋਦਰ ਦੀ ਯਾਦ ਵਿੱਚ ਇਹ ਦਿਵਸ ਮਨਾਉਣ, ਮਨੁੱਖੀ ਅਧਿਕਾਰਾਂ ਨੂੰ ਬਰਕਰਾਰ ਰੱਖਣ, ਨਿਆਂ ਦੀ ਮਹੱਤਤਾ ਨੂੰ ਉਤਸ਼ਾਹਿਤ ਕਰਨ ਦੇ ਆਦਰਸ਼ਾਂ ਦਾ ਸਮਰਥਨ ਕਰਨ ਲਈ ਵਚਨਬੱਧ ਹਨ।








PROCLAMATION
Saka Nakodar Day
February 4, 2023

# ਸਿੱਖ ਪੰਚਾਇਤ ਦੀ ਸਲੇਟ
# SIKH PANCHAYAT SLATE

## ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਆਪਸੀ ਸਦਭਾਵਨਾ ਵਾਲਾ ਧਾਰਮਿਕ ਮਾਹੌਲ ਬਣਾਉਣ ਲਈ ਅਤੇ ਸੁਚੱਜਾ ਪ੍ਰਬੰਧ ਚਲਾਉਣ ਲਈ ਅਗਾਂਹ ਵਧੂ ਸੋਚ ਵਾਲੇ ਪੜ੍ਹੇ ਲਿਖੇ

# ਨਿਸ਼ਕਾਮ ਸੇਵਕਾਂ ਨੂੰ ਸੇਵਾ ਦਾ ਮੌਕਾ ਦਿਓ ਜੀ


ਹਰਪ੍ਰੀਤ ਸਿੰਘ ਬੈਂਸ
Harpreet Singh Bains


ਡਾ. ਜਸਪ੍ਰੀਤ ਸਿੰਘ ਅਟਵਾਲ
Dr. Jaspreet Singh Atwal


ਸੁਰਿੰਦਰਜੀਤ ਕੌਰ
Surinderjit Kaur


ਰਜਿੰਦਰ ਸਿੰਘ ਰਾਜਾ
Rajinder Singh Raja


ਜਸਵੰਤ ਸਿੰਘ
Jaswant Singh

## ਹਰਪ੍ਰੀਤ ਸਿੰਘ ਬੈਂਸ

ਦਾਸ ਕੈਲੀਫੋਰਨੀਆ ਵਿਚ ਹੀ ਵੱਡਾ ਹੋਇਆ ਅਤੇ CalPoly ਤੋਂ BSEE ਕੀਤੀ ਸੀ। 1992 ਤੋਂ ਮੈਂ ਬੇ ਏਰੀਆ ਵਿਚ ਰਹਿ ਰਿਹਾ ਹਾਂ ਅਤੇ ਫਰੀਮਾਂਟ ਗੁਰੂ ਘਰ ਵਿਚ ਆਉਂਦਾ ਹਾਂ। ਮੈਂ ਸਿਲੀਕਾਨ ਵੈਲੀ ਵਿਚ ਪਿਛਲੇ 28 ਸਾਲਾਂ ਤੋਂ ਡੀਜਾਈਨ ਇੰਜੀਨੀਅਰ ਦੇ ਤੌਰ ਤੇ ਕੰਮ ਕਰਦਾ ਹਾਂ ਜਿਨਾਂ ਵਿਚੋਂ ਦਸ ਕੁ ਸਾਲ Cisco Systems ਵਿਚ ਕੰਮ ਕੀਤਾ ਸੀ। 2015 ਤੋਂ ਮੈਂ Pure Storage ਵਿਚ ਆਰ ਡੀ ਦੇ ਮੈਨੇਜਰ ਦੇ ਤੌਰ ਉਤੇ ਕੰਮ ਕਰਦਾ ਆ ਰਿਹਾ ਹਾਂ। ਮੈਨੂੰ 2006 ਵਿਚ ਫਰੀਮਾਂਟ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਿਚ ਸੇਵਾ ਕਰਨ ਦਾ ਮੌਕਾ ਮਿਲਿਆ ਸੀ ਜਿਸ ਸਮੇਂ ਮੈਂ ਸਿੱਖ ਧਰਮ ਬਾਰੇ ਦੂਸਰਿਆ ਭਾਈਚਾਰਿਆਂ ਵਿਚ ਜਾਗਰੂਕਤਾ ਪੈਦਾ ਕਰਨ ਦੇ ਪ੍ਰੋਜੈਕਟ ਵਿਚ ਭਾਗ ਲਿਆ ਸੀ। ਮੈਂ ਸਿੱਖੀ ਸਿਧਾਂਤਾਂ ਨੂੰ ਪਿਆਰ ਕਰਦਾ ਹਾਂ ਅਤੇ ਸੰਗਤਾਂ ਅਤੇ ਨੌਜਵਾਨਾਂ ਲਈ ਭਾਵ ਪੂਰਤ ਪ੍ਰੋਗਰਾਮ ਚਾਲੂ ਕਰਨ ਦਾ ਹਾਮੀ ਹਾਂ। ਮੈਂ ਨੌਜਵਾਨਾਂ ਦੀਆਂ ਗਤੀ ਵਿਧੀਆ ਵਿਚ ਭਾਗ ਲੈਂਦਾ ਹਾਂ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਗੁਰੂ ਘਰ ਦੇ ਹਰ ਵਰਗ ਨੂੰ ਗੁਰਦੁਆਰਾ ਸਾਹਿਬ ਦੀਆਂ ਵਧੀਆ ਸੇਵਾਵਾਂ ਪ੍ਰਾਪਤ ਹੋਣ। ਸਾਡਾ ਉਦੇਸ਼ ਕੰਮ ਸਿੱਖ ਭਾਈਚਾਰੇ ਦਾ ਆਪਸੀ ਮੇਲ ਮਿਲਾਪ ਵਧਾ ਕੇ ਗੁਰਦੁਆਰਾ ਸਾਹਿਬ ਵਿਚ ਸੁਖਾਵਾਂ ਮਾਹੌਲ ਸਿਰਜਣ ਅਤੇ ਚੱਲ ਰਹੇ ਪ੍ਰੋਜੈਕਟਾਂ ਨੂੰ ਨੇਪਰੇ ਚਾੜਨ ਦਾ ਹੈ।

## ਡਾਕਟਰ ਜਸਪ੍ਰੀਤ ਸਿੰਘ ਅਟਵਾਲ

ਦਾਸ ਦਾ ਪਿਛੋਕੜ ਇਲੈਕਟਰਿਕ ਇੰਜਨੀਅਰਿੰਗ ਅਤੇ ਫਾਰਮੇਸੀ ਦਾ ਹੈ ਅਤੇ ਮੈਂ ਬਤੌਰ Pharmacist ਕੰਮ ਕਰਦਾ ਹਾਂ। ਮੈਂ 2009 ਤੋਂ ਗੁਰੂ ਘਰ ਫਰੀਮਾਂਟ ਦਾ ਮੈਂਬਰ ਹਾਂ। ਮੈਂ ਖਾਲਸਾ ਸਕੂਲ ਵਿਚ ਸੇਵਾ ਕੀਤੀ ਹੈ ਅਤੇ ਗੁਰਦੁਆਰਾ ਸਾਹਿਬ ਦੀ ਸਟੇਜ ਕਮੇਟੀ ਦਾ ਮੈਂਬਰ ਵੀ ਰਹਿ ਚੁਕਾ ਹਾਂ। ਮੈਂ ਬਰਕਲੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਮੁਫਤ ਫਲੂ ਸ਼ਾਟ (Flu Shot) ਦੀ ਸੇਵਾ ਕਰਦਾ ਹਾਂ। ਭਗਤ ਪੂਰਨ ਸਿੰਘ ਹੈਲਥ ਇਨੀਸ਼ਿਏਟਿਵ ਸੰਸਥਾ ਨਾਲ ਮਿਲ ਕੇ ਗੁਰਦਵਾਰਾ ਸਾਹਿਬ ਵਿੱਚ ਹੈਲਥ ਕੈਂਪ ਵੀ ਲਗਵਾਏ ਹਨ। ਭਾਈਚਾਰੇ ਦੇ ਹੋਰ ਪ੍ਰੋਜੈਕਟਾਂ ਵਿਚ ਵੀ ਭਾਗ ਲੈਂਦਾ ਹਾਂ ਜਿਵੇਂ ਕਿ ਸੈਨ ਫਰਾਂਸਿਸਕੋ ਦੇ Glide Memorial Church ਵਿਚ ਲੋੜਵੰਦਾ ਨੂੰ ਖਾਣਾ ਦੇਣਾ ਆਦਿ। ਮੈਂ ਗੁਰਦਵਾਰਾ ਸਾਹਿਬ ਵਿਚ ਸ਼ਾਤੀ ਭਰਪੂਰ ਅਤੇ ਪ੍ਰਸਪਰ ਪਿਆਰ ਅਤੇ ਮਿਲਵਰਤਨ ਦਾ ਮਾਹੌਲ ਪੈਦਾ ਕਰਨ ਲਈ ਵਚਨਬੱਧ ਹਾਂ।

## ਸੁਰਿੰਦਰਜੀਤ ਕੌਰ

ਮੈਂ ਸੁਰਿੰਦਰਜੀਤ ਕੌਰ ਪਿਛਲੇ 30 ਸਾਲਾਂ ਤੋਂ ਬੇਅ ਏਰੀਏ ਦੀ ਵਸਨੀਕ ਹਾਂ। ਸੈਨਹੋਜ਼ੇ ਸਟੇਟ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਪ੍ਰਾਪਤ ਕਰਨ ਉਪਰੰਤ ਪਿਛਲੇ 24 ਸਾਲਾਂ ਤੋਂ ਪਬਲਿਕ ਸਕੂਲ ਵਿੱਚ ਅਧਿਆਪਕਾ ਦੇ ਤੌਰ ਤੇ ਸੇਵਾ ਨਿਭਾ ਰਹੀ ਹਾਂ। ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਪ੍ਰਭੂਸੱਤਾ ਲਈ ਕੰਮ ਕਰਨ ਦੀ ਲਗਨ ਹੈ। ਸੁਪਰੀਮ ਕੌਂਸਲ ਵਿੱਚ ਚੁਣੇ ਜਾਣ ਮਗਰੋਂ, ਬੱਚਿਆਂ ਨੂੰ ਸਿੱਖੀ ਨਾਲ ਜੋੜਨਾ ਉਹਨਾਂ ਵਿੱਚ ਸੇਵਾ ਭਾਵਨਾ ਪੈਦਾ ਕਰਨੀ ਅਤੇ ਔਰਤਾਂ ਵਿੱਚ ਪੰਥਕ ਜਜ਼ਬਾ ਪੈਦਾ ਕਰਕੇ ਕਮਿਊਨਿਟੀ ਅਤੇ ਕੌਮੀ ਕਾਰਜਾਂ ਲਈ ਪ੍ਰੇਰਿਤ ਕਰਨਾ ਮੇਰਾ ਮੁੱਖ ਉਦੇਸ਼ ਹੋਵੇਗਾ।

## ਰਾਜਿੰਦਰ ਸਿੰਘ ਰਾਜਾ

ਦਾਸ ਬੇ ਏਰੀਆ ਵਿਚ 2002 ਤੋਂ ਰਹਿ ਰਿਹਾ ਹੈ ਅਤੇ ਟਰਾਂਸਪੋਰਟੇਸ਼ਨ ਦਾ ਕਾਰੋਬਾਰ ਕਰਦਾ ਹੈ। ਮੈਂ ਲੰਗਰ ਅਤੇ ਕਾਰ ਪਾਰਕਿੰਗ ਵਿਚ ਸੇਵਾ ਕਰਦਾ ਰਿਹਾ ਹਾਂ ਅਤੇ ਸਿੱਖ ਨੌਜਵਾਨ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦੇਣ ਦੇ ਉਦਮ ਵਿਚ ਵੀ ਹਿੱਸਾ ਲੈਂਦਾ ਹਾਂ। ਪਿਛਲੇ ਸਾਲਾਂ ਵਿਚ ਦਾਸ ਨੇ ਸੈਨ ਫਰਾਂਸਿਸਕੋ ਵਿਚ ਨਗਰ ਕੀਰਤਨ ਵਿਚ ਵੀ ਸੇਵਾਦਾਰ ਦੀ ਡਿਊਟੀ ਨਿਭਾਈ ਸੀ। ਦਾਸ ਜਵਾਨ ਬੱਚਿਆਂ ਲਈ ਨਵੇਂ ਪ੍ਰੋਗਰਾਮ ਲਿਆਉਣ ਵਿਚ ਦਿਲਚਸਪੀ ਰੱਖਦਾ ਹੈ ਅਤੇ ਭਾਈਚਾਰੇ ਦੇ ਸਾਰੇ ਵਰਗਾਂ ਨਾਲ ਰਲ ਕੇ ਸੇਵਾ ਕਰਨ ਵਿਚ ਯਕੀਨ ਰੱਕਦਾ ਹੈ। ਦਾਸ ਦੂਸਰੇ ਨੌਜਵਾਨਾਂ ਨੂੰ ਗੁਰੂ ਘਰ ਵਿਚ ਸੇਵਾ ਕਰਨ ਲਈ ਉਤਸ਼ਾਹਿਤ ਕਰਦਾ ਰਹੇਗਾ।

## ਜਸਵੰਤ ਸਿੰਘ

ਦਾਸ ਜਸਵੰਤ ਸਿੰਘ ਪਿਛਲੇ 25 ਸਾਲਾਂ ਤੋਂ ਬੇਅ ਏਰੀਏ ਵਿੱਚ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹਾਂ ਇਕਨਾਓਮਿਕਸ ਦੀ ਬੈਚੂਲਰ ਡਿਗਰੀ ਕੀਤੀ ਹੋਈ ਹੈ ਆਪਣਾ ਕਾਰੋਬਾਰ ਕਰਦਾ ਹੋਇਆ ਅਕਾਲ ਪੁਰਖ ਦੀ ਰਹਿਮਤ ਸਦਕਾ ਪੰਥਕ ਕਾਰਜਾਂ ਅਤੇ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਵਿੱਚ ਯੋਗਦਾਨ ਪਾਉਂਦਾ ਰਿਹਾ ਹਾਂ ਪਿਛਲੇ ਅਰਸੇ ਤੋ ਗੁਰਦੁਆਰਾ ਸਾਹਿਬ ਦੀ ਫਾਈਨੈਂਸ ਕਮੇਟੀ ਵਿੱਚ ਸੇਵਾ ਕਰਦਿਆ ਹੋਇਆ ਬੱਚਿਆਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦਾ ਹੋਇਆ ਉਹਨਾਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਤੇ ਉਨ੍ਹਾਂ ਵਿੱਚ ਪੰਥਕ ਜਜ਼ਬਾ ਪੈਦਾ ਕਰਨ ਲਈ ਹਮੇਸ਼ਾ ਯਤਨਸ਼ੀਲ ਰਿਹਾ ਹਾਂ ਸੁਪਰੀਮ ਕੌਂਸਲ ਲਈ ਚੁਣੇ ਜਾਣ ਮਗਰੋ ਦਿੱਲੀ ਇੱਛਾ ਹੈ ਕਿ ਕੌਮ ਦੇ ਸੁਨਿਹਿਰੀ ਭਵਿੱਖ ਲਈ ਆਪਣੇ ਇਸੇ ਮਿਸ਼ਨ ਤੇ ਹੋਰ ਦ੍ਰਿੜਤਾ ਨਾਲ ਕੰਮ ਕਰਦਾ ਰਹਾਂ।

**ਯਾਦ ਰੱਖਣਾ 12 ਮਾਰਚ 2023 ਨੂੰ ਆਪਣੀ ਵੋਟ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਹੀ ਪਾਉਣੀ ਜੀ।**

**WE NEED YOUR VOTE & SUPPORT IN GURDWARA SAHIB FREMONT SUPREME COUNCIL ELECTIONS ON MARCH 12, 2023**

# ਅਮਰੀਕਾ, ਕੈਨੇਡਾ ਅਤੇ ਫ਼ਰਾਂਸ ਦੇ ਗੁਰਦੁਆਰਿਆਂ 'ਚ ਮਨਾਇਆ ਗਿਆ ਸਾਕਾ ਨਕੋਦਰ ਦੇ ਸ਼ਹੀਦਾਂ ਦਾ 37ਵਾਂ ਸ਼ਹੀਦੀ ਦਿਹਾੜਾ












ਸੈਕਰਾਮੈਂਟੋ, ਕੈਲੀਫੋਰਨੀਆ/ਏ.ਟੀ.ਨਿਊਜ਼ :- ਸੈਨਹੋਜ਼ੇ ਦੇ ਸਿੱਖ ਗੁਰਦੁਆਰਾ ਸਾਹਿਬ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦੀ 37ਵੀਂ ਬਰਸੀ ਮਨਾਉਣ ਲਈ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਨੇ ਸ਼ਿਰਕਤ ਕੀਤੀ। ਡਾ. ਹਰਿੰਦਰ ਸਿੰਘ ਜੋ ਸ਼ਹੀਦਾਂ ਵਿੱਚੋਂ ਇੱਕ ਦੇ ਰਿਸ਼ਤੇਦਾਰ ਹਨ, ਨੇ ਇੱਕ ਸਲਾਈਡ ਸ਼ੋ ਦੀ ਵਰਤੋਂ ਕਰਦੇ ਹੋਏ ਦਸਤਾਵੇਜ ਦਿਖਾ ਕੇ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਜਜ਼ਬਾਤੀ ਪੇਸ਼ਕਾਰੀ ਕੀਤੀ ਜੋ ਇਹ ਦਰਸਾਉਂਦੀ ਹੈ ਕਿ ਕਿਵੇਂ ਰਾਜ ਦੇ ਅਧਿਕਾਰੀਆਂ, ਕਾਨੂੰਨ ਨਿਰਮਾਤਾਵਾਂ, ਪੁਲਿਸ ਅਤੇ ਨਿਆਂਪਾਲਿਕਾ ਦੁਆਰਾ ਨਿਆਂ ਵਿੱਚ ਦੇਰੀ ਕੀਤੀ ਗਈ, ਜਦੋਂ ਕਿ ਜ਼ਿਆਦਾਤਰ ਦੋਸ਼ੀਆਂ ਦੀ ਬਿਨ੍ਹਾਂ ਕਿਸੇ ਮੁਕੱਦਮੇ ਜਾਂ ਸਜ਼ਾ ਦਾ ਸਾਹਮਣਾ ਕਰਦੇ ਹੋਏ ਮੌਤ ਹੋ ਗਈ ਹੈ। ਜ਼ਿਆਦਾਤਰ ਗਵਾਹਾਂ ਦੀ ਮੌਤ ਹੋ ਗਈ ਹੈ ਅਤੇ ਪੀੜਤਾਂ ਦੇ ਮਾਤਾ-ਪਿਤਾ ਵਿੱਚੋਂ ਤਿੰਨ ਦੀ ਮੌਤ ਇਨਸਾਫ਼ ਤੋਂ ਬਿਨਾਂ ਹੋ ਗਈ ਹੈ। ਕੇਵਲ ਰਵਿੰਦਰ ਸਿੰਘ ਦੇ ਮਾਤਾ-ਪਿਤਾ ਅਜੇ ਜ਼ਿੰਦਾ ਹਨ ਅਤੇ ਉਨ੍ਹਾਂ ਨੇ ਸਥਾਨਕ, ਜ਼ਿਲ੍ਹਾ, ਸੂਬਾ ਅਤੇ ਕੇਂਦਰ ਦੇ ਹਰ ਪੱਧਰ 'ਤੇ ਇਨਸਾਫ਼ ਦੀ ਮੰਗ ਕੀਤੀ ਹੈ। ਰਾਜ ਦੇ ਗਠਿਤ ਜਾਂਚ ਕਮਿਸ਼ਨ ਦਾ ਸਿਰਫ਼ ਇੱਕ ਹਿੱਸਾ ਪ੍ਰਾਪਤ ਹੋਣ ਵਿੱਚ 33 ਸਾਲ ਲੱਗ ਗਏ ਅਤੇ ਬਾਕੀ ਦੀ ਰਿਪੋਰਟ ਅਜੇ ਵੀ ਦੱਬੀ ਹੋਈ ਹੈ। ਰਾਜ ਦੇ ਰਾਜਪਾਲ ਅਤੇ ਦੇਸ਼ ਦੇ ਰਾਸ਼ਟਰਪਤੀ ਕੋਲ ਦਾਇਰ ਸ਼ਿਕਾਇਤਾਂ, ਰਾਜ ਵਿਧਾਨ ਸਭਾ ਦੇ ਪ੍ਰਤੀਨਿਧਾਂ, ਮੁੱਖ ਮੰਤਰੀ, ਸੰਸਦ ਮੈਂਬਰਾਂ ਨੂੰ ਪਟੀਸ਼ਨਾਂ ਨੇ ਅੱਤਿਆਚਾਰ ਦੇ ਸਹਾਇਕਾਂ ਅਤੇ ਉਕਸਾਉਣ ਵਾਲਿਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਵਿੱਚ ਸਹਾਇਤਾ ਨਹੀਂ ਕੀਤੀ।

ਸ: ਸੁਖਦੇਵ ਸਿੰਘ ਬੈਨੀਵਾਲ ਇੰਚਾਰਜ ਧਾਰਮਿਕ ਮਾਮਲੇ ਅਤੇ ਸੈਨਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰਾਂ ਨੇ ਰਵਿੰਦਰ ਸਿੰਘ ਅਤੇ ਝਿਲਮਣ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕੀਤਾ ਅਤੇ ਸੈਨਹੋਜ਼ੇ ਸ਼ਹਿਰ ਅਤੇ ਸੈਂਟਾ ਕਲਾਰਾ ਦੀ ਕਾਉਂਟੀ ਵਿੱਚ ਸਾਕਾ ਨਕੋਦਰ ਦਿਵਸ ਦੇ ਐਲਾਨਨਾਮੇ ਦੇ ਪ੍ਰਬੰਧਾਂ ਵਿੱਚ ਇੱਕਜੁਟਤਾ ਨਾਲ ਖੜ੍ਹੇ ਹੋਣ ਅਤੇ ਸਹਿਯੋਗ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਅਤੇ ਸਪੀਕਰ ਨੂੰ ਵੀ ਅਪੀਲ ਕੀਤੀ ਕਿ ਉਹ ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਦੀ ਪੂਰੀ ਰਿਪੋਰਟ ਜਨਤਕ ਕਰਨ ਅਤੇ ਬਿਨਾਂ ਕਿਸੇ ਦੇਰੀ ਦੇ ਕਾਨੂੰਨ ਦੇ ਰਾਜ ਦੀ ਲੋੜ ਅਨੁਸਾਰ ਐਕਸ਼ਨ ਟੇਕਨ ਰਿਪੋਰਟ ਜਾਰੀ ਕਰਕੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ।

ਇਸੇ ਤਰ੍ਹਾਂ ਕੈਨੇਡਾ ਦੇ ਸਰੀ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਸਾਕਾ ਨਕੋਦਰ ਦੀ 37ਵੀਂ ਬਰਸੀ ਮਨਾਈ ਗਈ। ਇਸ ਮੌਕੇ ਬੁਲਾਰਿਆਂ ਵਿੱਚ ਸੁਨੀਲ ਕੁਮਾਰ, ਜੋ 1984 ਦੇ ਪੀੜਤਾਂ ਦੀ ਯਾਦ ਵਿੱਚ ਸਾਲਾਨਾ ਖ਼ੂਨਦਾਨ ਮੁਹਿੰਮ ਲਈ ਵਲੰਟੀਅਰੀ ਕਰਦੇ ਹਨ, ਨਾਲ ਹੀ ਰਣਜੀਤ ਸਿੰਘ, ਧਰਮ ਸਿੰਘ, ਗੁਰਮੀਤ ਸਿੰਘ ਤੂਰ, ਅਤੇ ਹਰਦੀਪ ਸਿੰਘ ਨਿੱਝਰ, ਜੋ ਗੁਰੂ ਨਾਨਕ ਸਿੱਖ ਗੁਰਦੁਆਰਾ ਸੁਸਾਇਟੀ ਸਰੀ ਦੇ ਪ੍ਰਧਾਨ ਵਜੋਂ ਸੇਵਾ ਨਿਭਾਉਂਦੇ ਹਨ, ਸ਼ਾਮਲ ਸਨ। ਸਮਾਗਮ ਦੌਰਾਨ ਸਾਕਾ ਨਕੋਦਰ ਦੇ ਸ਼ਹੀਦਾਂ ਦੇ ਰਿਸ਼ਤੇਦਾਰ ਜਤਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਬੌਬੀਨੀ, ਫਰਾਂਸ ਵਿੱਚ ਸਿੰਘ ਸਭਾ ਗੁਰਦੁਆਰਾ ਅਤੇ ਫੇਅਰਫੈਕਸ, ਵਰਜੀਨੀਆ, ਯੂ ਐਸ ਏ ਵਿੱਚ ਸਿੰਘ ਸਭਾ ਗੁਰਦੁਆਰਿਆਂ ਵਿੱਚ ਵੀ ਸਾਕਾ ਨਕੋਦਰ ਦੇ ਸ਼ਹੀਦਾਂ ਦਾ 37ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ।

## ਕੈਨੇਡੀਅਨ ਫ਼ੌਜ ਅਫ਼ਸਰ ਬਲਰਾਜ ਸਿੰਘ ਦਾ ਫੋਰਟੀਟਿਊਡ ਐਵਾਰਡ ਨਾਲ ਹੋਇਆ ਸਨਮਾਨ



ਕੈਲਗਰੀ/ਏ.ਟੀ.ਨਿਊਜ਼ :- ਦਸਤਾਰਧਾਰੀ ਬਲਰਾਜ ਸਿੰਘ ਦਿਓਲ ਸੈਕਿੰਡ ਲੈਫਟੀਨੈਂਟ-ਆਰਟਿਲਰੀ ਅਫ਼ਸਰ ਇਸ ਸਮੇਂ ਕੈਨੇਡਾ ਦੀ ਫ਼ੌਜ ਵਿਚ ਖਾਲਸਾ ਪੰਥ ਦੀ ਸ਼ਾਨ ਵਧਾ ਰਿਹਾ ਹੈ। ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਮਧਰੇ ਦਾ ਵਾਸੀ ਬਲਰਾਜ ਸਿੰਘ ਦਿਓਲ ਇਸ ਸਮੇਂ ਕੈਲਗਰੀ ਵਿਚ ਰਹਿ ਰਿਹਾ ਹੈ, ਜੋ ਕਿ 2008 ਵਿਚ ਕੈਨੇਡਾ ਆਇਆ ਸੀ।

ਦਿਓਲ ਨੇ ਦੱਸਿਆ ਕਿ ਉਹ ਐਮ.ਐਸ.ਸੀ. (ਕੈਮਿਸਟਰੀ) ਤੇ ਬੀ.ਐੱਡ ਪਾਸ ਨੇ ਇਕ ਦਵਾਈ ਕੰਪਨੀ ਵਿਚ ਵਿਗਿਆਨੀ ਵਜੋਂ 5 ਸਾਲ ਤੋਂ ਵੀ ਵਧ ਸਮਾਂ ਕੰਮ ਕੀਤਾ। ਉਪਰੰਤ ਕੈਂਸਰ ਤੇ ਮਾਨਸਿਕ ਰੋਗਾਂ ਬਾਰੇ ਖੋਜ ਕੀਤੀ। ਬਾਅਦ ਵਿਚ ਕੋਨਕੋਰਡੀਆ ਯੂਨੀਵਰਸਿਟੀ ਐਡਮਿੰਟਨ ਤੋਂ ਐਨਵਾਇਰਨਮੈਂਟਲ ਪਬਲਿਕ ਹੈਲਥ 'ਚ ਬੈਚਲਰ ਡਿਗਰੀ ਕਰਕੇ ਅਲਬਰਟਾ ਦੀਆਂ ਸਿਹਤ ਸੇਵਾਵਾਂ ਵਿਚ ਸਿਹਤ ਅਧਿਕਾਰੀ ਵਜੋਂ ਕੰਮ ਕੀਤਾ। ਉਨ੍ਹਾਂ ਕਿਹਾ ਕਿ ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਫ਼ੌਜ ਵਿਚ ਭਰਤੀ ਹੋਵੇਗਾ। 15 ਨਵੰਬਰ 2017 ਨੂੰ ਉਸ ਨੇ ਕੈਨੇਡੀਅਨ ਫੋਰਸਜ਼ ਦੀ 20 ਫੀਲਡ ਰੈਜਮੈਂਟ ਵਿਚ ਸੈਕਿੰਡ ਲੈਫਟੀਨੈਂਟ-ਆਰਟਿਲਰੀ ਅਫਸਰ ਵਜੋਂ ਸਹੁੰ ਚੁੱਕੀ। ਉਨ੍ਹਾਂ ਨੂੰ ਹੁਣ ਫੋਰਟੀਟਿਊਡ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ ਹੈ। ਇਹ ਐਵਾਰਡ ਉਸ ਮੈਂਬਰ ਨੂੰ ਦਿੱਤਾ ਜਾਂਦਾ ਹੈ ਜਿਸ ਨੂੰ ਆਪਣੇ ਸਾਥੀਆਂ ਦੀ ਨਜ਼ਰ ਵਿਚ ਵਾਤਾਵਰਣ ਜਨ ਸਿਹਤ ਦੇ ਖੇਤਰ ਵਿਚ ਇਕ ਖਾਸ ਚੁਣੌਤੀਪੂਰਨ ਸਥਿਤੀ ਨਾਲ ਨਜਿੱਠਣਾ ਪਿਆ ਹੈ। ਜਿਸ ਵਿਅਕਤੀ ਨੇ ਮੁਸ਼ਕਿਲ ਹਾਲਾਤ ਦੌਰਾਨ ਅਟੁੱਟ ਸਮਰਪਣ, ਲਗਨ ਅਤੇ ਪੇਸ਼ੇਵਰਤਾ ਦਿਖਾਈ ਹੈ।

## ਟੈਕਸਾਸ ਵਿੱਚ ਮੁਫ਼ਤ ਦਾ ਸਮਾਨ ਲੁੱਟਣ ਲਈ ਲੋਕ ਆਪਸ 'ਚ ਭਿੜੇ

### ਕਿਸੇ ਵੱਲੋਂ ਫੈਲਾਈ ਅਫ਼ਵਾਹ ਕਾਰਨ ਵਾਪਰੀ ਘਟਨਾ



ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ :- ਟੈਕਸਾਸ ਵਿਚ ਐਚ ਈ ਬੀ ਗਰੌਸਰੀ ਸਟੋਰ ਵੱਲੋਂ ਬਿਜਲੀ ਠੱਪ ਹੋ ਜਾਣ ਕਾਰਨ ਸਬਜ਼ੀਆਂ, ਫਲ ਤੇ ਖਰਾਬ ਹੋ ਜਾਣ ਵਾਲੀਆਂ ਹੋਰ ਵਸਤਾਂ ਨੂੰ ਬਾਹਰ ਸੁੱਟ ਦੇਣ ਉਪਰੰਤ ਕਿਸੇ ਵੱਲੋਂ ਫਰੀ ਫੂਡ ਦੀ ਪੋਸਟ ਪਾ ਦੇਣ ਦੀ ਰਿਪੋਰਟ ਹੈ। ਇਸ ਤੋਂ ਬਾਅਦ 250 ਤੋਂ ਵੱਧ ਲੋਕ ਮੁਫਤ ਦਾ ਖਾਣ ਪੀਣ ਦਾ ਸਮਾਨ ਲੁੱਟਣ ਲਈ ਆਪਸ ਵਿਚ ਭਿੜ ਗਏ। ਸਥਿਤੀ ਨੂੰ ਕੰਟਰੋਲ ਵਿਚ ਕਰਨ ਲਈ ਪ੍ਰਸ਼ਾਸਨ ਨੂੰ ਸਰਗਰਮ ਹੋਣਾ ਪਿਆ। ਟੈਰਵਿਸ ਕਾਊਂਟੀ ਦੇ ਕੰਸਟੇਬਲ ਜਾਰਜ ਮੋਰਾਲਸ ਨੇ ਪਾਈ ਇਕ ਵੱਖਰੀ ਪੋਸਟ ਵਿਚ ਲਿਖਿਆ ਕਿ ਇਹ ਫਰੀ ਫੂਡ ਨਹੀਂ ਹੈ ਬਲਕਿ ਸਟੋਰ ਵੱਲੋਂ ਸੁੱਟਿਆ ਖਰਾਬ ਹੋਇਆ ਸਮਾਨ ਹੈ। ਇਸ ਨੂੰ ਖਾਣਾ ਖਤਰਨਾਕ ਹੈ, ਸਟੋਰ ਨੇ ਵੀ ਚਿਤਾਵਨੀ ਦਿੱਤੀ ਹੈ ਕਿ ਉਸ ਵੱਲੋਂ ਸੁੱਟੀ ਖਾਣ ਵਾਲੀ ਕੋਈ ਵੀ ਚੀਜ਼ ਖਾਧੀ ਨਾ ਜਾਵੇ। ਇੱਥੇ ਜਿਕਰਯੋਗ ਹੈ ਕਿ ਪਿਛਲੇ ਹਫਤੇ ਆਏ ਬਰਫੀਲੇ ਤੂਫਾਨ ਕਾਰਨ 4 ਲੱਖ ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਠੱਪ ਹੋ ਗਈ ਸੀ।

## ਰੇਲ ਹਾਦਸੇ ਵਾਲੇ ਸਥਾਨ ਦੇ ਆਸ-ਪਾਸ ਹਵਾ ਤੇ ਪਾਣੀ ਦੀ ਗੁੱਣਵਤਾ ਕਾਇਮ, ਦੂਸਰੇ ਦਿਨ ਵੀ ਧੁਖ ਰਹੀ ਹੈ ਅੱਗ



ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ :- ਪੂਰਬੀ ਪੇਲਸਟਾਈਨ, ਓਹੀਓ ਵਿਚ ਬੀਤੇ ਦਿਨ ਹੋਏ ਭਿਆਨਕ ਰੇਲ ਹਾਦਸੇ ਉਪਰੰਤ ਰੇਲ ਗੱਡੀ ਨੂੰ ਲੱਗੀ ਅੱਗ ਦੂਸਰੇ ਦਿਨ ਵੀ ਪੂਰੀ ਤਰ੍ਹਾਂ ਨਹੀਂ ਬੁੱਝੀ। ਰੇਲ ਗੱਡੀ ਸੜ ਕੇ ਪੂਰੀ ਤਰਾਂ ਸਵਾਹ ਹੋ ਗਈ ਹੈ। ਪੇਲਸਟਾਈਨ ਦੇ ਮੇਅਰ ਟਰੈਂਟ ਕੋਨਾਵੇਅ ਨੇ ਸਥਾਨਕ ਵਾਸੀਆਂ ਨੂੰ ਯਕੀਨ ਨਾਲ ਕਿਹਾ ਹੈ ਕਿ ਰੇਲ ਗੱਡੀ ਨੂੰ ਲੱਗੀ ਅੱਗ ਕਾਰਨ ਨਿਕਲੇ ਜਬਰਦਸਤ ਧੂੰਏਂ ਦਾ ਆਸ-ਪਾਸ ਦੇ ਖੇਤਰ ਵਿਚ ਹਵਾ ਤੇ ਪਾਣੀ ਉਪਰ ਬੁਰਾ ਅਸਰ ਨਹੀਂ ਪਿਆ ਹੈ। ਅਧਿਕਾਰੀ ਵਾਤਾਵਰਣ ਉਪਰ ਲਗਾਤਾਰ ਨਜ਼ਰ ਰੱਖ ਰਹੇ ਹਨ। ਮੇਅਰ ਨੇ ਪੂਰਬੀ ਪੇਲਸਟਾਈਨ ਦੇ ਸਕੂਲ ਇਕ ਦਿਨ ਲਈ ਬੰਦ ਕਰਨ ਦਾ ਐਲਾਨ ਵੀ ਕੀਤਾ ਹੈ। ਰੇਲ ਗੱਡੀ ਦੇ ਕੁਲ 100 ਡੱਬੇ ਸਨ ਜਿਨ੍ਹਾਂ ਵਿਚੋਂ 20 ਡੱਬਿਆਂ ਵਿਚ ਖਤਰਨਾਕ ਸਮੱਗਰੀ ਭਰੀ ਹੋਈ ਸੀ। ਪੱਟੜੀ ਤੋਂ ਲੱਥੇ 10 ਡੱਬਿਆਂ ਵਿਚੋਂ 5 ਟੈਂਕਾਂ ਵਿਚ ਵਿਨਾਇਲ ਕਲੋਰਾਈਡ ਭਰਿਆ ਹੋਇਆ ਸੀ ਜੋ ਸਨਅੱਤੀ ਰਸਾਇਣ ਹੈ। ਸਮਝਿਆ ਜਾਂਦਾ ਹੈ ਕਿ ਇਹ ਰਸਾਇਣ ਹੀ ਅੱਗ ਲੱਗਣ ਦਾ ਕਾਰਨ ਬਣਿਆ ਹੈ।

# ਲਾਵਾਂ ਸਮੇਂ ਲਾੜੀ ਦੇ ਲਹਿੰਗਾ ਪਾਉਣ ’ਤੇ ਲਗਾਈ ਪਾਬੰਦੀ

## ਕਪੂਰਥਲਾ ਦੇ ਪਿੰਡ ਭਦਾਸ ਦੀ ਪੰਚਾਇਤ ਨੇ ਲਿਆ ਫ਼ੈਸਲਾ

**ਲਾਵਾਂ ਦਾ ਸਮਾਂ 12 ਵਜੇ ਤੋਂ ਪਹਿਲਾਂ ਦਾ ਹੋਵੇਗਾ ਤੇ 12 ਵਜੇ ਤੋਂ ਬਾਅਦ ਆਉਣ ਵਾਲੀ ਬਰਾਤ ਨੂੰ 11000 ਰੁਪਏ ਜੁਰਮਾਨਾ ਹੋਵੇਗਾ**



ਭਦਾਸ/ਏ.ਟੀ.ਨਿਊਜ਼ :- ਕਪੂਰਥਲਾ ਵਿਖੇ ਭੁਲੱਥ ਦੇ ਅਧੀਨ ਪੈਂਦਾ ਪਿੰਡ ਭਦਾਸ ਇਸ ਸਮੇਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦੱਸ ਦੇਈਏ ਕਿ ਪਿੰਡ ਦੀ ਗ੍ਰਾਮ ਪੰਚਾਇਤ ਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਪਿੰਡ ਦੀ ਭਲਾਈ ਲਈ ਇਕ ਅਹਿਮ ਫੈਸਲਾ ’ਤੇ ਕੁਝ ਸ਼ਰਤਾਂ ਲਾਗੂ ਕੀਤੀਆਂ ਹਨ।

ਇਕ ਮਤਾ ਪਾਸ ਕਰਦਿਆਂ ਅਹਿਮ ਗੱਲਾਂ ’ਤੇ ਮੋਹਰ ਲਗਾਈ ਗਈ, ਜਿਸ ਦੀ ਸਾਰੇ ਪਾਸਿਓਂ ਸ਼ਲਾਘਾ ਹੋ ਰਹੀ ਹੈ। ਪੰਚਾਇਤ ਨੇ ਫੈਸਲਾ ਲਿਆ ਹੈ ਕਿ ਵਿਆਹ ਮੌਕੇ ਲਾਵਾਂ ਸਮੇਂ ਲਾੜੀ ਦੇ ਲਹਿੰਗਾ ਪਾਉਣ ’ਤੇ ਪਾਬੰਦੀ ਹੋਵੇਗੀ। ਇਕ ਹੋਰ ਫੈਸਲਾ ਲੈਂਦਿਆਂ ਪੰਚਾਇਤ ਨੇ ਦੱਸਿਆ ਕਿ ਲਾਵਾਂ ਦਾ ਸਮਾਂ 12 ਵਜੇ ਤੋਂ ਪਹਿਲਾਂ ਦਾ ਹੋਵੇਗਾ ਤੇ 12 ਵਜੇ ਤੋਂ ਲੇਟ ਆਉਣ ਵਾਲੀ ਬਾਰਾਤ ਨੂੰ 11000 ਰੁਪਏ ਜੁਰਮਾਨਾ ਕੀਤਾ ਜਾਵੇਗਾ।

ਪਿੰਡ ਦੀ ਸਰਪੰਚ ਬੀਬੀ ਦੇ ਪਤੀ ਸਮਾਜ ਸੇਵਕ ਨਿਸ਼ਾਨ ਸਿੰਘ ਬਲਿਆਨੀਆ ਨੇ ਦੱਸਿਆ ਕਿ ਪਿੰਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਿੰਡ ਵਿਚ ਅਹਿਮ ਫੈਸਲਿਆਂ ਦਾ ਬੈਨਰ ਜਾਰੀ ਕਰਦੇ ਹੋਏ ਕਿਹਾ ਕਿ ਪਿੰਡ ਵਿਚ ਨਸ਼ਾ ਅਤੇ ਤੰਬਾਕੂ ਵਰਗੀਆ ਨਸ਼ੇ ਵਾਲੀਆਂ ਚੀਜ਼ਾਂ ਨੂੰ ਨਹੀਂ ਵੇਚਣ ਦਿੱਤਾ ਜਾਵੇਗਾ।

# ਸੌਦਾ ਸਾਧ ਦੀ ਪੈਰੋਲ ਰੱਦ ਕਰਨ ਬਾਰੇ ਸ਼੍ਰੋਮਣੀ ਕਮੇਟੀ ਨੇ ਪਟੀਸ਼ਨ ਲਈ ਵਾਪਸ

## ਨਸ਼ਿਆਂ ਦੇ ਮਾਮਲੇ ’ਚ ਸੌਦਾ ਸਾਧ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਚੁਣੌਤੀ



ਚੰਡੀਗੜ੍ਹ: ਡੇਰਾ ਸੌਦਾ ਮੁਖੀ ਰਾਮ ਰਹੀਮ ਨੂੰ ਵੱਡੀ ਰਾਹਤ ਮਿਲੀ ਹੈ। ਸ਼੍ਰੋਮਣੀ ਕਮੇਟੀ ਨੇ ਬੀਤੇ ਸੋਮਵਾਰ ਨੂੰ ਸੌਦਾ ਸਾਧ ਦੀ ਪੈਰੋਲ ਰੱਦ ਕਰਨ ਦੀ ਮੰਗ ਨੂੰ ਲੈ ਕੇ ਆਪਣੀ ਪਟੀਸ਼ਨ ਵਾਪਸ ਲੈ ਲਈ ਹੈ। ਦੱਸਿਆ ਜਾ ਰਿਹਾ ਹੈ ਕਿ ਹਾਈਕੋਰਟ ਨੇ ਇਸ ਪਟੀਸ਼ਨ ’ਤੇ ਇਤਰਾਜ਼ ਜਤਾਇਆ ਸੀ, ਜਿਸ ਤੋਂ ਬਾਅਦ ਇਸ ਨੂੰ ਵਾਪਸ ਲੈ ਲਿਆ ਗਿਆ ਸੀ। ਚੌਥੀ ਵਾਰ ਪੈਰੋਲ ਮਿਲਣ ’ਤੇ ਡੇਰਾ ਮੁਖੀ ਦੇ ਨਾਲ-ਨਾਲ ਹਰਿਆਣਾ ਸਰਕਾਰ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।

ਉਧਰ, ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੇ ਸਪੱਸ਼ਟ ਕਿਹਾ ਹੈ ਕਿ ਹੁਣ ਉਹ ਪਟੀਸ਼ਨ ਵਿਚਲੀਆਂ ਕਮੀਆਂ ਨੂੰ ਦੂਰ ਕਰਕੇ ਜਲਦੀ ਹੀ ਨਵੀਂ ਪਟੀਸ਼ਨ ਦਾਇਰ ਕਰਨਗੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਡੇਰਾ ਮੁਖੀ ’ਤੇ ਸਿੱਖਾਂ ਦੇ ਵਿਸ਼ਵਾਸ ਨੂੰ ਭੜਕਾਉਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਡੇਰਾ ਮੁਖੀ ਨੂੰ ਸਾਲ ਵਿੱਚ ਚੌਥੀ ਵਾਰ ਪੈਰੋਲ ਦਿੱਤੀ ਜਾ ਰਹੀ ਹੈ। ਦੂਜੇ ਪਾਸੇ ਜਦੋਂ ਸੌਦਾ ਸਾਧ ਦੀ ਥਾਂ ਕੋਈ ਹੋਰ ਸਿੱਖ ਕੈਦੀ ਇਕ ਵਾਰ ਪੈਰੋਲ ਲੈਣ ਤੋਂ ਬਾਅਦ ਦੂਜੀ ਵਾਰ ਪੈਰੋਲ ਦੀ ਮੰਗ ਕਰਦਾ ਹੈ ਤਾਂ ਉਸ ਨੂੰ ਇਨਕਾਰ ਕਰ ਦਿੱਤਾ ਜਾਂਦਾ ਹੈ।

**ਪੈਰੋਲ ਦੌਰਾਨ 3 ਗੀਤ ਲਾਂਚ ਕੀਤੇ ਗਏ**

ਦੱਸ ਦੇਈਏ ਕਿ ਸਾਲ 2022 ’ਚ ਸਾਧਵੀ ਦੇ ਜਿਨਸੀ ਸ਼ੋਸ਼ਣ ਅਤੇ ਪੱਤਰਕਾਰ ਦੀ ਹੱਤਿਆ ਦੇ ਮਾਮਲੇ ’ਚ ਸਜ਼ਾ ਕੱਟ ਰਹੇ ਸੌਦਾ ਸਾਧ 91 ਦਿਨਾਂ ਤੱਕ ਜੇਲ੍ਹ ਤੋਂ ਬਾਹਰ ਰਿਹਾ। ਜਦਕਿ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਸ ਤੋਂ ਪਹਿਲਾਂ 40 ਦਿਨਾਂ ਲਈ ਪੈਰੋਲ ’ਤੇ ਬਾਹਰ ਆਏ ਸੌਦਾ ਸਾਧ ਨੇ ਨਸ਼ਿਆਂ ’ਤੇ ਤਿੰਨ ਗੀਤ ਵੀ ਲਾਂਚ ਕੀਤੇ ਸਨ। ਫਿਲਹਾਲ ਸੌਦਾ ਸਾਧ ਉੱਤਰ ਪ੍ਰਦੇਸ਼ ਦੇ ਬਾਗਪਤ ’ਚ ਬਰਨਾਵਾ ਸਥਿਤ ਡੇਰਾ ਸੱਚਾ ਸੌਦਾ ਆਸ਼ਰਮ ’ਵਿਚ ਰਹਿ ਰਿਹਾ ਹੈ।

**ਸੌਦਾ ਸਾਧ ਨੇ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਚੁਣੌਤੀ**

ਡੇਰਾ ਮੁਖੀ ਦਾ ਇਹ ਬਿਆਨ ਉਦੋਂ ਵੀ ਸਾਹਮਣੇ ਆਇਆ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੈਰੋਲ ਵਿਰੁੱਧ ਪਟੀਸ਼ਨ ਦਾਇਰ ਕੀਤੀ ਸੀ। ਉਨ੍ਹਾਂ ਸ਼੍ਰੋਮਣੀ ਕਮੇਟੀ ਦਾ ਨਾਂ ਲਏ ਬਿਨਾਂ ਸ਼੍ਰੋਮਣੀ ਕਮੇਟੀ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਤੁਸੀਂ ਸਿਰਫ਼ ਆਪਣੇ ਧਰਮ ਦੇ ਲੋਕਾਂ ਦਾ ਨਸ਼ਾ ਛੁਡਾਓ, ਸਾਡੀ ਚੁਣੌਤੀ ਹੈ, ਖੁੱਲ੍ਹੇ ਮੈਦਾਨ ਵਿੱਚ ਆ ਜਾਓ। ਰਾਮ ਰਹੀਮ ਨੇ ਰਾਮ ਦੇ ਨਾਂ ’ਤੇ ਨਸ਼ਾ ਛੱਡਣ ਦੀ ਗੱਲ ਕਹੀ ਸੀ, ਤਾਂ ਜੋ ਸਮਾਜ ਸੁਧਰ ਸਕੇ, ਬਾਕੀ ਗੱਲਾਂ ਬਾਅਦ ’ਵਿਚ ਕਰਦੇ ਰਹੋ।

# ਬਰਤਾਨੀਆ ’ਚ ਈਸਾਈ ਭਾਈਚਾਰਾ ਸਸਕਾਰ ਦੇ ਢੰਗਾਂ ਨੂੰ ਬਦਲੇਗਾ, ਵਾਤਾਵਰਣ ਅਨੁਕੂਲ ਢੰਗ ਅਪਣਾਏਗਾ

## ਚਰਚ ਆਫ਼ ਇੰਗਲੈਂਡ ਨੇ ਅੰਤਿਮ ਸਸਕਾਰ ’ਤੇ ਕੀਤਾ ਵਿਚਾਰ



ਲੰਡਨ/ਏ.ਟੀ.ਨਿਊਜ਼ :- ਹੌਲੀ-ਹੌਲੀ, ਪਰ ਵਿਸ਼ਵ ਵਾਤਾਵਰਣ ਪ੍ਰਤੀ ਜਾਗਰੂਕ ਹੋ ਰਿਹਾ ਹੈ। ਸਸਕਾਰ ਦੇ ਢੰਗ ਬਦਲ ਰਹੇ ਹਨ।ਬੀਤੇ ਦਿਨੀਂ ਬਰਤਾਨੀਆ ਵਿੱਚ ਈਸਾਈ ਧਰਮ ਦੀਆਂ ਵੱਖ-ਵੱਖ ਸੰਪਰਦਾਵਾਂ ਹਜ਼ਾਰਾਂ ਸਾਲਾਂ ਬਾਅਦ ਸਸਕਾਰ ਨੂੰ ਵਾਤਾਵਰਣ ਦੇ ਅਨੁਕੂਲ ਬਣਾਉਣ ਲਈ ਇਕੱਠੀਆਂ ਹੋਈਆਂ ਸਨ। ਉਨ੍ਹਾਂ ਨੇ ਅੰਤਿਮ ਸਸਕਾਰ ਦੇ ਧਾਰਮਿਕ, ਵਿਹਾਰਕ ਅਤੇ ਪ੍ਰੰਪਰਾਗਤ ਵਿਚਾਰਾਂ ਨੂੰ ਧਿਆਨ ਵਿਚ ਰੱਖਦੇ ਹੋਏ ਪ੍ਰਦੂਸ਼ਣ ਨੂੰ ਘਟਾਉਣ ਦੇ ਤਰੀਕਿਆਂ ’ਤੇ ਵਿਚਾਰ ਕੀਤਾ ਸੀ।

ਦਾ ਗਾਰਡੀਅਨ ਡਾਟ ਕਾਮ ਅਨੁਸਾਰ ਬ੍ਰਿਟੇਨ ਦੇ ਚਰਚ ਆਫ ਇੰਗਲੈਂਡ ਸਮੇਤ ਪ੍ਰਮੁੱਖ ਈਸਾਈ ਸੰਪਰਦਾਵਾਂ ਦੀਆਂ ਚਰਚਾਂ ਨੇ ਬੀਤੇ ਹਫਤੇ ਆਯੋਜਿਤ ਇਕ ਆਮ ਸਭਾ ਵਿਚ ਲਾਸ਼ਾਂ ਨੂੰ ਜਲਾਉਣ ਜਾਂ ਦਫਨਾਉਣ ਦੀ ਬਜਾਏ ਪਾਣੀ ਵਿਚ ਸਾੜਨ ਜਾਂ ਖਾਦ ਬਣਾਉਣ ਬਾਰੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਦੇ ਨਾਲ ਹੀ ਵੱਖ-ਵੱਖ ਦੇਸ਼ਾਂ ਵਿੱਚ ਅੰਤਿਮ ਸੰਸਕਾਰ ਦੇ ਵਾਤਾਵਰਣ ਪੱਖੀ ਤਰੀਕਿਆਂ ਦਾ ਵੀ ਪਤਾ ਲਗਾਇਆ ਗਿਆ।ਬੈਠਕ ਵਿਚ ਮੌਜੂਦ ਆਰਚ ਬਿਸ਼ਪ ਡੌਚਿਨ ਨੇ ਕਿਹਾ- ਅੰਤਿਮ ਸਸਕਾਰ ਦੇ ਨਵੇਂ ਤਰੀਕਿਆਂ ਨੂੰ ਅਪਨਾਉਣ ’ਤੇ ਝਿਜਕ ਹੈ, ਪਰ ਕੋਈ ਗਲਤਫਹਿਮੀ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ- ਨਸਲਵਾਦ ਵਿਰੋਧੀ ਕਾਰਕੁਨ ਅਤੇ ਕੇਪ ਟਾਊਨ ਦੇ ਆਰਚਬਿਸ਼ਪ ਡੈਸਮੰਡ ਟੂਟੂ ਦੇ ਮ੍ਰਿਤਕ ਸਰੀਰ ਦਾ ਇੱਕ ਸਾਲ ਇਕਵਾਵੇਸ਼ਨ ਕਰਵਾਇਆ ਗਿਆ ਸੀ। ਦੁਨੀਆ ਭਰ ਵਿੱਚ ਈਸਾਈ ਧਰਮ ਦੇ ਲਗਭਗ 240 ਕਰੋੜ ਪੈਰੋਕਾਰ ਹਨ। ਇਹ ਵਿਸ਼ਵ ਦੀ ਅਬਾਦੀ ਦਾ 30% ਹੈ।

ਇਥੇ ਜ਼ਿਕਰਯੋਗ ਹੈ ਕਿ ਦੁਨੀਆ ਦੇ ਕੁਝ ਦੇਸ਼ਾਂ ਵਿੱਚ ਇਕਵਾਵੇਸ਼ਨ ਦੁਆਰਾ ਸਸਕਾਰ ਕਰਨ ਦੀ ਪ੍ਰਥਾ ਹੈ। ਸਰਲ ਭਾਸ਼ਾ ਵਿੱਚ ਸਮਝੀਏ ਤਾਂ ਇਸ ਦਾ ਅਰਥ ਪਾਣੀ ਵਿੱਚ

(ਬਾਕੀ ਸਫ਼ਾ 29 ’ਤੇ)

# ਬਿਜਲੀ ਸਟੇਸ਼ਨਾਂ ਅਤੇ ਵਿਸ਼ੇਸ਼ ਬੁਨਿਆਦੀ ਢਾਂਚੇ ਨੂੰ ਨਸ਼ਟ ਕਰਨ ਲਈ ਸਾਜਿਸ਼ ਰਚਣ ਦੇ ਦੋਸ਼ਾਂ ਤਹਿਤ 2 ਗ੍ਰਿਫ਼ਤਾਰ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ :- ਬਾਲਟੀਮੋਰ ਖੇਤਰ ਵਿੱਚ ਬਿਜਲੀ ਸਬ ਸਟੇਸ਼ਨਾਂ ਨੂੰ ਨਸ਼ਟ ਕਰਨ ਲਈ ਸਾਜਿਸ਼ ਰਚਣ ਤੇ ਫਲੋਰਿਡਾ ਵਿਚ ਵਿਸ਼ੇਸ਼ ਬੁਨਿਆਦ ਢਾਂਚੇ ਨੂੰ ਨਿਸ਼ਾਨਾ ਬਣਾਉਣ ਲਈ ਯੋਜਨਾ ਬਣਾਉਣ ਦੇ ਦੋਸ਼ਾਂ ਤਹਿਤ ਪੁਲਿਸ ਨੇ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਵਿਚ ਇਕ ਔਰਤ ਸ਼ਾਮਲ ਹੈ। ਇਹ ਖੁਲਾਸਾ ਸੰਘੀ ਅਧਿਕਾਰੀਆਂ ਨੇ ਕੀਤਾ ਹੈ।

ਡਿਸਟ੍ਰਿਕਟ ਆਫ ਮੈਰੀਲੈਂਡ ਦੇ ਅਟਾਰਨੀ ਦੇ ਦਫਤਰ ਅਨੁਸਾਰ ਸਾਰਾਹ ਬੈਥ ਕਲੈਨਡੈਨੀਅਲ ਤੇ ਬਰੈਨਡਨ ਕਲਿੰਟ ਰਸਲ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ ਗੋਲੀਬਾਰੀ ਦੁਆਰਾ ਬਿਜਲੀ ਗਰਿਡਾਂ ਨੂੰ ਨਸ਼ਟ ਕਰਨ ਦੀ ਸਾਜਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਹਨ।

ਕਲੈਨਡੈਨੀਅਲ ਨੇ ਕਥਿੱਤ ਤੌਰ ’ਤੇ ਮੰਨਿਆ ਹੈ ਕਿ ਉਹ ਪੂਰੇ ਸ਼ਹਿਰ ਨੂੰ ਤਬਾਹ ਕਰਨਾ ਚਾਹੁੰਦੀ ਸੀ ਤੇ ਉਸ ਨੇ ਬਾਲਟੀਮੋਰ ਦੇ ਆਸ-ਪਾਸ ਸਥਿਤ 5 ਬਿਜਲੀ ਸਬ ਸਟੇਸ਼ਨਾਂ ਨੂੰ ਤਬਾਹ ਕਰਨ ਦੀ ਯੋਜਨਾ ਬਣਾਈ ਸੀ। ਅਟਾਰਨੀ ਦੇ ਦਫਤਰ ਵੱਲੋਂ ਦਰਜ ਕਰਵਾਈ ਫੌਜਦਾਰੀ ਸ਼ਿਕਾਇਤ ਅਨੁਸਾਰ ਰਸਲ ਨਵ-ਨਾਜ਼ੀਵਾਦ ਦੇ ਅੱਤਵਾਦੀ ਗਰੁੱਪ ਦਾ ਮੈਂਬਰ ਹੈ ਜਿਸ ਦੀਆਂ ਕਈ ਰਾਜਾਂ ਵਿੱਚ ਇਕਾਈਆਂ ਹਨ।

ਉਸ ਨੇ ਫਲੋਰਿਡਾ ਵਿੱਚ ਅਹਿਮ ਬੁਨਿਆਦੀ ਢਾਂਚੇ ਨੂੰ ਤਬਾਹ ਕਰਨ ਦੀ ਯੋਜਨਾ ਬਣਾਈ ਸੀ। ਮੈਰੀਲੈਂਡ ਯੂ ਐਸ ਅਟਾਰਨੀ ਏਰਕ ਬੈਰਨ ਨੇ ਜਾਰੀ ਇਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਗ੍ਰਿਫਤਾਰ ਸ਼ੱਕੀ ਦੋਸ਼ੀਆਂ ਦੇ ਯੋਜਨਾਬੱਧ ਹਮਲਿਆਂ ਕਾਰਨ ਲੋਕਾਂ ਦੀ ਜਾਨ ਨੂੰ ਖਤਰਾ ਪੈਦਾ ਹੋ ਜਾਣਾ ਸੀ ਤੇ ਅੱਤ ਦੀ ਸਰਦੀ ਦੌਰਾਨ ਬਿਨਾਂ ਬਿਜਲੀ ਹਨੇਰੇ ਵਿੱਚ ਰਹਿਣ ਲਈ ਮਜਬੂਰ ਹੋਣਾ ਪੈਣਾ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh   Manager: Pardeep Singh   Sub: Editor: Balwinderpal Singh, Sarbjeet Kaur Sarb   Online Interview Host: Balraj Pannu

Proof Editor: Prabhjot Kaur   Designer: Anil Kumar   Content Composer: Amritpal Singh   US Distributor: Amritsar Times Inc.   Owner: Amritsar Times Pvt Ltd

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਹਿੰਡਨਬਰਗ ਦੀ ਰਿਪੋਰਟ ਦੇ ਖ਼ੁਲਾਸੇ ’ਤੇ ਕੋਹਰਾਮ ਕਿਉਂ?




- ਪਹਿਲਾਂ ਵੀ ਹੋ ਚੁੱਕੇ ਨੇ ਅਰਬਾਂ-ਖ਼ਰਬਾਂ ਦੇ ਘੋਟਾਲੇ
- ਨਹੀਂ ਹੋਈ ਅੱਜ ਤੱਕ ਕਿਸੇ ’ਤੇ ਕੋਈ ਵੱਡੀ ਕਾਰਵਾਈ

ਹਿੰਡਨਬਰਗ ਦੀ ਰਿਪੋਰਟ ਦੇ ਖੁਲਾਸੇ ਤੋਂ ਬਾਅਦ ਅੰਡਾਨੀ ਗਰੁੱਪ ਦੀਆਂ ਕੰਪਨੀਆਂ ਦੇ ਸ਼ੇਅਰਾਂ ਵਿੱਚ ਲਗਾਤਾਰ ਗਿਰਾਵਟ ਜਾਰੀ ਹੈ। ਕਿਹਾ ਜਾਂਦਾ ਹੈ ਕਿ ਨਰਿੰਦਰ ਮੋਦੀ ਦੇ ਦੋਸਤ ਅੰਡਾਨੀ ਗਰੁੱਪ ਦੀ ਦੌਲਤ ਅੱਧੋਂ ਵੱਧ ਰੁੜ੍ਹ ਗਈ ਹੈ। ਬਜਟ ਸੈਸ਼ਨ ਵੀ ਇਸੇ ਹੀ ਰੌਲੇ ਗੌਲੇ ਵਿੱਚ ਨਿੱਕਲ ਗਿਆ। ਵਿੱਤ ਮੰਤਰੀ ਨਿਰਮਲਾ ਸੀਤਾਰਮਨ “ਸਭ ਠੀਕ ਹੈ” ਦਾ ਰਾਗ ਅਲਾਪ ਰਹੇ ਹਨ। ਮੀਡੀਆ ਦਾ ਕੰਮ ਹਰ ਖ਼ਬਰ ਦੀ ਤਹਿ ਤੱਕ ਜਾਣਾ ਹੁੰਦਾ ਹੈ ਪਰ ਉਹੀ ਮੀਡੀਆ ਕਹਿ ਰਿਹਾ ਹੈ ਹੈ ਕਿ ਹਿੰਡਨਬਰਗ ਦੀ ਰਿਪੋਰਟ ਭਾਰਤ ਤੇ ਹਮਲਾ ਹੈ। ਹਿੰਡਨਬਰਗ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ। ਤੁਹਾਨੂੰ ਦੱਸ ਦਈਏ ਕਿ ਹਿੰਡਨਬਰਗ ਇੱਕ ਜਹਾਜ਼ ਸੀ ਜੋ ਕਿ ਗੈਸ ਨਾਲ ਚਲਦਾ ਸੀ ਤੇ ਕੱਪੜੇ ਦਾ ਬਣਿਆ ਹੋਇਆ ਸੀ। ਇਹ ਜਹਾਜ਼ 800 ਫੁੱਟ ਦਾ ਸੀ। ਦੱਸਿਆ ਜਾਂਦਾ ਹੈ ਕਿ ਇਹ ਜਹਾਜ਼ 1937 ਦੇ ਵਿੱਚ 8 ਤੋਂ 10 ਚੱਕਰ ਜਰਮਨੀ ਤੋਂ




ਅਮਰੀਕਾ ਦੇ ਲਗਾ ਚੁੱਕਾ ਸੀ। ਹਿਟਲਰ ਦੀ ਤਾਂ ਇਹ ਸ਼ਾਨ ਓ ਸ਼ੌਕਤ ਦਾ ਪਰਤੀਕ ਸੀ ਯਾਨੀ ਕਿ ਜਰਮਨੀ ਦੀ ਸਰਦਾਰੀ ਦਾ ਪਰਤੀਕ। ਫਿਰ 1937 ਦੇ ਵਿੱਚ ਜਿਸ ਵੇਲੇ ਇਹ ਜਹਾਜ਼ ਥੱਲੇ ਉੱਤਰ ਰਿਹਾ ਸੀ ਉਸੇ ਵੇਲੇ ਹੀ ਜਹਾਜ਼ ਵਿੱਚ ਅੱਗ ਲੱਗ ਗਈ ਤੇ 30 - 35 ਸਕਿੰਟਾਂ ਦੇ ਵਿੱਚ ਇਹ ਜਹਾਜ਼ ਤਬਾਹ ਹੋ ਗਿਆ। ਇਸ ਦੇ ਨਾਲ ਹੀ ਏਅਰਸ਼ਿਪ ਦਾ ਜ਼ਮਾਨਾ ਵੀ ਖ਼ਤਮ ਹੋ ਗਿਆ। ਸਵਾਲ ਇਹ ਉੱਠਦਾ ਹੈ ਕਿ ਜੋ ਕੰਮ ਹਿੰਡਨਬਰਗ ਕਰ ਰਿਹਾ ਹੈ ਉਹ ਸੇਬੀ (SEBI) ਨੇ ਕਿਉਂ ਨਹੀਂ ਕੀਤਾ। ਅਸਲ ਵਿੱਚ ਸੇਬੀ (SEBI) ਦਾ ਕੰਮ ਹੀ ਹਿੰਡਨਬਰਗ ਕਰ ਗਿਆ। ਸਭ ਤੋਂ ਵੱਡੀ ਗੱਲ ਸਰਕਾਰ ਦੀ ਚੁੱਪੀ, ਸੇਬੀ (SEBI) ਦੀ ਚੁੱਪੀ, ਈ.ਡੀ., ਇਨਕਮ ਟੈਕਸ ਅਤੇ ਕਾਰਪੋਰੇਟ ਅਫੇਅਰਸ ਮਿਨਿਸਟਰੀ ਸਭ ਦੀ ਇਸ ਮਸਲੇ ਤੇ ਚੁੱਪੀ ਬੜੇ ਸਵਾਲ ਖੜੇ ਕਰਦੀ ਹੈ। ਗੇਮ ਵੱਡੀ ਹੈ ਤੇ ਸਮਝਣ ਵਾਲੇ ਸਮਝਦੇ ਵੀ ਨੇ । ਇਹ ਤਾਂ ਸੀ ਹਿੰਡਨਬਰਗ ਦੁਆਰਾ ਕੀਤਾ ਗਿਆ ਖੁਲਾਸਾ, ਇਸ ਤੋਂ ਇਲਾਵਾ ਤੁਹਾਨੂੰ ਯਾਦ ਹੋਣਾ ਹੈ ਕਿ ਜਦੋਂ ਅੰਡਾਨੀ ਇੰਟਰਪ੍ਰਾਈਜ਼ਜ਼ ਦੇ ਜਹਾਜ਼ ਤੇ ਚੜ੍ਹ ਕੇ ਪ੍ਰਧਾਨ ਮੰਤਰੀ ਮੋਦੀ ਪ੍ਰਚਾਰ ਲਈ ਜਾਂਦੇ ਨੇ ਤਾਂ ਉਹ ਪਾਰਲੀਮੈਂਟ ਵਿੱਚ 303 ਦਾ ਅੰਕੜਾ ਪਾਰ ਕਰਦੇ ਨੇ ਤੇ ਓਧਰੋਂ ਅੰਬਾਨੀ ਤੇ ਅੰਡਾਨੀ ਅਮੀਰੀ ਪੱਖੋਂ ਦੂਜੇ ਨੰਬਰ ਤੇ ਹੁੰਦੇ ਹਨ। ਹਿੰਡਨਬਰਗ ਨੇ ਆਪਣਾ ਕੰਮ ਕਰ ਦਿੱਤਾ ਹੈ ਭਾਵੇਂ ਸਵਾਲ ਇਹ ਵੀ ਨੇ ਕਿ ਹਿੰਡਨਬਰਗ ਵਰਗੀਆਂ ਰਿਪੋਰਟਾਂ ਕਿਉਂ ਬਣਦੀਆਂ ਨੇ ਤੇ ਇਸ ਦੇ ਕੀ ਫ਼ਾਇਦੇ ਹੁੰਦੇ ਨੇ ? ਸਿੱਧੀ ਗੱਲ ਇਹ ਹੈ ਕਿ ਇਹ ਇੱਕ ਕੰਪਨੀ ਹੈ ਤੇ ਇਹ ਉਨ੍ਹਾਂ ਦਾ ਵਪਾਰ ਹੈ। ਜੋ ਕੁੱਝ ਵੀ ਹੈ ਉਹ ਵਪਾਰ ਕਰਦੇ ਨੇ ਤੇ ਕਾਨੂੰਨੀ ਜਾਮਾ ਪਹਿਨਾ ਕੇ ਕਰਦੇ ਨੇ । ਇਹ ਕੋਈ ਪਹਿਲਾ ਕਿੱਸਾ ਨਹੀਂ ਹੈ ਇਸ ਵਰਗੀਆਂ ਕਈ ਰਿਪੋਰਟਾਂ ਆਈਆਂ ਅਤੇ ਅਸੀਂ ਭੁੱਲ ਗਏ। 1992 ਵਿੱਚ ਹਰਸ਼ਦ ਮਹਿਤਾ ਦਾ ਸਕੈਮ ਸੀ। ਉਹ 5 ਹਜ਼ਾਰ ਕਰੋੜ ਰੁਪਏ ਦਾ ਘਪਲਾ ਸੀ ਤੇ ਉਸ ਨੂੰ 9 ਸਾਲ ਦੀ ਸਜ਼ਾ ਹੋਈ। ਕੇਤਨ ਪਾਰਖ ਦਾ ਦੂਸਰਾ ਸਕੈਮ ਸੀ ਤੇ ਇਹ 20 ਹਜ਼ਾਰ ਕਰੋੜ ਰੁਪਏ ਦਾ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਕੇਤਨ ਪਾਰਖ ਹਰਸ਼ਦ ਮਹਿਤਾ ਦਾ ਅਸਿਸਟੈਂਟ ਸੀ। ਆਖ਼ਰ ਜੋ ਗੁਰੂ ਨੇ ਕੀਤਾ ਉਹੀ ਚੇਲੇ ਨੇ। ਤੀਸਰਾ ਸਕੈਮ ਸੱਤਿਅਮ ਦਾ ਸੀ। ‘ਵਾਏ ਸਕੈਮਸ ਆਰ ਹੇਅਰ ਟੂ ਸਟੇਅ’ ‘ਐਨ ਰਾਮ’ ਦੀ ਕਿਤਾਬ ਅਨੁਸਾਰ 2000 ਤੋਂ 2013 (ਬਾਕੀ ਸਫ਼ਾ 29 ’ਤੇ)

# ਦੇਸ਼ ਦੇ ਸਾਂਸਦਾਂ ’ਚ ਹਰਸਿਮਰਤ ਕੌਰ ਬਾਦਲ ਕੋਲ ਹੈ ਸਭ ਤੋਂ ਵੱਧ ਜਾਇਦਾਦ, ਦਸ ਸਾਲਾਂ ਵਿੱਚ ਹੋਇਆ ਕਰੋੜਾਂ ਦਾ ਵਾਧਾ

ਦੇਸ਼ ਦੇ ਸਾਂਸਦਾਂ ਵਿੱਚ ਪੰਜਾਬ ਦੇ ਬਠਿੰਡੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸਾਂਸਦ ਹਰਸਿਮਰਤ ਕੌਰ ਬਾਦਲ ਦੀ ਜਾਇਦਾਦ ਵਿੱਚ ਪਿਛਲੇ ਦਸ ਸਾਲਾਂ ਵਿੱਚ ਸਭ ਤੋਂ ਵੱਧ ਵਾਧਾ ਹੋਇਆ ਹੈ। ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਦੀ ਦੌਲਤ ਵਿੱਚ 2009 ਤੋਂ 2019 ਤੱਕ 261% ਦਾ ਵਾਧਾ ਹੋਇਆ ਹੈ। ਉਨ੍ਹਾਂ ਦੀ ਚਲ ਅਚਲ ਜਾਇਦਾਦ ਇਨ੍ਹਾਂ ਦਸ ਸਾਲਾਂ ਵਿੱਚ 60.99 ਕਰੋੜ ਤੋਂ ਵਧ ਕੇ 217.99 ਕਰੋੜ ਤੱਕ ਪਹੁੰਚ ਗਈ ਹੈ।

ਏ.ਡੀ.ਆਰ. (ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਸ) ਅਤੇ ਨੈਸ਼ਨਲ ਇਲੈਕਸ਼ਨ ਵਾਚ ਦੇ 71 ਸਾਂਸਦਾਂ ਦੇ ਵੱਲੋਂ ਸਵੈ ਘੋਸ਼ਿਤ ਗਵਰਨਮੈਂਟ ਦੀ ਤੁਲਨਾਤਮਕ ਪੜਚੋਲ ਵਿੱਚ ਇਸਦਾ ਖੁਲਾਸਾ ਹੋਇਆ ਹੈ। ਹਰਸਿਮਰਤ ਕੌਰ ਦੇਸ਼ ਦੇ ਟੌਪ-10 ਸਾਂਸਦਾਂ ਵਿੱਚੋਂ ਜਾਇਦਾਦ ਦੇ ਵਾਧੇ ਦੇ ਮਾਮਲੇ ਵਿੱਚ ਪਹਿਲੇ ਨੰਬਰ ’ਤੇ ਹਨ।

ਹਰਸਿਮਰਤ ਕੌਰ ਦੀ 2009 ਦੇ ਲੋਕ ਸਭਾ ਚੋਣਾਂ ਦੇ ਸਮੇਂ ਕੁੱਲ ਜਾਇਦਾਦ 60 ਕਰੋੜ 31 ਲੱਖ 135 ਰੁਪਏ ਸੀ, ਜੋ 2014 ਵਿੱਚ 1 ਅਰਬ 8 ਕਰੋੜ 16 ਲੱਖ 64 ਹਜ਼ਾਰ 910 ਰੁਪਏ ਹੋ ਗਈ। ਇਸੇ ਤਰ੍ਹਾਂ ਉਨ੍ਹਾਂ ਦੀ ਜਾਇਦਾਦ ਵਿੱਚ 157.68 ਕਰੋੜ ਰੁਪਏ ਦੇ ਵਾਧੇ ਦੇ ਬਾਅਦ 2019 ਵਿੱਚ ਕੁੱਲ ਜਾਇਦਾਦ 2 ਅਰਬ 17 ਕਰੋੜ 99 ਲੱਖ ਰੁਪਏ ਪਹੁੰਚ ਗਈ ਹੈ।

ਇਸ ਤੋਂ ਇਲਾਵਾ ਪੰਜਾਬ ਦੇ ਹੀ ਲੁਧਿਆਣਾ ਸ਼ਹਿਰ ਤੋਂ ਕਾਂਗਰਸ ਪਾਰਟੀ ਦੇ ਸਾਂਸਦ ਰਵਨੀਤ ਬਿੱਟੂ ਦੀ ਜਾਇਦਾਦ ’ਚ



ਤਿੰਨ ਕਰੋੜ ਦਾ ਵਾਧਾ ਹੋਇਆ ਹੈ। ਉਹ ਕੁੱਲ 5.42 ਕਰੋੜ 81 ਹਜ਼ਾਰ ਰੁਪਏ ਦੀ ਜਾਇਦਾਦ ਦੇ ਮਾਲਕ ਹਨ। ਬਿੱਟੂ 2009 ਵਿੱਚ ਸ਼੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਚੋਣ ਜਿੱਤੇ ਸਨ।

ਇਸ ਤੋਂ ਬਾਅਦ ਉਹ 2 ਚੁਣਾਵ ਲੁਧਿਆਣਾ ਤੋਂ ਜਿੱਤੇ। 2009 ’ਚ ਉਨ੍ਹਾਂ ਦੀ ਜਾਇਦਾਦ 2 ਕਰੋੜ 18 ਲੱਖ 21 ਹਜ਼ਾਰ 443 ਰੁਪਏ ਸੀ, ਜੋ 2014 ’ਚ 3 ਕਰੋੜ 15 ਲੱਖ, 9 ਹਜ਼ਾਰ ਅਤੇ 2019 ’ਚ ਉਨ੍ਹਾਂ ਦੀ ਕੁੱਲ ਜਾਇਦਾਦ 3 ਕਰੋੜ 59 ਲੱਖ ਪਹੁੰਚ ਗਈ।

ਜੰਗਲਾਤ ਘੁਟਾਲੇ ਵਿੱਚ ਸ਼ਾਮਲ ਪੰਜਾਬ ਦੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਵੀ ਹੁਣ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜਾਂਚ ’ਚ ਉਸ ਦੀ ਆਮਦਨ ਜਾਣੂ ਸਰੋਤਾਂ ਤੋਂ ਕਰੀਬ 269 ਫੀਸਦੀ ਜ਼ਿਆਦਾ ਪਾਈ ਗਈ ਹੈ।

ਵਿਜੀਲੈਂਸ ਬਿਊਰੋ ਨੇ ਸਾਬਕਾ ਜੰਗਲਾਤ ਮੰਤਰੀ ਧਰਮਸੋਤ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 13(1)(ਬੀ), 13(2) ਤਹਿਤ ਐਫ.ਆਈ.ਆਰ. ਦਰਜ ਕੀਤੀ ਸੀ। ਵਿਜੀਲੈਂਸ ਦੀ ਪੜਤਾਲ ਦੌਰਾਨ 1 ਮਾਰਚ 2016 ਤੋਂ 31 ਮਾਰਚ 2022 ਤੱਕ ਦੇ ਤਫ਼ਤੀਸ਼ ਸਮੇਂ ਦੌਰਾਨ ਧਰਮਸੋਤ ਅਤੇ ਉਸਦੇ ਪਰਿਵਾਰ ਦੀ ਆਮਦਨ 2,37,12,596 ਰੁਪਏ ਸੀ, ਜਦਕਿ ਖਰਚਾ 8,76,30,888 ਰੁਪਏ ਸੀ।

ਸਾਬਕਾ ਮੰਤਰੀ ਦਾ ਖਰਚ 6,39,18,292 ਰੁਪਏ ਆਮਦਨ ਦੇ ਜਾਣੇ-ਪਛਾਣੇ ਸਰੋਤਾਂ ਤੋਂ ਵੱਧ ਗਿਆ, ਜੋ ਕਿ ਲਗਭਗ 269 ਪ੍ਰਤੀਸ਼ਤ ਜ਼ਿਆਦਾ ਹੈ।

ਇਸ ਤੋਂ ਇਲਾਵਾ ਹਰਿਆਣਾ ਦੇ ਗੁਰੂਗ੍ਰਾਮ ਤੋਂ ਭਾਜਪਾ ਸਾਂਸਦ ਰਾਓ ਇੰਦਰਜੀਤ ਸਿੰਘ ਦੀ ਜਾਇਦਾਦ ’ਚ 35 ਕਰੋੜ ਦਾ ਵਾਧਾ ਹੋਇਆ ਹੈ। ਰਾਓ ਇੰਦਰਜੀਤ ਸਿੰਘ ਦੀ ਕੁੱਲ ਜਾਇਦਾਦ 2009 ਦੇ ਲੋਕ ਸਭਾ ਚੋਣ ਸਮੇਂ 6 ਕਰੋੜ 73 ਲੱਖ 83 ਹਜ਼ਾਰ 257 ਰੁਪਏ ਸੀ। 2014 ਵਿੱਚ ਉਨ੍ਹਾਂ ਦੀ ਜਾਇਦਾਦ 25 ਕਰੋੜ 6 ਲੱਖ, 98 ਹਜ਼ਾਰ ਸੀ, ਜੋ 2019 ਦੇ ਲੋਕ ਸਭਾ ਚੋਣ ਵਿੱਚ ਵਧ ਕੇ 42 ਕਰੋੜ 9 ਲੱਖ 70 ਹਜ਼ਾਰ ਪਹੁੰਚ ਗਈ।

## ਈ.ਡੀ. ਨੇ ਸਿਆਸਤਦਾਨਾਂ ’ਤੇ ਕੱਸਿਆ ਸ਼ਿਕੰਜਾ

### 2009 ਤੋਂ ਬਾਅਦ 71 ਸਾਂਸਦਾਂ ਦੀ ਜਾਇਦਾਦ ’ਚ 286 ਪ੍ਰਤੀਸ਼ਤ ਦਾ ਵਾਧਾ

ਲੋਕ ਸਭਾਵਾਂ ਲਈ 2009 ਅਤੇ 2019 ਦੇ ਵਿਚਕਾਰ ਫਿਰ ਤੋਂ ਨਿਰਵਾਚਿਤ 71 ਸਾਂਸਦਾਂ ਦੀ ਜਾਇਦਾਦ ਵਿੱਚ ਔਸਤਨ 286 ਪ੍ਰਤੀਸ਼ਤ ਵਾਧਾ ਹੋਇਆ ਹੈ ਅਤੇ ਸਭ ਤੋਂ ਵੱਧ ਵਾਧਾ ਭਾਜਪਾ ਦੇ ਰਮੇਸ਼ ਚੰਦੱਪਾ ਜਿਗਾਜਿਨਾਗੀ ਦੀ ਜਾਇਦਾਦ ਵਿੱਚ ਹੋਇਆ ਹੈ।



ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਸ (ਏ.ਡੀ.ਆਰ.) ਦੀ ਬੀਤੇ ਦਿਨੀਂ ਜਾਰੀ ਕੀਤੀ ਇੱਕ ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ ਗਈ।

ਇਸ ਰਿਪੋਰਟ ਦੇ ਅਨੁਸਾਰ, ਕਰਨਾਟਕਾ ਦੇ ਸਾਂਸਦ ਰਮੇਸ਼ ਚੰਦੱਪਾ ਜਿਗਾਜਿਨਾਗੀ ਦੇ ਕੋਲ 2009 ਦੇ ਕਰੀਬ 1.18 ਕਰੋੜ ਰੁਪਏ ਦੀ ਜਾਇਦਾਦ ਸੀ , ਜੋ 2014 ਵਿੱਚ ਵਧ ਕੇ 8.94 ਕਰੋੜ ਰੁਪਏ ਅਤੇ 2019 ਵਿੱਚ 50.41 ਕਰੋੜ ਰੁਪਏ ਹੋ ਗਈ। ਉਨ੍ਹਾਂ ਦੀ ਜਾਇਦਾਦ ਵਿੱਚ 4,189 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।

ਏ.ਡੀ.ਆਰ. ਨੇ ਭਾਜਪਾ ਨੇਤਾ ਦੁਆਰਾ ਸਬੰਧਤ ਸਾਲਾਂ ਵਿੱਚ ਲੋਕ ਸਭਾ ਚੋਣਾਂ ਦੇ ਦੌਰਾਨ ਜਮ੍ਹਾ ਕੀਤੇ ਗਏ ਹਲਫ਼ਨਾਮਿਆਂ ਦਾ ਹਵਾਲਾ ਦੇ ਕੇ ਇਹ ਜਾਣਕਾਰੀ ਦਿੱਤੀ।

ਸਾਲ 2019 ਵਿੱਚ ਲਗਾਤਾਰ ਛੇਵੀਂ ਵਾਰ ਲੋਕ ਸਭਾ ਚੋਣਾਂ ਲਈ ਨਿਰਵਾਚਿਤ ਹੋਏ ਜਿਗਾਜਿਨਾਗੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਿਛਲੀ ਸਰਕਾਰ ਦੇ ਦੌਰਾਨ ਜੁਲਾਈ 2016 ਤੋਂ ਮਈ, 2019 ਤੱਕ ਕੇਂਦਰੀ ਸੁਰੱਖਿਆ ਰਾਜ ਮੰਤਰੀ ਸਨ। ਉਹ ਕਰਨਾਟਕਾ ਦੇ ਬੀਜਾਪੁਰ ਤੋਂ ਨਿਰਵਾਚਿਤ ਹੁੰਦੇ ਰਹੇ ਹਨ।

ਏ.ਡੀ.ਆਰ. ਨੈਸ਼ਨਲ ਇਲੈਕਸ਼ਨ ਵਾਚ ਦੀ ਇਸ ਰਿਪੋਰਟ ਮੁਤਾਬਕ ਕਰਨਾਟਕਾ ਦੇ ਦੂਜੇ ਭਾਜਪਾ ਸਾਂਸਦ ਪੀ.ਸੀ. ਮੋਹਨ ਉਨ੍ਹਾਂ ਬਾਕੀ 10 ਸਾਂਸਦਾਂ ਦੀ ਸੂਚੀ ਵਿਚ ਦੂਜੇ ਨੰਬਰ ਤੇ ਹਨ , ਜਿਨ੍ਹਾਂ ਦੀ ਜਾਇਦਾਦ ਵਿੱਚ 2009 ਅਤੇ 2019 ਵਿੱਚ ਵਾਧਾ ਹੋਇਆ।

ਸਾਲ 2019 ਵਿੱਚ ਬੰਗਲੂਰੂ ਦੇ ਮੱਧ ਵਿਧਾਨ ਸਭਾ (ਬਾਕੀ ਸਫ਼ਾ 29 ’ਤੇ)

# ਪਿੰਡ ਲਿੱਤਰਾਂ 'ਚ ਸਾਕਾ ਨਕੋਦਰ ਦੇ ਸ਼ਹੀਦਾਂ ਨੂੰ ਕੀਤਾ ਯਾਦ

## ਪੀੜ੍ਹਤ ਪਰਿਵਾਰ ਨੇ ਆਖ਼ਰੀ ਦਮ ਤੱਕ ਇਨਸਾਫ਼ ਲਈ ਲੜਾਈ ਜਾਰੀ ਰੱਖਣ ਦਾ ਕੀਤਾ ਅਹਿਦ
















ਜਲੰਧਰ/ਏ.ਟੀ.ਨਿਊਜ਼ :- ਨਕੋਦਰ ਵਿੱਚ 1986 ਨੂੰ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਦੌਰਾਨ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪਿੰਡ ਲਿੱਤਰਾਂ ਵਿੱਚ ਸਮਾਗਮ ਕਰਵਾਇਆ ਗਿਆ। ਗੁਰਦੁਆਰਾ ਸਾਹਿਬ ਬੋਹੜ ਵਾਲਾ ਵਿੱਚ ਹੋਏ ਸਮਾਗਮ ਵਿਚ ਪਹੁੰਚੀਆਂ ਧਾਰਮਿਕ ਸ਼ਖ਼ਸੀਅਤਾਂ ਨੇ ਇਕਸੁਰ ਹੁੰਦਿਆਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਦੇ ਰਵੱਈਏ ਵਿੱਚ ਕੋਈ ਬਦਲਾਅ ਨਹੀਂ ਆਇਆ। ਇਹ ਉਸੇ ਤਰ੍ਹਾਂ ਦਾ ਜਿਸ ਤਰ੍ਹਾਂ 37 ਸਾਲ ਪਹਿਲਾਂ 4 ਫਰਵਰੀ 1986 ਨੂੰ ਨਕੋਦਰ ਗੋਲੀ ਕਾਂਡ ਸਮੇਂ ਸੀ। ਬੁਲਾਰਿਆਂ ਨੇ ਕਿਹਾ ਕਿ ਨਕੋਦਰ ਕਾਂਡ ਤਾਂ ਬਰਗਾੜੀ ਕਾਂਡ ਤੋਂ ਵੱਡਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨੂੰ ਪੈਰਵਾਈ ਕਰਨੀ ਚਾਹੀਦੀ ਸੀ।

ਬੁਲਾਰਿਆਂ ਨੇ ਇਸ ਗੱਲ 'ਤੇ ਹੈਰਾਨੀ ਪ੍ਰਗਟਾਈ ਕਿ ਆਪਣੇ ਆਪ ਨੂੰ ਪੰਥਕ ਅਖਵਾਉਂਦੀ ਬਾਦਲ ਸਰਕਾਰ ਨੇ 15 ਸਾਲ ਰਾਜ ਕੀਤਾ ਪਰ ਗੁਰੂ ਦੀ ਅਜ਼ਮਤ ਵਾਸਤੇ ਸ਼ਹੀਦ ਹੋਣ ਵਾਲੇ ਪਰਿਵਾਰਾਂ ਨੂੰ ਇਨਸਾਫ ਨਹੀਂ ਦਿੱਤਾ।

ਇਸ ਸਮਾਗਮ ਨੂੰ ਭਾਈ ਦਲਜੀਤ ਸਿੰਘ, ਸੁਖਵਿੰਦਰ ਸਿੰਘ ਖਾਲਸਾ, ਨਿਰੰਜਣ ਸਿੰਘ ਡਰੋਲੀ, ਪਰਮਜੀਤ ਸਿੰਘ ਗਾਜ਼ੀ, ਚਰਨਜੀਤ ਸਿੰਘ, ਗਗਨਦੀਪ ਸਿੰਘ ਬਾਗੀ, ਸੁਖਦੇਵ ਸਿੰਘ ਫਗਵਾੜਾ, ਅਜਾਇਬ ਸਿੰਘ ਗਰਚਾ ਨੇ ਆਪੋ-ਆਪਣੇ ਵਿਚਾਰ ਰੱਖੇ। ਉਨ੍ਹਾਂ ਕਿਹਾ ਕਿ ਇਹ ਚਾਰੇ ਸਿੱਖ ਨੌਜਵਾਨ ਪਰਿਵਾਰਾਂ ਦੇ ਨਹੀਂ ਸਗੋਂ ਸਮੁੱਚੀ ਸਿੱਖ ਕੌਮ ਦੇ ਸ਼ਹੀਦ ਹਨ। ਇਹ ਚਾਰੇ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ, ਭਾਈ ਝਿਲਮਣ ਸਿੰਘ ਗੌਰਸੀਆਂ ਅਤੇ ਭਾਈ ਹਰਮਿੰਦਰ ਸਿੰਘ ਚਲੂਪਰ ਲਾਇਲਪੁਰਾ ਖਾਲਸਾ ਕਾਲਜ ਦੇ ਵਿਦਿਆਰਥੀਆਂ ਵੀ ਸਨ।ਨਿਰੰਜਣ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਹਿਰਖ਼ ਹੈ ਕਿ ਖਾਲਸਾ ਕਾਲਜ ਨੇ ਗੁਰੂ ਗ੍ਰੰਥ ਸਾਹਿਬ ਲਈ ਸ਼ਾਹਦਤ ਦੇਣ ਵਾਲੇ ਇਨ੍ਹਾਂ ਚਾਰੇ ਸਿੱਖ ਨੌਜਵਾਨਾਂ ਨੂੰ ਵਿਸਾਰ ਦਿੱਤਾ ਹੈ। ਬੁਲਾਰਿਆਂ ਨੇ ਕਿਹਾ ਕਿ ਹੁਣ ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਅਮਰੀਕਾ, ਕੈਨੇਡਾ, ਇੰਗਲੈਂਡ, ਜਰਮਨੀ, ਫਰਾਂਸ ਸਮੇਤ ਹੋਰ ਦੇਸ਼ ਵਿੱਚ ਵੀ ਸਮਾਗਮ ਹੋ ਰਹੇ ਹਨ ਤੇ ਇਸ ਮਾਮਲੇ ਨੂੰ ਸਿੱਖ ਕੌਮ ਨੇ ਯੂਐਨਓ ਤੱਕ ਪਹੁੰਚਾਉਣ ਵਿੱਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਯੂਐਨਓ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਬਣੀ ਕੌਂਸਲ ਦੇ 43ਵੇਂ ਸ਼ੈਸ਼ਨ ਦੌਰਾਨ ਸਾਕਾ ਨਕੋਦਰ ਦਾ ਮਾਮਲਾ ਯੂ.ਕੇ. ਵਿੱਚ ਰਹਿੰਦੇ ਡਾ. ਇਕਤਿਦਾਰ ਕਰਾਮਤ ਚੀਮਾ ਨੇ ਉਠਾਇਆ ਸੀ ਤੇ ਉਹ ਇਸ ਕੇਸ ਦੀ ਪੈਰਵਾਈ ਵੀ ਕਰ ਰਹੇ ਹਨ।

ਸਮਾਗਮ ਦੇ ਅਖੀਰ ਵਿੱਚ ਬਾਪੂ ਬਲਦੇਵ ਸਿੰਘ ਲਿੱਤਰਾਂ ਨੇ ਸਾਰੀਆਂ ਪੰਥਕ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਆਪਣੇ ਜਿਊਂਦੇ ਜੀ ਸਾਕਾ ਨਕੋਦਰ ਦੇ ਦੋਸ਼ੀਆਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਦੇਖਣਾ ਚਾਹੁੰਦੇ ਹਨ। ਉਨ੍ਹਾਂ ਦੱਸਿਆ ਕਿ ਕਿਵੇਂ ਉਨ੍ਹਾਂ ਨੇ 37 ਸਾਲ ਇਕੱਲਿਆਂ ਲੜਾਈ ਲੜੀ, ਜਦਕਿ ਇਕ ਬਦਨਾਮ ਪੁਲਿਸ ਅਫਸਰ ਦੇ ਪੁੱਤਰ ਨੇ ਉਨ੍ਹਾਂ ਨੂੰ ਧਮਕੀਆਂ ਵੀ ਦਿੱਤੀਆਂ ਸਨ। ਉਨ੍ਹਾਂ ਕਿਹਾ ਕਿ ਅਜਿਹੇ ਪੁਲਿਸ ਅਫਸਰਾਂ ਨੂੰ ਸਮੇਂ ਦੀਆਂ ਸਰਕਾਰਾਂ ਹਮੇਸ਼ਾ ਤਰੱਕੀਆਂ ਬਖਸ਼ੀਆਂ ਹਨ।

### ਮਾਮਲਾ ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਦਾ

## ਸ਼੍ਰੋਮਣੀ ਕਮੇਟੀ ਦੀ ਨਜ਼ਰਸਾਨੀ ਪਟੀਸ਼ਨ ਸੁਪਰੀਮ ਕੋਰਟ ਵੱਲੋਂ ਖ਼ਾਰਜ

### ਸ਼੍ਰੋਮਣੀ ਕਮੇਟੀ ਨੂੰ ਹਰਿਆਣਾ ਦੇ ਗੁਰਦੁਆਰਿਆਂ ਦਾ ਛੱਡਣਾ ਪਵੇਗਾ ਪ੍ਰਬੰਧ

### ਜਥੇਦਾਰ ਵੱਲੋਂ ਆਲ ਇੰਡੀਆ ਗੁਰਦੁਆਰਾ ਐਕਟ ਦੀ ਹਮਾਇਤ



ਅੰਮ੍ਰਿਤਸਰ/ਏ.ਟੀ.ਨਿਊਜ਼ :- ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੀ ਨਜ਼ਰਸਾਨੀ ਪਟੀਸ਼ਨ ਸੁਪਰੀਮ ਕੋਰਟ ਵਿੱਚੋਂ ਖਾਰਜ ਹੋਣ ਤੋਂ ਬਾਅਦ ਹੁਣ ਸਿੱਖ ਜਥੇਬੰਦੀ ਨੂੰ ਹਰਿਆਣਾ ਵਿਚਲੇ ਆਪਣੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਦਾ ਪ੍ਰਬੰਧ ਛੱਡਣਾ ਪਵੇਗਾ। ਦੂਜੇ ਪਾਸੇ, ਸੁਪਰੀਮ ਕੋਰਟ ਦੇ ਇਸ ਫ਼ੈਸਲੇ ਤੋਂ ਬਾਅਦ ਹਰਿਆਣਾ ਕਮੇਟੀ ਦੇ ਵੱਖ-ਵੱਖ ਧੜਿਆਂ ਦੇ ਸਿੱਖ ਆਗੂਆਂ ਨੇ ਵੀ ਕਮਰਕੱਸੇ ਸ਼ੁਰੂ ਕਰ ਦਿੱਤੇ ਹਨ। ਹਰਿਆਣਾ ਵਿੱਚ ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਸਿੱਧੇ ਅਤੇ ਅਸਿੱਧੇ ਪ੍ਰਬੰਧ ਹੇਠ ਲਗਭਗ 50 ਤੋਂ ਵੱਧ ਗੁਰਦੁਆਰੇ ਹਨ। ਇਨ੍ਹਾਂ ਵਿਚੋਂ 8 ਗੁਰਦੁਆਰੇ ਸੈਕਸ਼ਨ 85 ਹੇਠ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਹਨ ਜਿਨ੍ਹਾਂ ਵਿੱਚੋਂ ਇੱਕ ਗੁਰਦੁਆਰੇ ਦਾ ਪ੍ਰਬੰਧ ਇਸ ਵੇਲੇ ਹਰਿਆਣਾ ਕਮੇਟੀ ਕੋਲ ਅਤੇ ਬਾਕੀ ਸੱਤ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਹੈ।

ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਦੀ ਨਜ਼ਰਸਾਨੀ ਪਟੀਸ਼ਨ ਖਾਰਜ ਕਰਨ ਉਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਾਂ ਨੂੰ ਕਿਤਿਓਂ ਵੀ ਇਨਸਾਫ ਮਿਲਣ ਦੀ ਆਸ ਨਹੀਂ ਹੈ। ਉਨ੍ਹਾਂ ਕਿਹਾ ਕਿ 1947 ਤੋਂ ਹੁਣ ਤੱਕ ਸਿੱਖਾਂ ਨੂੰ ਕਦੇ ਵੀ ਇਨਸਾਫ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਜਨਰਲ ਇਜਲਾਸ ਵਿਚ ਆਲ ਇੰਡੀਆ ਗੁਰਦੁਆਰਾ ਐਕਟ ਦਾ ਮਤਾ ਪਾਸ ਕਰਕੇ ਭਾਰਤ ਸਰਕਾਰ ਨੂੰ ਭੇਜਣਾ ਚਾਹੀਦਾ ਹੈ ਤੇ ਆਲ ਇੰਡੀਆ ਐਕਟ ਵੱਲ ਵਧਣਾ ਚਾਹੀਦਾ ਹੈ। ਜੇ ਭਾਰਤ ਸਰਕਾਰ ਆਲ ਇੰਡੀਆ ਗੁਰਦੁਆਰਾ ਐਕਟ ਪਾਸ ਨਹੀਂ ਕਰਦੀ ਤਾਂ ਜਿਸ ਤਰ੍ਹਾਂ ਹਰਿਆਣਾ ਦੇ ਸਿੱਖਾਂ ਨੇ ਆਪਣੀ ਵੱਖਰੀ ਕਮੇਟੀ ਬਣਾ ਲਈ ਹੈ, ਉਸੇ ਤਰ੍ਹਾਂ ਹਿਮਾਚਲ ਦੀ ਵੀ ਵੱਖਰੀ ਕਮੇਟੀ ਬਣ ਜਾਵੇਗੀ।

## ਬਾਦਲਾਂ ਦੀ ਅਜ਼ਾਰੇਦਾਰੀ ਤੋਂ ਮੁਕਤ ਕਰਵਾ ਕੇ ਛੱਡਾਂਗੇ ਗੁਰਦੁਆਰਾ ਪ੍ਰਬੰਧ : ਬੀਬੀ ਜਗੀਰ ਕੌਰ, ਗਾਬਾ

### ਜਲੰਧਰ ਦੀਆਂ ਸਿੰਘ ਸਭਾਵਾਂ ਵੱਲੋਂ ਬੀਬੀ ਜਗੀਰ ਕੌਰ ਦੀ ਹਮਾਇਤ



ਜਲੰਧਰ/ਏ.ਟੀ.ਨਿਊਜ਼ :- ਸ਼ਹਿਰ ਦੀਆਂ ਵੱਖ-ਵੱਖ ਸਿੰਘ ਸਭਾਵਾਂ ਨੇ ਭਵਿੱਖ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨਾਲ ਚੱਲਣ ਦਾ ਫ਼ੈਸਲਾ ਕੀਤਾ ਹੈ। ਸ਼ਹਿਰ ਦੀਆਂ ਸਿੰਘ ਸਭਾਵਾਂ ਦੀ ਅਗਵਾਈ ਟਕਸਾਲੀ ਪੰਥਕ ਆਗੂ ਜਗਜੀਤ ਸਿੰਘ ਗਾਬਾ ਕਰ ਰਹੇ ਸਨ। ਸਿੱਖ ਆਗੂਆਂ ਨੇ ਕਿਹਾ ਕਿ ਬੀਬੀ ਜਗੀਰ ਕੌਰ ਨੇ ਪੰਥ ਦੇ ਹੱਕ ਵਿਚ ਖੜ੍ਹੇ ਹੋ ਕੇ ਬਾਦਲਾਂ ਨੂੰ ਜਿਹੜੀ ਚੁਣੌਤੀ ਦਿੱਤੀ ਹੈ ਉਸ ਦਾ ਵਿਦੇਸ਼ਾਂ ਦੀਆਂ ਸਿੱਖ ਸੰਗਤਾਂ ਨੇ ਤਕੜਾ ਹੁੰਗਾਰਾ ਭਰਿਆ ਹੈ। ਜਥੇਦਾਰ ਗਾਬਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲਾਂ ਦੀ ਨਿੱਜੀ ਜਾਇਦਾਦ ਨਹੀਂ ਹੈ, ਸਗੋਂ ਇਹ ਕੁਰਬਾਨੀਆਂ ਦੇਣ ਵਾਲੇ ਪੰਥ ਦੀ ਅਮੀਰ ਵਿਰਾਸਤ ਹੈ, ਜਿਸ ਦੀ ਰਾਖੀ ਲਈ ਹਰ ਸਿੱਖ ਕੁਰਬਾਨੀ ਦੇਣ ਲਈ ਤਿਆਰ-ਬਰ-ਤਿਆਰ ਹਨ। ਪੰਥਕ ਆਗੂਆਂ ਦਾ ਮੰਨਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੌਦਾ ਸਾਧ ਨੂੰ ਮੁਆਫ਼ੀ ਦਵਾ ਕੇ ਪੰਥ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬੀਬੀ ਜਗੀਰ ਕੌਰ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਰੋਮ-ਰੋਮ ਪੰਥ ਦੀ ਸੇਵਾ ਲਈ ਹਾਜ਼ਰ ਹੈ। ਸੰਤ ਪ੍ਰੇਮ ਸਿੰਘਮੁਰਾਰੇ ਵਾਲੇ ਸ਼੍ਰੋਮਣੀ ਕਮੇਟੀ ਦੇ ਮੁਢਲੇ ਮੈਂਬਰਾਂ ਵਿੱਚੋਂ ਸਨ ਜਿਨ੍ਹਾਂ ਦਾ ਹਰ ਸਾਹ ਪੰਥ ਦੇ ਲੇਖੇ ਲੱਗਾ ਸੀ। ਉਨ੍ਹਾਂ ਦਾ ਪਰਿਵਾਰ ਪਿਛਲੇ 100 ਸਾਲਾਂ ਤੋਂ ਪੰਥਕ ਸੋਚ 'ਤੇ ਪਹਿਰਾ ਦਿੰਦਾ ਆ ਰਿਹਾ ਹੈ ਤੇ ਉਹ ਵੀ ਸੰਤ ਪ੍ਰੇਮ ਸਿੰਘ ਜੀ ਮੁਰਾਰੇਵਾਲਿਆਂ ਵੱਲੋਂ ਕੁਰਬਾਨੀਆਂ ਵਾਲੇ ਦਿਖਾਏ ਰਾਹ 'ਤੇ ਚੱਲਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਪੰਥਕ ਸੰਸਥਾਵਾਂ ਦੇ ਇਤਿਹਾਸ ਦਾ ਹਰ ਪੰਨਾ ਸਿੱਖ ਕੌਮ ਦੇ ਖ਼ੂਨ ਨਾਲ ਲੱਥ-ਪੱਥ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਪਰਿਵਾਰ ਦਾ ਨਹੀਂ ਹੈ ਸਗੋਂ ਸਮੁੱਚੇ ਪੰਥ ਦੀਆਂ ਸਿਰਮੌਰ ਸੰਸਥਾਵਾਂ ਹਨ। ਬੀਬੀ ਜਗੀਰ ਕੌਰ ਨੇ ਕਿਹਾ

(ਬਾਕੀ ਸਫ਼ਾ 30 'ਤੇ)

# ਬਾਬਾ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਨੂੰ ਤਰਕਸ਼ੀਲਾਂ ਵੱਲੋਂ ਚੈਲੇਂਜ

## ਸ਼ਾਸਤਰੀ ਨੇ ਆਪਣਾ ਪ੍ਰੋਗਰਾਮ ਰੱਦ ਕਰਕੇ ਅਗਲੇ ਦਿਨ ਹੀ ਸ਼ਹਿਰ ਛੱਡਿਆ



➢ ਤਰਕਸ਼ੀਲ ਮਾਨਵ ਨੇ ਪੁਲਿਸ ਵਿੱਚ ਬਾਬੇ ਖਿਲਾ.ਫ ਅੰਧਵਿਸ਼ਵਾਸ ਫੈਲਾਉਣ ਬਾਰੇ ਦਰਜ ਕਰਵਾਈ ਸ਼ਿਕਾਇਤ
➢ ਸ਼ਾਸ਼ਤਰੀ ਦਾ ਨਵਾਂ ਨਾਹਰਾ 'ਹਿੰਦੂ ਜਨੋ ਮੇਰਾ ਸਮਰਥਨ ਕਰੋ ਤੇ ਮੈਂ ਤੁਹਾਨੂੰ ਹਿੰਦੂ ਰਾਸ਼ਟਰ ਦੇਵਾਂਗਾ'



➢ ਧੀਰੇਂਦਰ ਸ਼ਾਸਤਰੀ ਦੇ ਕੁਝ ਵਿਵਾਦਤ ਬਿਆਨਾਂ ਉੱਤੇ ਇੱਕ ਨਜ਼ਰ...
➢ 33 ਕਰੋੜ ਦੇਵੀ ਦੇਵਤੇ ਹਨ ਤਾਂ ਚੰਦ ਨੂੰ ਪੂਜਣ ਦੀ ਕੀ ਲੋੜ ?
➢ ਡਰਪੋਕ ਹਿੰਦੂਓ ਉੱਠੋ, ਜਾਗੋ....ਹਥਿਆਰ ਚੁੱਕ ਲਓ, ਕਹਿ ਦਿਓ-ਅਸੀਂ ਸਾਰੇ ਇੱਕ ਹਾਂ।
➢ ਸਰਕਾਰ ਕਦੋਂ ਤੱਕ ਦੇਸ਼ ਵਿਰੋਧੀਆਂ ਨੂੰ ਬੁਲਡੋਜ਼ਰ ਨਾਲ ਢਾਹੇਗੀ...ਹਿੰਦੂਆਂ ਨੂੰ ਢਾਹੁਣਾ ਹੋਵੇਗਾ
➢ ਸਾਰੇ ਹਿੰਦੂਓ ਇੱਕ ਹੋ ਜਾਓ ਅਤੇ ਪੱਥਰ ਮਾਰਨ ਵਾਲਿਆਂ ਦੇ ਘਰ ਉੱਤੇ ਬੁਲਡੋਜ਼ਰ ਚਲਵਾਓ।

ਬੀਤੇ ਦਿਨੀਂ ਮਹਾਰਾਸ਼ਟਰ ਦੇ ਨਾਗਪੁਰ ਦੀ, ਇਕ ਅੰਧਵਿਸ਼ਵਾਸ ਖਿਲਾ.ਫ ਕੰਮ ਕਰਦੀ ਸੰਸਥਾ ਵੱਲੋਂ ਭਾਰਤ ਵਿੱਚ ਨਵੇਂ ਚਰਚਿਤ ਸਾਧ ਧੀਰੇਂਦਰ ਸ਼ਾਸਤਰੀ ਜੋ ਹਿੰਦੂ ਰਾਸ਼ਟਰ ਦਾ ਸਮਰਥਕ ਹੈ ਤੇ ਸੰਘ ਪਰਿਵਾਰ ਦਾ ਹਮਾਇਤੀ ਹੈ, ਨੂੰ ਸ਼ਕਤੀਆਂ ਸਾਬਤ ਕਰਨ ਬਾਰੇ ਤਰਕਸ਼ੀਲ ਆਗੂ ਸ਼ਿਆਮ ਮਾਨਵ ਨੇ ਚੁਣੌਤੀ ਦਿੱਤੀ ਸੀ। ਮਾਨਵ ਦਾ ਕਹਿਣਾ ਸੀ ਕਿ ਜੇਕਰ ਧੀਰੇਂਦਰ ਸ਼ਾਸਤਰੀ ਸਾਡੀ ਚੁਣੌਤੀ ਸਵੀਕਾਰ ਕਰਕੇ ਚਮਤਕਾਰ ਦਿਖਾਉਂਦੇ ਹਨ ਤਾਂ ਉਨ੍ਹਾਂ ਨੂੰ 30 ਲੱਖ ਰੁਪਏ ਦਿੱਤੇ ਜਾਣਗੇ। ਪਰ ਸਾਧ ਸ਼ਾਸ਼ਤਰੀ ਦਾ ਜੁਆਬ ਨਾ ਮਿਲਣ ਕਾਰਨ ਮਾਨਵ ਨੇ ਪੁਲਿਸ ਵਿੱਚ ਬਾਬੇ ਖਿਲਾ.ਫ ਅੰਧਵਿਸ਼ਵਾਸ ਫੈਲਾਉਣ ਬਾਰੇ ਸ਼ਿਕਾਇਤ ਦਰਜ ਕਰਵਾ ਦਿੱਤੀ ਸੀ। ਸ਼ਿਆਮ ਮਾਨਵ ਨੇ ਧੀਰੇਂਦਰ ਸ਼ਾਸਤਰੀ ਨੂੰ ਠੱਗ ਕਰਾਰ ਦਿੱਤਾ ਹੈ।

ਇਸ ਘਟਨਾ ਕਾਰਨ ਹਿੰਦੂ ਰਾਸ਼ਟਰਵਾਦ ਦੇ ਉਪਾਸ਼ਕਾਂ ਦੇ ਖੇਮੇ ਵਿੱਚ ਹਲਚਲ ਮਚੀ ਹੋਈ ਹੈ। ਸਾਧ ਧੀਰੇਂਦਰ ਸ਼ਾਸਤਰੀ ਨੇ ਇਸ ਚੁਣੌਤੀ ਤੋਂ ਡਰਦਿਆਂ ਆਪਣਾ ਪ੍ਰੋਗਰਾਮ ਰੱਦ ਕਰ ਦਿੱਤਾ ਸੀ ਅਤੇ ਅਗਲੇ ਦਿਨ ਹੀ ਸ਼ਹਿਰ ਛੱਡ ਗਿਆ ਸੀ। ਟੀ.ਵੀ., ਪ੍ਰਿੰਟ ਤੇ ਸੋਸ਼ਲ ਮੀਡੀਆ 'ਤੇ ਬਾਬੇ ਨੂੰ ਚੈਲਿੰਜ ਬਾਰੇ ਇਹ ਨਿਊਜ਼ ਹਾਟ ਨਿਊਜ਼ ਵਜੋਂ ਚਮਕ ਰਹੀ ਹੈ। ਇਹ ਵਰਣਨਯੋਗ ਹੈ ਕਿ ਮਹਾਰਾਸ਼ਟਰ ਦੇ ਤਾਜ਼ਾ ਅੰਧ-ਵਿਸ਼ਵਾਸ ਵਿਰੋਧੀ ਕਾਨੂੰਨ ਨੇ ਤਰਕਸ਼ੀਲਾਂ ਦਾ ਹੌਂਸਲਾ ਵਧਾਇਆ ਹੈ, ਜੋ ਕਤਲ ਹੋਏ ਤਰਕਸ਼ੀਲ ਆਗੂ ਨਰਿੰਦਰ ਦਾਭੋਲਕਰ ਦੀ ਵਿੱਚਾਰਧਾਰਾ ਨਾਲ ਸਬੰਧਤ ਹਨ। ਦਾਭੋਲਕਰ ਦੀ 2013 ਵਿੱਚ ਪੂਨੇ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਜਿਨ੍ਹਾਂ ਨੇ ਮਹਾਰਾਸ਼ਟਰ ਅੰਧਸ਼ਰਧਾ ਨਿਰਮੂਲਨ ਸਮਿਤੀ ਦੀ ਸਥਾਪਨਾ ਕੀਤੀ, ਜੋ ਅੰਧਵਿਸ਼ਵਾਸਾਂ ਅਤੇ ਪਾਖੰਡੀਆਂ ਨਾਲ ਲੜਦੀ ਹੈ। ਆਲ ਇੰਡੀਆ ਅੰਧਵਿਸ਼ਵਾਸ ਨਿਰਮੂਲਨ ਸਮਿਤੀ ਦੇ ਸੰਸਥਾਪਕ ਮਾਨਵ ਕਹਿੰਦੇ ਹਨ, 'ਸਾਡੀ ਚੁਣੌਤੀ ਅਜੇ ਵੀ ਖੁੱਲ੍ਹੀ ਹੈ। ਅਸੀਂ ਸ਼ਾਸਤਰੀ ਦਾ ਇੱਕ ਵੀਡੀਓ ਦੇਖਿਆ ਹੈ ਜਿਸ ਵਿੱਚ ਲੋਕਾਂ ਦਾ ਨਾਮ, ਪਤਾ, ਬੀਮਾਰੀ ਅਤੇ ਪਿਤਾ ਦਾ ਨਾਮ ਜਾਣਨ ਦਾ ਦਾਅਵਾ ਕੀਤਾ ਗਿਆ ਹੈ। ਇਹ ਵਿਗਿਆਨਕ ਤੌਰ 'ਤੇ ਸੰਭਵ ਨਹੀਂ ਹੈ।' ਮਾਨਵ ਦਾ ਦਾਅਵਾ ਹੈ ਕਿ ਪਿਛਲੇ 40 ਸਾਲਾਂ ਵਿੱਚ ਸਾਡੀ ਸੰਸਥਾ ਨੇ ਹਜ਼ਾਰਾਂ 'ਸਵਾਮੀਆਂ' ਤੇ ਪਾਖੰਡੀ ਬਾਬਿਆਂ ਦਾ ਪਰਦਾਫਾਸ਼ ਕੀਤਾ ਹੈ ਜੋ ਧੋਖੇਬਾਜ਼ ਹਨ। ਮਾਨਵ ਕਹਿੰਦਾ ਹੈ, 'ਪਰ ਜੇਕਰ ਉਹ ਸਾਨੂੰ ਗਲਤ ਸਿੱਧ ਕਰ ਦੇਵੇ ਤਾਂ



ਅਸੀਂ ਮਾਫੀ ਮੰਗਾਂਗੇ ਅਤੇ ਆਪਣੀ ਅੰਧ-ਵਿਸ਼ਵਾਸ ਵਿਰੋਧੀ ਸੰਸਥਾ ਨੂੰ ਬੰਦ ਕਰ ਦੇਵਾਂਗੇ।'

ਰਾਜਸਥਾਨ ਦੀ ਭਾਰਤ ਦੀ ਪਹਿਲੀ ਮਨੋਚਿਕਿਤਸਕ ਬੀਬੀ ਸੁਹਾਨੀ ਸ਼ਾਹ ਨੇ ਲਗਭਗ ਹਰ ਟੀਵੀ ਨਿਊਜ਼ ਚੈਨਲ ਦੀ ਬਹਿਸ ਵਿੱਚ ਸਾਧ ਸ਼ਾਸਤਰੀ ਨੂੰ ਗਲਤ ਕਰਾਰ ਦਿੱਤਾ ਸੀ। ਸ਼ਾਹ ਨੇ ਦੱਸਿਆ, 'ਭਾਰਤ ਵਿੱਚ ਡਰ ਤੇ ਚਮਤਕਾਰ ਦਾ ਦਾਅਵਾ ਇੱਕ ਕਾਰੋਬਾਰ ਬਣ ਗਿਆ ਹੈ। ਮੈਨੂੰ ਇਨ੍ਹਾਂ ਬਾਬਿਆਂ ਤੋਂ ਕੋਈ ਸ਼ਿਕਾਇਤ ਨਹੀਂ, ਪਰ ਇਹ ਜੋ ਅਲੌਕਿਕ ਸ਼ਕਤੀ ਦਿਖਾਉਂਦੇ ਹਨ, ਉਹ ਇੱਕ ਕਲਾ ਹੈ। ਇਸ ਖੇਡ ਵਿੱਚ ਕੋਈ ਅਲੌਕਿਕ ਸ਼ਕਤੀ ਨਹੀਂ ਹੈ।'

ਭਾਰਤ ਵਿੱਚ ਸੋਸ਼ਲ ਮੀਡੀਆ ਉਪਰ ਚਮਕਿਆ 27 ਕੁ ਸਾਲਾ ਦਾ ਇਹ ਬਾਬਾ 'ਬਾਗੇਸ਼ਵਰ ਸਰਕਾਰ' ਉਰਫ਼ 'ਧੀਰੇਂਦਰ ਕ੍ਰਿਸ਼ਨ ਸ਼ਾਸਤਰੀ' ਹੈ। ਖੁਜਰਾਹੋ ਮੰਦਰ ਤੋਂ ਕਰੀਬ 35 ਕਿਲੋਮੀਟਰ ਦੀ ਦੂਰੀ ਉੱਤੇ ਇੱਕ ਪਿੰਡ ਹੈ, ਗੜ੍ਹਾ। ਇਸੇ ਪਿੰਡ ਵਿੱਚ ਰਾਮਕ੍ਰਿਪਾਲ ਅਤੇ ਸਰੋਜ ਦੇ ਘਰ ਸਾਲ 1996 ਵਿੱਚ ਧੀਰੇਂਦਰ ਪੈਦਾ ਹੋਇਆ ਸੀ। ਧੀਰੇਂਦਰ ਦੀ ਇਕ ਭੈਣ ਗੀਤਾ ਗਰਗ ਅਤੇ ਭਰਾ ਸ਼ਾਲੀਗ੍ਰਾਮ ਗਰਗ ਹਨ। ਧੀਰੇਂਦਰ ਸਭ ਤੋਂ ਵੱਡਾ ਹੈ। ਉਸ ਦੀ ਭੈਣ ਦਾ ਵਿਆਹ ਹੋ ਚੁੱਕਿਆ ਹੈ ਅਤੇ ਭਰਾ ਆਸ਼ਰਮ ਦਾ ਪ੍ਰਬੰਧਕ ਹੈ। ਪਿਓ ਰਾਮ ਕਿਰਪਾਲ ਤੇ ਮਾਂ ਸਰੋਜ ਦੇ ਆਰਥਿਕ ਹਾਲਾਤ ਇੰਨੇ ਕੁ ਖਰਾਬ ਸਨ ਕਿ ਧੀਰੇਂਦਰ ਦੀ ਫੀਸ ਤੱਕ ਨਹੀਂ ਭਰੀ ਜਾਂਦੀ ਸੀ। ਧੀਰੇਂਦਰ ਸ਼ਾਸਤਰੀ ਦੀ ਵੈੱਬਸਾਈਟ ਮੁਤਾਬਕ, 'ਧੀਰੇਂਦਰ ਸ਼ਾਸਤਰੀ ਦਾ ਬਚਪਨ ਤੰਗਹਾਲੀ ਵਿੱਚ ਬੀਤਿਆ। ਧੀਰੇਂਦਰ ਦਾ ਦਾਦਾ ਭਗਵਾਨ ਦਾਸ ਜੋ ਨਿਰਮੋਹੀ ਅਖਾੜੇ ਨਾਲ ਜੁੜਿਆ ਹੋਇਆ ਸੀ, ਮੱਧ ਪ੍ਰਦੇਸ਼ ਦੇ ਛੱਤਰਪੁਰ ਵਿੱਚ ਪਿੰਡ ਗੜ੍ਹਾ ਵਿਖੇ ਬਾਲਾ ਜੀ ਦੇ ਮੰਦਰ ਕੋਲ ਆਪਣੀ ਚੌਕੀ ਲਾ ਕੇ 'ਝਾੜਫੂਕ' ਅਤੇ ਪੂਜਾ ਦਾ ਕੰਮ ਕਰਦਾ ਸੀ। ਧੀਰੇਂਦਰ ਆਪਣੇ ਦਾਦਾ ਨੂੰ ਹੀ ਆਪਣਾ ਗੁਰੂ ਮੰਨਦਾ ਹੈ। ਧੀਰੇਂਦਰ ਨੇ ਆਪਣੇ ਦਾਦਾ ਤੋਂ ਪੰਡਤ ਦੇ ਕੰਮ ਸਿੱਖੇ ਅਤੇ ਛੋਟੀ ਉਮਰ ਵਿੱਚ ਹੀ ਇਸ ਕੰਮ ਵੱਲ ਲੱਗ ਗਏ। 12ਵੀਂ ਤੋਂ ਬਾਅਦ ਪ੍ਰਾਈਵੇਟ ਪੜ੍ਹਾਈ ਕਰਦੇ ਹੋਏ ਧੀਰੇਂਦਰ ਨੇ ਹੌਲੀ-ਹੌਲੀ, ਆਪਣੇ-ਆਪ ਵਿੱਚ ਖਾਸ ਸ਼ਕਤੀਆਂ ਹੋਣ ਦੀ ਤੇ ਭਗਵਾਨ ਨਾਲ ਸਿੱਧੀ ਗੱਲਬਾਤ ਹੋਣ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ।

ਧੀਰੇਂਦਰ ਨੇ ਵੀ ਆਪਣੇ ਦਾਦੇ ਵਾਂਗ ਚੌਕੀ ਲਗਾ ਕੇ, ਨਵੇਂ ਤੇ ਖ਼ਾਸ ਤਰੀਕੇ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਨ ਦਾ ਕੰਮ ਆਰੰਭ ਕਰ ਦਿੱਤਾ। ਉਦੋਂ ਸ਼ੁਰੂਆਤੀ ਦੌਰ ਸੀ ਤੇ ਬਾਬੇ ਦਾ ਦਰਬਾਰ ਰੋਜ਼ ਲਗਦਾ ਸੀ। ਲੋਕਾਂ ਨੂੰ ਦਰਖ਼ਾਸਤ ਲਾਉਣ ਲਈ ਕਿਹਾ ਜਾਂਦਾ, ਦਰਖ਼ਾਸਤ ਦਾ ਅਰਥ ਸੀ ਨਾਰੀਅਲ ਚੜ੍ਹਾਉਣਾ, ਉੱਥੇ ਸ਼ੁਰੂਆਤ ਵਿੱਚ ਕੁਝ ਕੁ ਲੋਕ ਆਉਂਦੇ ਸਨ ਤੇ ਇਹ ਨੌਜਵਾਨ ਬਾਬਾ, ਉਨ੍ਹਾਂ ਵਿੱਚੋਂ ਕਿਸੇ ਨੂੰ ਇਕਦਮ ਨਾਂ ਲੈ ਕੇ ਬੁਲਾਉਂਦਾ ਕਿ ਆਜਾ ਤੇਰੀ ਦਰਖ਼ਾਸਤ (ਬਾਕੀ ਸਫ਼ਾ 30 'ਤੇ)

## ਰਾਜਨੀਤਕ ਲੋਕ ਬਾਬੇ ਦੇ ਸ਼ਰਧਾਲੂ

ਹਰੇਕ ਬਾਬੇ ਨੂੰ ਕਾਮਯਾਬ ਹੋਣ ਲਈ, ਸੱਤਾ 'ਤੇ ਕਾਬਜ਼ ਰਾਜਨੀਤਕ ਲੀਡਰਾਂ ਦੀ ਜ਼ਰੂਰਤ ਹੁੰਦੀ ਹੈ, ਓਨੀ ਹੀ ਜ਼ਰੂਰਤ ਰਾਜਨੀਤਕ ਲੀਡਰਾਂ ਨੂੰ ਸੱਤਾ 'ਤੇ ਕਾਬਜ਼ ਹੋਣ ਲਈ ਬਾਬਿਆਂ ਦੀ ਹੁੰਦੀ ਹੈ, ਕਿਉਂਕਿ ਇਨ੍ਹਾਂ ਬਾਬਿਆਂ ਦੇ ਦਰਬਾਰ ਵਿੱਚ ਆਉਂਦੀ, ਲੋਕਾਂ ਦੀ ਅਥਾਹ ਭੀੜ, ਲੀਡਰਾਂ ਲਈ ਵੋਟ ਬੈਂਕ ਵਾਂਗ ਹੁੰਦੀ ਹੈ। ਉਹ ਉਸ ਭੀੜ ਦੇ ਮਾਲਕ ਬਾਬੇ ਦੇ ਪੈਰਾਂ ਵਿੱਚ ਪੈਂਦੇ ਅਸ਼ੀਰਵਾਦ ਲੈਂਦੇ ਵੋਟਾਂ ਪੱਕੀਆਂ ਕਰਦੇ ਹਨ। ਕੁਝ ਕੁ ਦਿਨ ਪਹਿਲਾਂ ਹੀ ਸ਼ਾਸਤਰੀ ਦੇ ਪੈਰਾਂ ਵਿੱਚ ਬੈਠੇ ਮੱਧ ਪ੍ਰਦੇਸ਼ ਦੇ ਮੌਜੂਦਾ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਤੇ ਵੱਡੇ ਪੁਲਿਸ ਅਫ਼ਸਰਾਂ ਦੀ ਤਸਵੀਰ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਸੀ। ਧੀਰੇਂਦਰ ਸ਼ਾਸਤਰੀ ਦੇ ਦਰਬਾਰਾਂ ਵਿੱਚ ਜਾਣ ਵਾਲੇ ਭਗਤਾਂ ਦੀ ਲਿਸਟ ਵਿੱਚ ਸਿਰਫ਼ ਆਮ ਲੋਕ ਸ਼ਾਮਲ ਨਹੀਂ ਹਨ, ਸਗੋਂ ਰਾਜਨੀਤਕ ਲੋਕ ਵੀ ਹਨ। ਇਹ ਲਿਸਟ ਛਤਰਪੁਰ ਦੇ ਸਥਾਨਕ ਆਗੂਆਂ ਵਿੱਚ ਕਾਂਗਰਸ ਵਿਧਿਆਕ ਆਲੋਕ ਚਤੁਰਵੇਦੀ ਤੋਂ ਸ਼ੁਰੂ ਹੁੰਦੀ ਹੈ, ਜਿਨ੍ਹਾਂ ਦੀ ਧੀਰੇਂਦਰ ਸ਼ਾਸਤਰੀ ਦੇ ਅੱਗੇ ਵਧਣ ਵਿੱਚ ਅਹਿਮ ਭੂਮਿਕਾ ਦੱਸੀ ਜਾਂਦੀ ਹੈ।

ਭਾਜਪਾ ਦੇ ਕੈਲਾਸ਼ ਵਿਜੇਵਰਗੀਏ, ਮਹਾਰਾਸ਼ਟਰ ਦੇ ਡਿਪਟੀ ਮੁੱਖ ਮੰਤਰੀ ਦੇਵੇਂਦਰ ਫਡਨਵੀਸ, ਮੱਧ ਪ੍ਰਦੇਸ਼ ਦੇ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਅਤੇ ਨਿਤਿਨ ਗਡਕਰੀ, ਗਿਰੀਰਾਜ ਸਿੰਘ ਵਰਗੇ ਕੇਂਦਰੀ ਆਗੂ ਵੀ ਬਾਬੇ ਦੇ ਸ਼ਰਧਾਲੂ ਹਨ। ਮੱਧ ਪ੍ਰਦੇਸ਼ ਵਿੱਚ ਇਸ ਸਾਲ ਚੋਣਾਂ ਹੋਣੀਆਂ ਹਨ, ਅਜਿਹੇ ਵਿੱਚ ਭਾਜਪਾ ਸਰਕਾਰ ਬਾਬੇ ਦੇ ਪੈਰੋਕਾਰਾਂ ਨੂੰ ਵੋਟ ਬੈਂਕ ਵਿੱਚ ਬਦਲਣ ਬਾਰੇ ਵਿੱਚਾਰ ਕਰ ਰਹੀ ਹੈ। ਇਸ ਲਈ ਉਹ ਸਾਧ ਸ਼ਾਸ਼ਤਰੀ ਬਾਰੇ ਨਰਮ ਵਰਤਾਰਾ ਰੱਖ ਰਹੀ ਹੈ।ਵਿਰੋਧੀ ਧਿਰ ਕਾਂਗਰਸ ਵੀ ਖੁੱਲ੍ਹ ਕੇ ਸ਼ਾਸਤਰੀ ਦਾ ਸਮਰਥਨ ਕਰਦੀ ਹੈ। ਪਾਰਟੀ ਦੇ ਰਾਏਪੁਰ ਪੱਛਮੀ ਦੇ ਵਿਧਾਇਕ ਵਿਕਾਸ ਉਪਾਧਿਆਏ ਨੇ ਹਾਲ ਹੀ ਵਿੱਚ ਸ਼ਾਸਤਰੀ ਨੂੰ ਭਗਵਾਨ ਵਰਗੀ ਸ਼ਖਸੀਅਤ ਦੱਸਿਆ ਸੀ।

## ਹਿੰਦੂ ਸੰਤ, ਸਾਧ ਧੀਰੇਂਦਰ ਸ਼ਾਸਤਰੀ ਦੇ ਵਿਰੁੱਧ, ਕਿਹਾ ਕਿ ਸਨਾਤਨ ਸੰਸਕ੍ਰਿਤੀ ਚਮਤਕਾਰ ਨੂੰ ਪਾਖੰਡ ਮੰਨਦੀ ਏ

ਜੋਤਸ਼ੀ ਪੀਠਾਧੀਸ਼ਵਰ ਸ਼ੰਕਰਾਚਾਰੀਆ ਸਵਾਮੀ ਅਵਿਮੁਕਤੇਸ਼ਵਰਾ ਨੰਦ ਸਰਸਵਤੀ ਨੇ ਬਾਗੇਸ਼ਵਰ ਧਾਮ ਦੇ ਧੀਰੇਂਦਰ ਸ਼ਾਸਤਰੀ ਦੇ ਚਮਤਕਾਰ ਨੂੰ ਪਾਖੰਡ ਕਰਾਰ ਦਿੱਤਾ ਹੈ। ਉਨ੍ਹਾਂ ਨੇ ਧੀਰੇਂਦਰ ਸ਼ਾਸਤਰੀ ਦੇ ਦਾਅਵੇ 'ਤੇ ਸਵਾਲ ਚੁੱਕੇ ਹਨ। ਇੰਨਾ ਹੀ ਨਹੀਂ ਮਾਘ ਮੇਲੇ ਵਿੱਚ ਆਏ ਕਈ ਸੰਤਾਂ ਨੇ ਬਾਗੇਸ਼ਵਰ ਧਾਮ ਦੇ ਧੀਰੇਂਦਰ ਸ਼ਾਸਤਰੀ ਦੇ ਚਮਤਕਾਰ ਦੇ ਦਾਅਵੇ ਨੂੰ ਸਨਾਤਨ ਸੰਸਕ੍ਰਿਤੀ ਦੇ ਖਿਲਾਫ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸਨਾਤਨ ਧਰਮ ਕਦੇ ਵੀ ਪਾਖੰਡ ਅਤੇ ਅੰਧਵਿਸ਼ਵਾਸ ਨੂੰ ਉਤਸ਼ਾਹਿਤ ਨਹੀਂ ਕਰਦਾ।

ਰਾਧਾ ਅਧਿਆਤਮਿਕ ਸਤਿਸੰਗ ਮੰਡਲ ਦੇ ਪ੍ਰਧਾਨ ਡਾ. ਰਾਧਾਚਾਰੀਆ ਨੇ ਵੀ ਬਾਗੇਸ਼ਵਰ ਧਾਮ ਦੇ ਧੀਰੇਂਦਰ ਸ਼ਾਸਤਰੀ ਦੇ ਚਮਤਕਾਰ ਨੂੰ ਅੰਧਵਿਸ਼ਵਾਸ ਕਰਾਰ ਦਿੰਦਿਆਂ ਕਿਹਾ ਕਿ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਮੱਧ ਪ੍ਰਦੇਸ਼ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਡਾ. ਗੋਵਿੰਦ ਸਿੰਘ ਨੇ ਵੀ ਬਾਗੇਸ਼ਵਰ ਧਾਮ ਤੋਂ ਚਮਤਕਾਰਾਂ ਬਾਰੇ ਸਬੂਤ ਮੰਗੇ ਹਨ। ਗੋਵਿੰਦ ਸਿੰਘ ਨੇ ਕਿਹਾ ਕਿ ਮੈਂ ਸਨਾਤਨ ਧਰਮ ਵਿੱਚ ਵਿਸ਼ਵਾਸ ਰੱਖਦਾ ਹਾਂ, ਪਰ ਪਾਖੰਡ ਵਿੱਚ ਵਿਸ਼ਵਾਸ ਨਹੀਂ ਰੱਖਦਾ।

ਦੇਸ਼ ਵਿੱਚ 80-90 ਫੀਸਦੀ ਸਨਾਤਨੀ ਲੋਕ ਰਹਿੰਦੇ ਹਨ ਅਤੇ ਉਹ ਸਾਰੇ ਪਾਖੰਡ ਨੂੰ ਸਵੀਕਾਰ ਨਹੀਂ ਕਰਦੇ। ਜਦੋਂ ਬਾਬੇ ਨੂੰ ਨਾਗਪੁਰ ਦੀ ਅੰਧਵਿਸ਼ਵਾਸ ਨਿਰੋਧਕ ਕਮੇਟੀ ਨੇ ਆਪਣੀਆਂ ਸ਼ਕਤੀਆਂ ਸਾਬਤ ਕਰਨ ਦੀ ਚੁਣੌਤੀ ਦਿੱਤੀ ਤਾਂ ਉਹ ਉੱਥੋਂ ਕਿਉਂ ਭੱਜਿਆ ? ਜੇ ਇਸ ਸਾਧ ਵਿੱਚ ਸੱਚਾਈ ਹੈ ਤਾਂ ਜਵਾਬ ਦੇਵੇ। ਧੀਰੇਂਦਰ ਸ਼ਾਸਤਰੀ 'ਤੇ ਸਭ ਤੋਂ ਤਿੱਖਾ ਹਮਲਾ ਸਮਾਜਵਾਦੀ ਪਾਰਟੀ ਦੇ ਨੇਤਾ ਸਵਾਮੀ ਪ੍ਰਸਾਦ ਮੌਰਿਆ ਨੇ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਪੰਡਿਤ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਆਪਣੇ ਬਿਆਨਾਂ ਨਾਲ ਜਨਤਾ ਨੂੰ ਗੁੰਮਰਾਹ ਕਰ ਰਹੇ ਹਨ। ਲੋਕਾਂ ਵਿੱਚ ਅੰਧਵਿਸ਼ਵਾਸ ਫੈਲਾਉਣ ਦੇ ਦੋਸ਼ ਵਿੱਚ ਉਸ ਨੂੰ ਜੇਲ੍ਹ ਵਿੱਚ ਡੱਕਣ ਦੀ ਵੀ ਮੰਗ ਕੀਤੀ ਹੈ। ਲਾਲੂ ਪ੍ਰਸਾਦ ਯਾਦਵ ਦੀ ਬੇਟੀ ਰੋਹਿਣੀ ਆਚਾਰੀਆ ਨੇ ਕਿਹਾ- 'ਬਾਬਾ ਤੁਹਾਡੀ ਬਹੁਤ ਮਿਹਰਬਾਨੀ ਹੋਵੇਗੀ। ਕ੍ਰਿਪਾ ਕਰਕੇ ਇਹ ਵੀ ਦੱਸੋ, ਕਦੋਂ ਤੱਕ ਮੋਦੀ ਸਰਕਾਰ ਬਿਹਾਰ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦੇਵੇਗੀ।'

ਸਾਬਕਾ ਵਿਧਾਇਕ ਅਤੇ ਸਮਾਜਵਾਦੀ ਪਾਰਟੀ ਦੇ ਨੇਤਾ ਰਾਮਦਿਆਲ ਪ੍ਰਜਾਪਤੀ, ਜਿਨ੍ਹਾਂ ਨੇ 2016 ਵਿੱਚ ਭਾਜਪਾ ਛੱਡ ਦਿੱਤੀ ਸੀ, ਨੇ ਸ਼ਾਸਤਰੀ ਨੂੰ ਭਾਜਪਾ ਦੇ 'ਦਿਮਾਗ ਦੀ ਉਪਜ' ਦੱਸਿਆ ਸੀ। ਉਨ੍ਹਾਂ ਨੇ ਕਿਹਾ, 'ਜੇ ਉਨ੍ਹਾਂ ਨੇ ਕੈਂਸਰ ਦੇ ਮਰੀਜ਼ਾਂ ਨੂੰ ਠੀਕ ਕੀਤਾ ਹੈ, ਤਾਂ ਉਹ ਸਾਨੂੰ ਕਿਉਂ ਨਹੀਂ ਦਿਖਾਉਂਦੇ ?' ਪ੍ਰਜਾਪਤੀ ਨੇ ਕਿਹਾ, ਸਾਨੂੰ ਸਾਰੇ ਹਸਪਤਾਲ ਬੰਦ ਕਰਨੇ ਚਾਹੀਦੇ ਹਨ ਅਤੇ ਸਾਰਿਆਂ ਨੂੰ ਉਨ੍ਹਾਂ ਕੋਲ ਜਾਣਾ ਚਾਹੀਦਾ ਹੈ।

# ਸਮਾਜਵਾਦੀ ਪਾਰਟੀ ਨੇ ਸੰਘ ਮੁਖੀ ਭਾਗਵਤ ਨੂੰ ਦਲਿਤ ਵਿਤਕਰੇ ਤੇ ਰਾਮ ਚਰਿਤ ਮਾਨਸ ਦੇ ਮੁੱਦੇ ਉਪਰ ਘੇਰਿਆ

➢ ਰਮਾਇਣ ਵਿੱਚ ਦਲਿਤ ਵਿਰੋਧੀ ਤੱਤਾਂ ਨੂੰ ਹਟਾਉਣ ਲਈ ਕਿਹਾ
➢ ਸਮਾਜਵਾਦੀ ਪਾਰਟੀ ਦੀ ਦਲਿਤ ਸਿਆਸਤ ਕਾਰਨ ਯੋਗੀ ਆਦਿਤਿਆਨਾਥ ਬੈਕਫੁੱਟ 'ਤੇ

## ਰਮਾਇਣ ਦੀਆਂ ਫੋਟੋ ਕਾਪੀਆਂ ਸਾੜਨ ਕਾਰਨ ਗ੍ਰਿਫ਼ਤਾਰ ਦੋ ਵਿਅਕਤੀਆਂ ਖ਼ਿਲਾਫ਼ ਐਨ.ਐਸ.ਏ. ਲਗਾਇਆ



'ਰਾਮ ਚਰਿਤ ਮਾਨਸ' ਨੂੰ ਲੈ ਕੇ ਉੱਤਰ ਪ੍ਰਦੇਸ਼ ਅਤੇ ਬਿਹਾਰ 'ਚ ਸ਼ੁਰੂ ਹੋਏ ਵਿਵਾਦ ਦੇ ਪਿੱਛੇ 2024 ਦੀਆਂ ਲੋਕ ਸਭਾ ਚੋਣਾਂ ਦੀ ਸਰਗਰਮੀ ਸਪੱਸ਼ਟ ਨਜ਼ਰ ਆ ਰਹੀ ਹੈ। ਦੋਵਾਂ ਰਾਜਾਂ ਵਿੱਚ ਪਛੜੀਆਂ ਪਾਰਟੀਆਂ ਦੇ ਕੁਝ ਆਗੂ ਸੰਤ ਤੁਲਸੀ ਦਾਸ ਦੁਆਰਾ ਲਿਖੇ 'ਰਾਮ ਚਰਿਤ ਮਾਨਸ' ਦੀਆਂ ਕੁਝ ਪਉੜੀਆਂ ਢੋਰ, ਗੰਵਾਰ, ਸ਼ੂਦਰ, ਔਰ ਨਾਰੀ ਚਾਰੋਂ ਤਾੜਨ ਕੇ ਅਧਿਕਾਰੀ ਆਦਿ ਨੂੰ ਆਦਿਵਾਸੀਆਂ, ਦਲਿਤਾਂ ਪਛੜਿਆਂ ਅਤੇ ਔਰਤਾਂ ਲਈ ਅਪਮਾਨਜਨਕ ਕਰਾਰ ਦੇ ਰਹੇ ਹਨ। ਇਸ ਵਿਵਾਦ ਰਾਹੀਂ ਸਮਾਜਵਾਦੀ ਪਾਰਟੀ ਵਲੋਂ ਦਲਿਤਾਂ ਅਤੇ ਓ.ਬੀ.ਸੀ. ਨੂੰ ਇਕਜੁੱਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਲਖਨਊ ਵਿਖੇ ਬੀਤੇ ਦਿਨੀਂ ਪ੍ਰਦਰਸ਼ਨ ਦੌਰਾਨ 'ਰਾਮ ਚਰਿਤ ਮਾਨਸ' ਦੀਆਂ ਫੋਟੋ ਕਾਪੀਆਂ ਸਾੜਨ ਦੇ ਦੋਸ਼ ਹੇਠ ਜੇਲ੍ਹ ਵਿੱਚ ਬੰਦ ਦੋ ਵਿਅਕਤੀਆਂ ਖ਼ਿਲਾਫ਼ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਲਗਾਇਆ ਗਿਆ ਹੈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ 29 ਜਨਵਰੀ ਨੂੰ ਇੱਥੇ ਪੀਜੀਆਈ ਥਾਣੇ ਵਿੱਚ ਕੇਸ ਦਰਜ ਕਰਨ ਮਗਰੋਂ ਗ੍ਰਿਫ਼ਤਾਰ ਕੀਤੇ ਗਏ ਸਲੀਮ ਅਤੇ ਸਤੇਂਦਰ ਕੁਸ਼ਵਾਹਾ ਖ਼ਿਲਾਫ਼ ਐੱਨਐੱਸਏ ਲਾਇਆ ਗਿਆ ਹੈ। ਇਸ ਕੇਸ ਵਿੱਚ ਸਮਾਜਵਾਦੀ ਪਾਰਟੀ (ਸਪਾ) ਦੇ ਆਗੂ ਸਵਾਮੀ ਪ੍ਰਸਾਦ ਮੌਰਿਆ ਤੋਂ ਇਲਾਵਾ ਦੇਵੇਂਦਰ ਪ੍ਰਤਾਪ ਯਾਦਵ, ਯਸ਼ਪਾਲ ਸਿੰਘ ਲੋਧੀ, ਸਤੇਂਦਰ ਕੁਸ਼ਵਾਹਾ, ਦੇਵੇਂਦਰ ਪ੍ਰਤਾਪ ਯਾਦਵ, ਸੁਜੀਤ ਯਾਦਵ, ਨਰੇਸ਼ ਸਿੰਘ, ਐੱਸ ਐੱਸ ਯਾਦਵ, ਸੰਤੋਸ਼ ਵਰਮਾ ਅਤੇ ਮੁਹੰਮਦ ਸਲੀਮ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ।

ਹੁਣੇ ਜਿਹੇ ਸਮਾਜਵਾਦੀ ਪਾਰਟੀ ਨੇ ਦਲਿਤ ਤੇ ਰਾਮ ਚਰਿਤ ਮਾਨਸ ਦੇ ਮੁੱਦੇ ਉਪਰ ਸੰਘ ਮੁਖੀ ਨੂੰ ਘੇਰਿਆ ਹੈ। ਬੀਤੇ ਦਿਨੀਂ ਸਮਾਜਵਾਦੀ ਪਾਰਟੀ ਨੇ ਸੰਘ ਮੁਖੀ ਮੋਹਨ ਭਾਗਵਤ ਤੋਂ ਜਾਤ-ਪਾਤ ਦੀ ਹਕੀਕਤ ਬਾਰੇ ਸਪੱਸ਼ਟੀਕਰਨ ਮੰਗਦਿਆਂ ਕਿਹਾ ਸੀ ਕਿ ਰਾਮ ਚਰਿਤ ਮਾਨਸ ਤੋਂ ਜਾਤੀਵਾਦ ਸਬੰਧੀ ਟਿੱਪਣੀਆਂ ਹਟਾਈਆਂ ਜਾਣ। ਜ਼ਿਕਰਯੋਗ ਹੈ ਕਿ ਬੀਤੇ ਦਿਨ ਮੋਹਨ ਭਾਗਵਤ ਨੇ ਮੁੰਬਈ ਵਿੱਚ ਇੱਕ ਰੈਲੀ ਦੌਰਾਨ ਕਿਹਾ ਸੀ ਕਿ ਪ੍ਰਭੂ ਦੀਆਂ ਨਜ਼ਰਾਂ ਵਿੱਚ ਸਾਰੇ ਬਰਾਬਰ ਹਨ ਅਤੇ ਜਾਤ-ਪਾਤ ਆਦਿ ਦੇ ਮਸਲੇ ਬ੍ਰਾਹਮਣਾਂ ਵੱਲੋਂ ਖੜ੍ਹੇ ਕੀਤੇ ਗਏ ਹਨ, ਜੋ ਕਿ ਗਲਤ ਹਨ।

ਇਸ ਬਾਰੇ ਸਮਾਜਵਾਦੀ ਮੁਖੀ ਅਖਿਲੇਸ਼ ਯਾਦਵ ਨੇ ਟਵੀਟ ਕੀਤਾ, 'ਕ੍ਰਿਪਾ ਕਰਕੇ ਇਹ ਵੀ ਸਪੱਸ਼ਟ ਕੀਤਾ ਜਾਵੇ ਕਿ ਇਨਸਾਨਾਂ ਦੇ ਸਾਹਮਣੇ ਜਾਤੀਵਾਦ ਦੀ ਅਸਲੀਅਤ ਕੀ ਹੈ।' ਇਸ ਦੌਰਾਨ ਸਮਾਜਵਾਦੀ ਪਾਰਟੀ ਦੇ ਸੀਨੀਅਰ ਆਗੂ ਮੌਰਿਆ ਨੇ ਮੁੜ ਰਾਮ ਚਰਿਤ ਮਾਨਸ ਵਿੱਚੋਂ ਜਾਤੀਵਾਦ ਸਬੰਧੀ ਟਿੱਪਣੀਆਂ ਹਟਾਉਣ ਦੀ ਮੰਗ ਕੀਤੀ। ਮੌਰਿਆ ਨੇ ਟਵੀਟ ਕੀਤਾ, 'ਜਾਤੀਵਾਦ ਪੰਡਤਾਂ (ਬ੍ਰਾਹਮਣਾਂ) ਨੇ ਸ਼ੁਰੂ ਕੀਤਾ, ਇਹ ਕਹਿ ਕੇ ਸੰਘ ਮੁਖੀ ਭਾਗਵਤ ਨੇ ਧਰਮ ਦੀ ਆੜ ਵਿੱਚ ਔਰਤਾਂ, ਆਦਿਵਾਸੀਆਂ, ਦਲਿਤਾਂ ਅਤੇ ਪੱਛੜੇ ਵਰਗ ਦੇ ਲੋਕਾਂ ਨਾਲ ਦੁਰਵਿਹਾਰ ਕਰਨ ਵਾਲੇ ਧਰਮ ਦੇ ਅਖੌਤੀ ਠੇਕੇਦਾਰਾਂ ਤੇ ਪਾਖੰਡੀਆਂ ਦਾ ਪਰਦਾਫਾਸ਼ ਕਰ ਦਿੱਤਾ ਹੈ। ਘੱਟੋ-ਘੱਟ ਹੁਣ ਤਾਂ ਰਾਮ ਚਰਿਤ ਮਾਨਸ 'ਚੋਂ ਇਤਰਾਜ਼ਯੋਗ ਟਿੱਪਣੀਆਂ ਹਟਾਉਣ ਲਈ ਅੱਗੇ ਆਓ।' ਉਨ੍ਹਾਂ ਕਿਹਾ, 'ਜੇ ਇਹ ਬਿਆਨ ਮਜਬੂਰੀ ਵਿੱਚ ਨਹੀਂ ਦਿੱਤਾ ਗਿਆ ਤਾਂ ਸਰਕਾਰ ਨੂੰ ਕਹਿ ਕੇ ਰਾਮ ਚਰਿਤ ਮਾਨਸ ਵਿਚੋਂ ਔਰਤਾਂ, ਦਲਿਤਾਂ ਤੇ ਪੱਛੜੇ ਵਰਗ ਦੇ ਲੋਕਾਂ ਦਾ ਅਪਮਾਨ ਕਰਨ ਵਾਲੀਆਂ ਟਿੱਪਣੀਆਂ ਹਟਵਾਓ।'





ਦੂਜੇ ਪਾਸੇ ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਕਿਹਾ ਕਿ ਉਹ ਆਰਐੱਸਐੱਸ ਦੇ ਮੁਖੀ ਮੋਹਨ ਭਾਗਵਤ ਵੱਲੋਂ ਹਿੰਦੂ ਸਮਾਜ ਵਿੱਚ ਜਾਤੀਵਾਦ ਸਬੰਧੀ ਦਿੱਤੇ ਗਏ ਬਿਆਨ ਨੂੰ ਰਾਹ ਦਸੇਰਾ ਮੰਨਦੇ ਹਨ। ਉਧਰ ਸੀਨੀਅਰ ਕਾਂਗਰਸ ਆਗੂ ਦਿਗਵਿਜੈ ਸਿੰਘ ਨੇ ਭਾਗਵਤ ਨੂੰ ਘੇਰਦਿਆਂ ਪੁੱਛਿਆ ਕਿ ਉਹ ਕਿਸ ਗ੍ਰੰਥ ਦੇ ਹਵਾਲੇ ਨਾਲ ਇਹ ਟਿੱਪਣੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ, 'ਉਹ ਕਹਿ ਰਹੇ ਹਨ ਕਿ ਗ੍ਰੰਥ ਝੂਠ ਬੋਲ ਰਹੇ ਹਨ। ਅਸੀਂ ਮੋਹਨ ਭਾਗਵਤ ਤੋਂ ਇਹ ਪੁੱਛਣਾ ਚਾਹੁੰਦੇ ਹਾਂ ਕਿ ਕਿਹੜੇ ਗ੍ਰੰਥ ਝੂਠ ਬੋਲ ਰਹੇ ਹਨ।'

ਯਾਦ ਰਹੇ ਕਿ ਉੱਤਰ ਪ੍ਰਦੇਸ਼ ਵਿੱਚ ਇਹ ਵਿਵਾਦ ਸਮਾਜਵਾਦੀ ਪਾਰਟੀ ਦੇ ਵਿਧਾਇਕ ਅਤੇ ਸਾਬਕਾ ਮੰਤਰੀ ਸਵਾਮੀ ਪ੍ਰਸਾਦ ਮੌਰਿਆ ਨੇ ਸ਼ੁਰੂ ਕੀਤਾ ਸੀ। ਪਾਰਟੀ ਸੁਪਰੀਮੋ ਅਖਿਲੇਸ਼ ਯਾਦਵ ਨੇ ਸਵਾਮੀ ਪ੍ਰਸਾਦ ਨੂੰ ਕਾਹਲੀ ਵਿੱਚ ਪਾਰਟੀ ਦਾ ਜਨਰਲ ਸਕੱਤਰ ਬਣਾ ਕੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੂੰ ਇਸ ਵਿਵਾਦ ਬਾਰੇ ਕੋਈ ਇਤਰਾਜ਼ ਨਹੀਂ ਹੈ। ਸਮਾਜਵਾਦੀ ਪਾਰਟੀ ਦੇ ਦਫਤਰ ਦੇ ਬਾਹਰ ਲਗਾਏ ਗਏ ਪੋਸਟਰ 'ਗਰਵ ਸੇ ਕਹੋ ਹਮ ਸ਼ੂਦਰ ਹੈਂ' ਨੇ ਬਹਿਸ ਨੂੰ ਹੋਰ ਵਧਾ ਦਿੱਤਾ ਹੈ। ਇਸ ਦੌਰਾਨ ਸਪਾ ਨੇਤਾ ਅਖਿਲੇਸ਼ ਯਾਦਵ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਤੋਂ ਰਾਮ ਚਰਿਤ ਮਾਨਸ ਦੇ ਵਿਵਾਦਿਤ ਦੋਹੇ ਦੇ ਅਰਥ ਪੁੱਛੇ ਸਨ ਅਤੇ ਉਨ੍ਹਾਂ ਨੇ ਅਖਿਲੇਸ਼ ਨੂੰ ਅਣਜਾਣ ਦੱਸਦੇ ਹੋਏ ਇਸ ਬਾਰੇ ਜੁਆਬ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਹਾਲਾਂਕਿ, ਅਖਿਲੇਸ਼ ਯਾਦਵ ਇਸ ਰਣਨੀਤੀ 'ਤੇ ਦ੍ਰਿੜ ਹਨ ਅਤੇ ਉਨ੍ਹਾਂ ਨੇ ਇੱਕ ਟਵੀਟ ਵਿੱਚ ਦਾਅਵਾ ਕੀਤਾ ਹੈ ਕਿ ਭਾਜਪਾ ਵੋਟਾਂ ਲਈ ਸਿਰਫ ਪਛੜੇ ਅਤੇ ਦਲਿਤਾਂ ਨੂੰ ਹਿੰਦੂ ਮੰਨਦੀ ਹੈ ਅਤੇ ਅਸਲ ਹਿੰਦੂਆਂ ਨੂੰ ਉਹ ਸਿਰਫ ਉੱਚ ਜਾਤੀ ਮੰਨਦੀ ਹੈ। ਇਹੀ ਕਾਰਨ ਹੈ ਕਿ ਜਦੋਂ ਉਹ ਮੁੱਖ ਮੰਤਰੀ ਦੇ ਅਹੁਦੇ ਤੋਂ ਹਟ ਗਏ ਅਤੇ ਯੋਗੀ ਜੀ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਮੁੱਖ ਮੰਤਰੀ ਨਿਵਾਸ ਨੂੰ ਗੰਗਾ ਜਲ ਨਾਲ ਧੋਇਆ ਸੀ। ਉਹ ਵਿਧਾਨ ਸਭਾ ਵਿੱਚ ਯੋਗੀ ਨੂੰ ਪੁੱਛਣ ਵਾਲੇ ਹਨ ਕਿ ਕੀ ਉਹ ਉਨ੍ਹਾਂ ਨੂੰ ਸ਼ੂਦਰ ਮੰਨਦੇ ਹਨ ? ਇਸ ਤੋਂ ਪਹਿਲਾਂ ਬਿਹਾਰ ਦੇ ਸਿੱਖਿਆ ਮੰਤਰੀ ਚੰਦਰ ਸ਼ੇਖਰ ਨੇ 'ਰਾਮ ਚਰਿਤ ਮਾਨਸ', ਮਨੁਸਮ੍ਰਿਤੀ ਅਤੇ ਆਰ ਐਸ ਐਸ ਦੇ ਸਾਬਕਾ ਮੁਖੀ ਗੋਲਵਲਕਰ ਦੀ ਕਿਤਾਬ 'ਬੰਚ ਆਫ ਥਾਟਸ' ਦੇ ਕੁਝ ਹਿੱਸਿਆਂ ਨੂੰ ਦਲਿਤਾਂ ਅਤੇ ਪਛੜਿਆਂ ਲਈ ਅਪਮਾਨਜਨਕ ਕਿਹਾ ਸੀ। ਚੰਦਰ ਸ਼ੇਖਰ ਦੀ ਪਾਰਟੀ ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਕਈ ਨੇਤਾਵਾਂ ਨੇ ਉਨ੍ਹਾਂ ਦਾ ਸਮਰਥਨ ਕੀਤਾ ਹੈ। ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਉਨ੍ਹਾਂ ਦੀ ਪਾਰਟੀ ਜਨਤਾ ਦਲ ਯੂਨਾਈਟਿਡ (ਜੇਡੀਯੂ) ਇਸ ਮੁੱਦੇ 'ਤੇ ਚੁੱਪ ਹਨ। ਸਮਾਜਵਾਦੀ ਪਾਰਟੀ ਦੀ ਇਹ ਰਣਨੀਤੀ ਡਾ. ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ ਪ੍ਰਤੀ ਝੁਕਦੀ ਨਜ਼ਰ ਆ ਰਹੀ ਹੈ। ਨਹੀਂ ਤਾਂ ਪਰਸ਼ੂਰਾਮ ਦੀ ਜਯੰਤੀ ਮਨਾਉਣ ਵਾਲੀ ਸਮਾਜਵਾਦੀ ਪਾਰਟੀ ਤੁਲਸੀ ਦੀ ਰਾਮਾਇਣ 'ਤੇ ਹਮਲਾਵਰ ਕਿਉਂ ਹੁੰਦੀ।ਡਾਕਟਰ ਅੰਬੇਡਕਰ ਦਾ ਮੰਨਣਾ ਸੀ ਕਿ ਜਾਤ ਪ੍ਰਣਾਲੀ ਅਸਲ ਵਿੱਚ ਸਮਾਜ ਦੇ ਪਤਨ ਦਾ ਨਤੀਜਾ ਨਹੀਂ ਹੈ ਜਿਸ ਨੂੰ ਸ਼ੋਸ਼ਣਕਾਰੀ ਕਿਹਾ ਜਾਂਦਾ ਹੈ, ਸਗੋਂ ਵਿਚਾਰਧਾਰਕ ਤੌਰ 'ਤੇ ਉਹ ਮਨੁੱਖਤਾ ਵਿਰੋਧੀ ਹੈ ਅਤੇ ਉਸ ਦੇ ਵਿਚਾਰ ਹਿੰਦੂ ਗ੍ਰੰਥਾਂ ਵਿਚ ਵਿਸਥਾਰ ਨਾਲ ਮੌਜੂਦ ਹਨ। ਇਸ ਲਈ ਡਾਕਟਰ ਅੰਬੇਡਕਰ ਮੰਨਦੇ ਹਨ ਕਿ ਹਿੰਦੂ ਗ੍ਰੰਥਾਂ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾਏ ਬਿਨਾਂ ਜਾਤ-ਪਾਤ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਉਸ ਨੇ ਹਿੰਦੂ ਧਰਮ ਗ੍ਰੰਥਾਂ ਦੀ ਵਿਚਾਰਧਾਰਕ, ਅਕਾਦਮਿਕ ਅਤੇ ਰਾਜਨੀਤਿਕ ਤੌਰ 'ਤੇ ਨਾ ਸਿਰਫ ਆਲੋਚਨਾ ਕੀਤੀ, ਸਗੋਂ ਉਨ੍ਹਾਂ ਵਿਰੁੱਧ ਅਮਲੀ ਕਾਰਵਾਈ ਵੀ ਕੀਤੀ। ਮਨੁਸਮ੍ਰਿਤੀ ਨੂੰ ਸਾੜਨਾ ਅਤੇ 'ਰਿਡਲਜ ਇਨ ਹਿੰਦੂਇਜ਼ਮ' ਅਤੇ 'ਜਾਤ-ਪਾਤ' ਦਾ ਬੀਜ ਨਾਸ਼ ਵਰਗਾ ਲਿਟਰੇਚਰ ਰਤਨਾ ਇਸ ਦਾ ਸਬੂਤ ਹਨ। ਹਾਲਾਂਕਿ, ਇਹ ਧਿਆਨਦੇਣ ਯੋਗ ਹੈ ਕਿ ਡਾ. ਅੰਬੇਡਕਰ ਨੇ ਆਪਣੇ ਬ੍ਰਾਹਮਣ ਦੋਸਤਾਂ ਨੂੰ ਮਨੁਸਮ੍ਰਿਤੀ ਨੂੰ ਸਾੜਨ ਲਈ ਉਤਸ਼ਾਹਿਤ ਕੀਤਾ ਸੀ। ਯਾਨੀ ਕਿ ਉਹ ਸਮਾਜ ਦੇ ਹਰ ਵਰਗ ਨੂੰ ਦੱਸ ਰਹੇ ਸੀ ਕਿ ਮਨੁੱਖਤਾ ਲਈ ਇਸ ਨਾ-ਬਰਾਬਰੀ ਅਤੇ ਅਪਮਾਨਜਨਕ ਵਿਵਸਥਾ ਦੀਆਂ ਜੜ੍ਹਾਂ ਕਿੱਥੇ ਹਨ ਅਤੇ ਉਨ੍ਹਾਂ ਨੂੰ ਇਕੱਠੇ ਹੋ ਕੇ (ਬਾਕੀ ਸਫ਼ਾ 29 'ਤੇ)

### ਮਾਮਲਾ ਮੁਸਲਮਾਨ ਨਾਲ ਨਸਲੀ ਤੌਰ 'ਤੇ ਕੁੱਟਮਾਰ ਕਰਨ ਦਾ

# ਸੁਪਰੀਮ ਕੋਰਟ ਦਾ ਹੁਕਮ ਨਫ਼ਰਤੀ ਭਾਸ਼ਣ ਦੇਣ ਵਾਲਿਆਂ ਵਿਰੁੱਧ ਹੋਵੇ ਸਖ਼ਤ ਕਾਰਵਾਈ

ਦਿੱਲੀ/ਏ.ਟੀ.ਨਿਊਜ਼ :- ਸੁਪਰੀਮ ਕੋਰਟ ਨੇ ਬੀਤੇ ਦਿਨੀਂ ਨਫਰਤ ਭਰੇ ਭਾਸ਼ਣ 'ਤੇ ਟਿੱਪਣੀ ਕੀਤੀ। ਅਦਾਲਤ ਬੀਤੇ ਦਿਨੀਂ 2021 ਨਫ਼ਰਤ ਵਾਲੇ ਭਾਸ਼ਣ ਮਾਮਲੇ ਦੀ ਸੁਣਵਾਈ ਕਰ ਰਹੀ ਸੀ। ਅਦਾਲਤ ਨੇ ਕਿਹਾ ਕਿ ਧਰਮ ਨਿਰਪੱਖ ਦੇਸ਼ ਵਿਚ ਧਰਮ ਦੇ ਆਧਾਰ 'ਤੇ ਕੀਤੇ ਗਏ ਅਪਰਾਧਾਂ ਲਈ ਕੋਈ ਥਾਂ ਨਹੀਂ ਹੈ। ਅਦਾਲਤ ਨੇ ਸੂਬਿਆਂ ਨੂੰ ਨਫ਼ਰਤ ਭਰੇ ਭਾਸ਼ਣ ਦੇਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ। ਜਸਟਿਸ ਕੇਐਮ ਜੋਸਫ਼ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਇਸ ਦਾ ਹੱਲ ਤਾਂ ਹੀ ਹੋ ਸਕਦਾ ਹੈ ਜੇਕਰ ਰਾਜ ਨਫ਼ਰਤ ਭਰੇ ਭਾਸ਼ਣ ਨੂੰ ਸਮੱਸਿਆ ਵਜੋਂ ਸਵੀਕਾਰ ਕਰੇ। ਅਦਾਲਤ ਨੇ ਪੁਲਿਸ ਨੂੰ ਪੁੱਛਿਆ ਕਿ ਕੀ ਨਫ਼ਰਤੀ ਅਪਰਾਧ ਨੂੰ ਮਾਨਤਾ ਦਿੱਤੀ ਜਾਵੇਗੀ ਜਾਂ ਇਸ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ? ਕੀ ਤੁਸੀਂ ਇਸਨੂੰ ਕਾਰਪੇਟ ਦੇ ਹੇਠਾਂ ਦਬਾ ਦਓਗੇ ?

**ਪੀੜਤਾ ਨਾਲ ਦੋਸ਼ੀ ਵਰਗਾ ਸਲੂਕ ਕਿਉਂ ?**

ਪੁਲਿਸ ਦੀ ਕਾਰਜਪ੍ਰਣਾਲੀ 'ਤੇ ਸਵਾਲ ਉਠਾਉਂਦੇ ਹੋਏ ਅਦਾਲਤ ਨੇ ਕਿਹਾ ਕਿ ਜਿਸ ਵਿਅਕਤੀ ਨਾਲ ਗਲਤ ਕੰਮ ਕੀਤਾ ਗਿਆ ਹੈ ਤੇ ਜੇਕਰ ਉਹ ਥਾਣੇ ਆਉਂਦਾ ਹੈ ਤਾਂ ਉਸ ਨਾਲ ਦੋਸ਼ੀ ਵਰਗਾ ਵਿਵਹਾਰ ਨਾ ਕੀਤਾ ਜਾਵੇ। ਅਦਾਲਤ ਨੇ ਕਿਹਾ ਕਿ ਕਿਸੇ ਵਿਅਕਤੀ ਨੂੰ ਧਰਮ ਦੇ ਆਧਾਰ 'ਤੇ ਕੁੱਟਿਆ ਜਾਂਦਾ ਹੈ ਅਤੇ ਪੁਲਿਸ ਇਸ 'ਤੇ ਕੋਈ ਕਾਰਵਾਈ ਨਹੀਂ ਕਰਦੀ। ਜਸਟਿਸ ਜੋਸਫ਼ ਨੇ ਕਿਹਾ ਕਿ ਲਾਪ੍ਰਵਾਹੀ ਵਰਤਣ ਵਾਲੇ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ।

**ਜਾਣੋ 2021 ਵਿੱਚ ਕੀ ਹੋਇਆ ਸੀ**

ਸਾਲ 2021 ਵਿੱਚ ਇੱਕ 62 ਸਾਲਾ ਵਿਅਕਤੀ ਨੇ ਆਪਣੀ ਪਟੀਸ਼ਨ ਵਿੱਚ ਦੋਸ਼ ਲਾਇਆ ਸੀ ਕਿ 4 ਜੁਲਾਈ ਨੂੰ ਉਹ ਨੋਇਡਾ ਦੇ ਸੈਕਟਰ 37 ਵਿੱਚ ਅਲੀਗੜ੍ਹ ਜਾਣ ਵਾਲੀ ਬੱਸ ਦੀ ਉਡੀਕ (ਬਾਕੀ ਸਫ਼ਾ 29 'ਤੇ)

## ਦਰਪਣ ਝੂਠ ਨਹੀਂ ਬੋਲਦਾ

# ਸਪੇਨ 'ਚ ਰੈਫਰੀ ਨੇ 15 ਸਾਲਾ ਸਿੱਖ ਖਿਡਾਰੀ ਨੂੰ ਪਟਕਾ ਉਤਾਰਨ ਨੂੰ ਕਿਹਾ

## ਫੁੱਟਬਾਲ ਟੀਮਾਂ ਨੇ ਕੀਤਾ ਬਾਈਕਾਟ



ਸਪੇਨ ਵਿਚ ਇਕ ਫੁੱਟਬਾਲ ਮੈਚ ਦੌਰਾਨ ਜਦੋਂ ਰੈਫਰੀ ਨੇ ਇਕ 15 ਸਾਲਾ ਸਿੱਖ ਲੜਕੇ ਨੂੰ ਪਟਕਾ ਉਤਾਰ ਕੇ ਆਉਣ ਲਈ ਕਿਹਾ ਤਾਂ ਦੋਵਾਂ ਟੀਮਾਂ ਨੇ ਵਿਰੋਧ ਕਰ ਦਿੱਤਾ। ਰੈਫਰੀ ਜਦੋਂ ਧਾਰਮਿਕ ਚਿੰਨ੍ਹਾਂ ਬਾਰੇ ਦੱਸਣ ਦੇ ਬਾਵਜੂਦ ਵੀ ਨਹੀਂ ਮੰਨਿਆ ਤਾਂ ਅਰਾਟੀਆ ਕਲੱਬ ਦੇ ਨਾਲ ਨਾਲ ਵਿਰੋਧੀ ਟੀਮ (ਪੜ੍ਹਰਾ ਡੀ ਅਰਿਗੋਰਿਯਾਗਾ) ਨੇ ਵੀ ਮੈਚ ਦਾ ਬਾਈਕਾਟ ਕਰ ਦਿੱਤਾ।

ਸਥਾਨਕ ਅਖਬਾਰ ਲਾ ਵਾਨਗਾਰਡੀਆ ਅਨੁਸਾਰ ਰੈਫਰੀ ਨੇ 15 ਸਾਲਾ ਲੜਕੇ ਗੁਰਪ੍ਰੀਤ ਸਿੰਘ ਨੂੰ ਆਪਣਾ ਪਟਕਾ ਉਤਾਰਨ ਲਈ ਕਿਹਾ ਕਿਉਂਕਿ ਉਸ ਨੇ ਖਿਡਾਰੀਆਂ ਨੂੰ ਸਮਝਾਉਂਦਿਆਂ ਕਿਹਾ ਕਿ ਉਸ ਨੇ ਟੋਪੀ ਪਾਈ ਹੋਈ ਹੈ' ਜਿਸ ਦੀ ਨਿਯਮਾਂ ਅਨੁਸਾਰ ਮਨਾਹੀ ਹੈ।ਗੁਰਪ੍ਰੀਤ ਸਿੰਘ ਦੀ ਟੀਮ ਦੇ ਸਾਥੀ ਸਭ ਤੋਂ ਪਹਿਲਾਂ ਉਨ੍ਹਾਂ ਦਾ ਸਮਰਥਨ ਕਰਨ ਆਏ। ਉਨ੍ਹਾਂ ਨੇ ਰੈਫਰੀ ਨੂੰ ਸਮਝਾਇਆ ਕਿ ਇਹ ਉਨ੍ਹਾਂ ਦੇ ਧਰਮ ਨਾਲ ਜੁੜਿਆ ਇਕ ਤੱਤ ਹੈ, ਜਿਸ ਨਾਲ ਉਹ ਹਮੇਸ਼ਾ ਖੇਡਦੇ ਰਹੇ ਹਨ। ਜਦੋਂ ਰੈਫਰੀ ਨੇ ਹਿੱਲਣ ਤੋਂ ਮਨ੍ਹਾ ਕਰ ਦਿੱਤਾ ਤਾਂ ਉਨ੍ਹਾਂ ਨੇ ਵੀ ਖੇਡ ਦਾ ਮੈਦਾਨ ਛੱਡਣ ਦਾ ਫ਼ੈਸਲਾ ਕੀਤਾ।ਕਲੱਬ ਅਰਾਟੀਆ ਦੇ ਪ੍ਰਧਾਨ ਪੇਡਰੋ ਓਰਮਜ਼ਾਬਲ ਨੇ ਦੱਸਿਆ ਕਿ ਗੁਰਪ੍ਰੀਤ ਪਿਛਲੇ ਤਕਰੀਬਨ ਪੰਜ ਸਾਲ ਤੋਂ ਇਸੇ ਰੂਪ ਵਿਚ ਕਲੱਬ ਲਈ ਫੁੱਟਬਾਲ ਖੇਡ ਰਿਹਾ ਹੈ। ਸਾਨੂੰ ਇਸ ਤੋਂ ਪਹਿਲਾਂ ਕੋਈ ਸਮੱਸਿਆ ਨਹੀਂ ਹੋਈ ਹੈ ਪਰ ਹੁਣ ਜੋ ਸਥਿਤੀ ਪੈਦਾ ਹੋਈ ਹੈ, ਇਹ ਨਿਸ਼ਚਿਤ ਤੌਰ 'ਤੇ ਅਪਮਾਨਜਨਕ ਹੈ। ਅਰੀਗੋਰਰੀਆਗਾ ਵਿਚ ਜੋ ਹੋਇਆ ਉਹ ਕਿਤੇ ਵੀ ਹੋ ਸਕਦਾ ਹੈ।

# ਪੰਜਾਬ ਦੇ ਪਿੰਡ ਮਚਾਕੀ ਨੇ ਨਸ਼ੇੜੀ ਮੁੰਡਿਆਂ ਨੂੰ ਨਸ਼ਿਆਂ ਤੋਂ ਹਟਾਇਆ, ਤਸਕਰਾਂ ਨਾਲ ਵੀ ਜੂਝੇ



ਫਰੀਦਕੋਟ ਦੇ ਪਿੰਡ ਮਚਾਕੀ ਦੇ 22 ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿੱਚੋਂ ਕੱਢਣ ਲਈ ਪਿੰਡ ਦੀ ਪੰਚਾਇਤ ਨੇ ਸਫਲਤਾ ਹਾਸਲ ਕੀਤੀ ਹੈ ਤੇ ਡਰੱਗ ਤਸਕਰਾਂ ਨਾਲ ਵੀ ਲੜਾਈ ਲੜੀ ਹੈ।

ਪਿੰਡ ਮਚਾਕੀ ਕਲਾਂ ਦੀ ਪੰਚਾਇਤ ਨੇ ਸਭ ਤੋਂ ਪਹਿਲਾਂ ਨਸ਼ੇ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਲਈ ਪਿੰਡ ਦੀ ਧਰਮਸ਼ਾਲਾ ਵਿੱਚ ਹੀ ਇੱਕ ਕੇਂਦਰ ਖੋਲ੍ਹਿਆ ਗਿਆ। ਇਸ ਨਿਗਰਾਨੀ ਕੇਂਦਰ ਵਿੱਚ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ ਅਤੇ ਇਸ ਕੇਂਦਰ ਵਿੱਚ ਪਿੰਡ ਦੇ ਇਨ੍ਹਾਂ ਮੁੰਡਿਆਂ ਕਰੀਬ ਦੋ ਮਹੀਨੇ ਤੋਂ ਰੱਖ ਕੇ ਦੇਖਭਾਲ ਕੀਤੀ ਜਾ ਰਹੀ ਹੈ।

ਸਰਪੰਚ ਗੁਰਸ਼ਿਵਿੰਦਰ ਸਿੰਘ ਨੇ ਦੱਸਿਆ, 'ਨਸ਼ਾ ਤੇਜ਼ੀ ਨਾਲ ਵੱਧ ਰਿਹਾ ਸੀ ਅਤੇ 6 ਮਹੀਨੇ ਪਹਿਲਾਂ ਪਿੰਡ ਦੇ ਲੋਕਾਂ ਤੱਕ ਪਹੁੰਚ ਕਰਕੇ ਉਹਨਾਂ ਬੱਚਿਆਂ ਦੀ ਪਹਿਚਾਣ ਕੀਤੀ ਗਈ ਜੋ ਨਸ਼ੇ ਦੀ ਦਲਦਲ ਵਿੱਚ ਫਸੇ ਹੋਏ ਸਨ। ਅਸੀਂ ਬੱਚਿਆਂ ਦੇ ਮਾਪਿਆਂ ਨੂੰ ਵਿਸ਼ਵਾਸ ਦਵਾਇਆ ਕਿ ਇਸ ਬਾਰੇ ਸਾਰਾ ਖਰਚਾ ਪੰਚਾਇਤ ਅਤੇ ਪਿੰਡ ਵਲੋਂ ਕੀਤਾ ਜਾਵੇਗਾ। ਅਸੀਂ ਉਨ੍ਹਾਂ ਨੂੰ ਡਾਕਟਰੀ ਸਹੂਲਤ ਮੁਹਈਆ ਕਾਰਵਾਈ। ਫਿਰ ਫਰੀਦਕੋਟ ਦੇ ਸਿਵਲ ਹਸਪਤਾਲ ਵਿੱਚ ਨਸ਼ੇ ਛਡਾਉ ਦੀ ਦਵਾਈ ਦਿੱਤੀ ਗਈ।

ਪਿੰਡ ਦੇ ਪੰਚ ਲਖਵਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਲੋਕ ਬਾਹਰੋਂ ਨਸ਼ਾ ਵੇਚਣ ਆਉਂਦੇ ਸਨ ਜਿਨ੍ਹਾਂ ਨਾਲ ਕਰੀਬ 3 ਹਫ਼ਤੇ ਲੜਾਈ ਲੜਨੀ ਪਾਈ। ਉਨ੍ਹਾਂ ਕਿਹਾ, 'ਨਸ਼ਾ ਤਸਕਰ ਬਹੁਤ ਧਮਕੀਆਂ ਵੀ ਦਿੰਦੇ ਸਨ ਪਰ ਫਿਰ ਵੀ ਲੋਕਾਂ ਨੇ ਉਨ੍ਹਾਂ ਨੂੰ ਨਸ਼ਾ ਵੇਚਣ ਤੋਂ ਰੋਕਿਆ।'

ਲਖਵਿੰਦਰ ਸਿੰਘ ਨੇ ਦੱਸਿਆ ਕਿ ਮੁੰਡੇ ਸਾਡੇ ਕਮੇਟੀ ਕੋਲ ਆਏ ਜੋ ਨਸ਼ਾ ਛੱਡਣਾ ਚਾਹੁੰਦੇ ਸਨ। ਅਸੀਂ ਉਨ੍ਹਾਂ ਨੂੰ ਧਰਮਸ਼ਾਲਾ ਵਿੱਚ ਰੱਖਿਆ ਅਤੇ ਪੂਰੀ ਖੁਰਾਕ ਦਿੱਤੀ। ਇਸ ਲਈ ਲੰਗਰ ਸਾਰੇ ਪਿੰਡ ਵਿੱਚੋਂ ਇਕੱਠਾ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਮੁੰਡਿਆਂ ਨੂੰ ਪੰਜੀਰੀ, ਫ਼ਲ- ਫਰੂਟ ਤੇ ਦੁੱਧ ਆਦਿ ਵੀ ਮੁਹੱਈਆ ਕਰਵਾਇਆ ਜਾਂਦਾ ਹੈ।

ਬਲਾਕ ਸਮਿਤੀ ਮੈਂਬਰ ਬੁੱਕਣ ਸਿੰਘ ਨੇ ਕਿਹਾ ਕਿ ਬੱਚਿਆਂ ਦਾ ਧਿਆਨ ਦੂਸਰੇ ਪਾਸੇ ਲਗਾਉਣ ਲਈ ਧਰਮਸ਼ਾਲਾ ਵਿੱਚ ਇੰਟਰਨੈਟ ਅਤੇ ਟੈਲੀਵਿਜ਼ਨ ਲਗਾਇਆ ਗਿਆ।ਸਿਵਲ ਹਸਪਤਾਲ ਫ਼ਰੀਦਕੋਟ ਵਿੱਚ ਤਾਇਨਾਤ ਮਨੋਵਿਗਿਆਨ ਦੇ ਡਾਕਟਰ ਰਣਜੀਤ ਕੌਰ ਕਹਿੰਦੇ ਹਨ ਕਿ ਫ਼ਰੀਦਕੋਟ ਜ਼ਿਲ੍ਹੇ ਵਿੱਚ ਇਸ ਤਰ੍ਹਾਂ ਦਾ ਪਹਿਲਾ ਕਦਮ ਹੈ ਜਿੱਥੇ ਪੰਚਾਇਤ ਵਲੋਂ ਨਸ਼ਾ ਕਰਨ ਵਾਲਿਆਂ ਨੂੰ ਦੇਖ਼-ਰੇਖ ਹੇਠ ਰੱਖਿਆ ਜਾਂਦਾ ਹੈ। ਉਨ੍ਹਾਂ ਦੀ ਨਿਗਰਾਨੀ ਰੱਖੀ ਜਾ ਰਹੀ ਹੈ। ਇਨ੍ਹਾਂ ਨੌਜਵਾਨਾਂ ਦੀ ਕੌਂਸਿਲਿੰਗ ਵੀ ਕੀਤੀ ਜਾਂਦੀ ਹੈ। ਜ਼ਿਆਦਾਤਰ ਨੌਜਵਾਨ ਹੈਰੋਇਨ ਤੇ ਗੋਲੀਆਂ ਦੀ ਲਤ ਤੋਂ ਪੀੜਤ ਹਨ। ਫਰੀਦਕੋਟ ਦੇ ਡਿਪਟੀ ਕਮਿਸ਼ਨਰ ਰੂਹੀ ਦੁੱਗ ਨੇ ਕਿਹਾ ਕਿ ਇਹ ਜਿਲ੍ਹੇ ਵਿੱਚ ਪਹਿਲੀ ਮੁਹਿੰਮ ਹੈ।

# ਇਮਾਮ ਜਾਮੀਆ ਹਿੰਸਾ ਮਾਮਲੇ 'ਚ ਸ਼ਰਜੀਲ ਦੀ ਹੋਈ ਜ਼ਮਾਨਤ

- ਦਿੱਲੀ ਦੰਗਿਆਂ ਦੀ ਸਾਜ਼ਿਸ਼ ਦੇ ਦੋਸ਼ ਤਹਿਤ ਅਜੇ ਵੀ ਜੇਲ੍ਹ ਵਿੱਚ ਰਹਿਣਾ ਪਵੇਗਾ
- ਅਦਾਲਤ ਨੇ ਕਿਹਾ ਕਿ ਪੁਲਿਸ ਝੂਠੇ ਕੇਸ ਅਦਾਲਤ ਵਿੱਚ ਨਾ ਲਿਆਵੇ



ਦਿੱਲੀ ਦੀ ਇੱਕ ਅਦਾਲਤ ਨੇ ਬੀਤੇ ਦਿਨੀਂ 2019 ਦੇ ਜਾਮੀਆ ਹਿੰਸਾ ਮਾਮਲੇ ਵਿੱਚ ਵਿਦਿਆਰਥੀ ਕਾਰਕੁੰਨ ਸ਼ਰਜੀਲ ਇਮਾਮ ਅਤੇ ਆਸਿਫ਼ ਇਕਬਾਲ ਤਨਹਾ ਨੂੰ ਬਰੀ ਕਰ ਦਿੱਤਾ ਸੀ। ਅਦਾਲਤ ਦੇ ਇਸ ਹੁਕਮ ਦੇ ਬਾਵਜੂਦ ਸ਼ਰਜੀਲ ਇਮਾਮ ਜੇਲ੍ਹ ਵਿਚ ਹੀ ਰਹਿਣਗੇ, ਕਿਉਂਕਿ ਸਾਲ 2020 ਵਿਚ ਉੱਤਰ ਪੂਰਬੀ ਦਿੱਲੀ ਵਿਚ ਹੋਏ ਦੰਗਿਆਂ ਦੀ ਸਾਜ਼ਿਸ਼ ਵਿਚ ਉਸ ਦੀ ਸ਼ਮੂਲੀਅਤ ਨਾਲ ਸਬੰਧਤ ਮਾਮਲਾ ਅਜੇ ਵੀ ਚੱਲ ਰਿਹਾ ਹੈ। ਤਨਹਾ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਹੈ। ਜਾਣਕਾਰੀ ਅਨੁਸਾਰ ਸ਼ਰਜੀਲ ਨੂੰ 4 ਮਹੀਨੇ ਪਹਿਲਾਂ ਦੇਸ਼ ਧ੍ਰੋਹ ਦੇ ਮਾਮਲੇ ਵਿਚ ਵੀ ਜ਼ਮਾਨਤ ਮਿਲ ਚੁੱਕੀ ਹੈ, ਦਿੱਲੀ ਦੀ ਇਕ ਅਦਾਲਤ ਨੇ ਦੇਸ਼ ਧ੍ਰੋਹ ਦੇ ਇਕ ਮਾਮਲੇ ਵਿਚ ਸ਼ਰਜੀਲ ਇਮਾਮ ਨੂੰ 30,000 ਰੁਪਏ ਦੇ ਨਿੱਜੀ ਮੁਚਲਕੇ 'ਤੇ ਜ਼ਮਾਨਤ ਦਿੱਤੀ ਸੀ। ਇਸ ਵਿਚ ਉਸ 'ਤੇ ਭੜਕਾਊ ਭਾਸ਼ਣ ਦੇਣ ਦਾ ਦੋਸ਼ ਸੀ, ਜਿਸ ਕਾਰਨ 2019 ਵਿਚ ਜਾਮੀਆ ਨਗਰ ਇਲਾਕੇ ਵਿਚ ਹਿੰਸਾ ਹੋਈ ਸੀ। ਇਮਾਮ ਤਿੰਨ ਸਾਲਾਂ ਤੋਂ ਤਿਹਾੜ ਜੇਲ੍ਹ ਵਿੱਚ ਬੰਦ ਹੈ। ਉਸ ਨੂੰ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਵਿਰੁੱਧ ਹਿੰਸਕ ਪ੍ਰਦਰਸ਼ਨਾਂ ਨਾਲ ਸਬੰਧਤ ਕਈ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਸ਼ਰਜੀਲ ਨੂੰ ਜਨਵਰੀ 2020 ਵਿੱਚ ਬਿਹਾਰ ਤੋਂ ਨਫ਼ਰਤ ਭਰੇ ਭਾਸ਼ਣ ਅਤੇ ਦੇਸ਼ਧ੍ਰੋਹ ਨਾਲ ਸਬੰਧਤ ਇੱਕ ਹੋਰ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।ਸ਼ਰਜੀਲ ਇਮਾਮ, ਅਮਰ ਖਾਲਿਦ, ਖਾਲਿਦ ਸੈਫੀ ਸਮੇਤ ਕਈ ਲੋਕਾਂ ਨੂੰ ਫਰਵਰੀ 2020 ਵਿੱਚ ਉੱਤਰ-ਪੂਰਬੀ ਦਿੱਲੀ ਵਿੱਚ ਹੋਏ ਦੰਗਿਆਂ ਦਾ ਮਾਸਟਰ ਮਾਈਂਡ ਹੋਣ ਦੇ ਕਾਰਨ ਅੱਤਵਾਦ ਵਿਰੋਧੀ ਕਾਨੂੰਨ ਯੂਏਪੀਏ ਦੇ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਉੱਤਰ-ਪੂਰਬੀ ਦਿੱਲੀ ਹਿੰਸਾ ਦੇ ਸਬੰਧ ਵਿੱਚ 750 ਤੋਂ ਵੱਧ ਮਾਮਲੇ ਦਰਜ ਕੀਤੇ ਗਏ ਸਨ। ਇਸ ਹਿੰਸਾ ਵਿਚ ਕਰੀਬ 53 ਲੋਕ ਮਾਰੇ ਗਏ ਸਨ ਅਤੇ ਕਈ ਜ਼ਖਮੀ ਹੋ ਗਏ ਸਨ। ਦੰਗਿਆਂ ਨਾਲ ਸਬੰਧਤ

**(ਬਾਕੀ ਸਫ਼ਾ 30 'ਤੇ)**

# ਤੁਰਕੀ ਤੇ ਸੀਰੀਆ 'ਚ ਭੂਚਾਲ ਨਾਲ ਮੌਤਾਂ ਦੀ ਗਿਣਤੀ 8 ਹਜ਼ਾਰ ਤੋਂ ਟੱਪੀ

ਅੰਕਾਰਾ/ਦਮਿਸ਼ਕ/ਏ.ਟੀ.ਨਿਊਜ਼ :- ਤੁਰਕੀ ਅਤੇ ਸੀਰੀਆ ਵਿਚ ਸੋਮਵਾਰ ਆਏ 7.8 ਦੀ ਤੀਬਰਤਾ ਵਾਲੇ ਭੂਚਾਲ ਵਿੱਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 8,364 ਹੋ ਗਈ ਹੈ, ਜਦੋਂਕਿ 34,810 ਹੋਰ ਜ਼ਖ਼ਮੀ ਹੋਏ ਹਨ। ਢਹਿ-ਢੇਰੀ ਹੋਈਆਂ ਇਮਾਰਤਾਂ ਵਿਚੋਂ ਲਾਸ਼ਾਂ ਨੂੰ ਕੱਢਣ ਦਾ ਸਿਲਸਿਲਾ ਅਜੇ ਵੀ ਜਾਰੀ ਹੈ। ਤੁਰਕੀ ਦੇ ਉਪ ਰਾਸ਼ਟਰਪਤੀ ਫੁਆਤ ਓਕਤੇ ਨੇ ਕਿਹਾ ਕਿ ਇਸ ਵੇਲੇ ਕੁੱਲ 16,139 ਟੀਮਾਂ ਖੋਜ ਅਤੇ ਬਚਾਅ ਕਾਰਜ ਵਿਚ ਲੱਗੀਆਂ ਹੋਈਆਂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਵਾਧੂ ਅੰਤਰਰਾਸ਼ਟਰੀ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ। ਸੋਮਵਾਰ ਨੂੰ ਸ਼ੁਰੂਆਤੀ ਭੂਚਾਲ ਤੋਂ ਬਾਅਦ ਇਸ ਖੇਤਰ ਵਿੱਚ 100 ਤੋਂ ਵੱਧ ਝਟਕੇ ਆ ਚੁੱਕੇ ਹਨ। 60 ਤੋਂ ਵੱਧ ਦੇਸ਼ਾਂ ਨੇ ਸਹਾਇਤਾ ਦਾ ਵਾਅਦਾ ਕੀਤਾ ਹੈ ਅਤੇ ਪ੍ਰਭਾਵਿਤ ਖੇਤਰਾਂ ਵਿੱਚ ਮਾਨਵਤਾਵਾਦੀ ਸਹਾਇਤਾ ਭੇਜੀ ਹੈ। ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਨੇ ਦੇਸ਼ ਦੇ 10 ਸਭ ਤੋਂ ਪ੍ਰਭਾਵਿਤ ਸੂਬਿਆਂ ਵਿੱਚ 3 ਮਹੀਨਿਆਂ ਲਈ ਐਮਰਜੈਂਸੀ ਦਾ ਐਲਾਨ ਕੀਤਾ ਹੈ। ਤੁਰਕੀ ਦੀ ਆਫ਼ਤ ਪ੍ਰਬੰਧਨ ਏਜੰਸੀ ਨੇ ਪੁਸ਼ਟੀ ਕੀਤੀ ਕਿ ਭੂਚਾਲ ਨੇ ਇੱਕ ਵੱਡੇ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਇਕੱਲੇ ਤੁਰਕੀ ਵਿੱਚ ਲਗਭਗ 11,000 ਇਮਾਰਤਾਂ ਢਹਿ ਗਈਆਂ ਹਨ। ਰਾਹਤ ਅਤੇ ਬਚਾਅ ਦੇ ਯਤਨ ਬਹੁਤ ਘੱਟ ਸਾਬਤ ਹੋ ਰਹੇ ਹਨ। ਤੁਰਕੀ ਦੇ ਦੱਖਣ-ਪੂਰਬ ਵਿਚ ਸਥਿਤ ਇਕ ਸ਼ਹਿਰ ਹਤਾਏ ਵਿਚ ਲਗਭਗ 1,500 ਇਮਾਰਤਾਂ ਢਹਿ ਗਈਆਂ ਹਨ, ਇਹ ਸ਼ਹਿਰ ਭੂਚਾਲ ਦਾ ਕੇਂਦਰ ਸੀ।





# ਰਾਮਦੇਵ ਵੱਲੋਂ ਮੁਸਲਮਾਨਾਂ ਦੇ ਇਕੱਠ 'ਤੇ ਨ਼ਫਰਤੀ ਟਿੱਪਣੀ

## 'ਹਿੰਦੂ ਕੁੜੀਆਂ ਨੂੰ ਚੁੱਕੋ, ਜਿਹਾਦੀ ਬਣੋ, ਪਰ ਨਮਾਜ਼ ਦਿਨ ਵਿੱਚ 5 ਵਾਰ ਪੜ੍ਹੋ ਫਿਰ ਸਭ ਕੁਝ ਜਾਇਜ਼ ਏ'



ਬਾੜਮੇਰ/ਏ.ਟੀ.ਨਿਊਜ਼ :- ਰਾਜਸਥਾਨ ਦੌਰੇ 'ਤੇ ਆਏ ਯੋਗਾ ਗੁਰੂ ਬਾਬਾ ਰਾਮਦੇਵ ਨੂੰ ਨਮਾਜ਼ 'ਤੇ ਮੁਸਲਿਮ ਸਮਾਜ ਖਿਲਾਫ ਟਿੱਪਣੀ ਕਰਨਾ ਮਹਿੰਗਾ ਪੈ ਗਿਆ। ਬਾਬੇ ਦੇ ਵਿਵਾਦਿਤ ਸ਼ਬਦਾਂ 'ਤੇ ਦੇਸ਼ ਭਰ ਵਿੱਚ ਸਿਆਸਤ ਭਖ ਗਈ ਹੈ। ਸੂਬੇ ਵਿੱਚ ਕਈ ਥਾਵਾਂ 'ਤੇ ਬਾਬੇ ਦੇ ਖਿਲਾਫ ਪ੍ਰਦਰਸ਼ਨ ਵੀ ਹੋਏ ਹਨ। ਟੋਂਕ ਕਲੈਕਟਰੇਟ ਵਿਚ ਮੁਸਲਿਮ ਸਮਾਜ ਅਤੇ ਵਕੀਲਾਂ ਨੇ ਬਾਬੇ ਦੇ ਖਿਲਾਫ ਪ੍ਰਦਰਸ਼ਨ ਕੀਤਾ ਤੇ ਕੋਤਵਾਲੀ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ। ਰਾਜ ਘੱਟਗਿਣਤੀ ਕਮਿਸ਼ਨ ਨੇ ਵੀ ਬਾਬਾ ਰਾਮਦੇਵ ਦੀ ਗੱਲ 'ਤੇ ਸਖਤ ਨੋਟਿਸ ਲਿਆ।

ਸਵਾਮੀ ਰਾਮਦੇਵ ਨੇ ਬਾੜਮੇਰ ਵਿੱਚ ਇਕ ਧਾਰਮਿਕ ਇਕੱਠ ਨੂੰ ਸੰਬੋਧਨ ਕਰਦੇ ਹੋਏ ਇਸਲਾਮ ਅਤੇ ਮੁਸਲਮਾਨਾਂ ਖਿਲਾਫ ਵਿਵਾਦਿਤ ਬਿਆਨ ਦਿੱਤਾ ਸੀ। ਉਨ੍ਹਾਂ ਨੇ ਕਿਹਾ ਕਿ ਨਮਾਜ਼ ਅਦਾ ਕਰਨ ਤੋਂ ਬਾਅਦ, ਤੁਸੀਂ ਜੋ ਵੀ ਕਰਦੇ ਹੋ, ਸਭ ਕੁਝ ਜਾਇਜ਼ ਹੈ। ਹਿੰਦੂ ਕੁੜੀਆਂ ਨੂੰ ਚੁੱਕੋ ਜਾਂ ਜਿਹਾਦ ਦੇ ਨਾਮ ਤੇ ਅੱਤਵਾਦੀ ਬਣੋ, ਜੋ ਵੀ ਮਨ ਵਿੱਚ ਆਵੇ ਉਹ ਕਰੋ, ਪਰ ਨਮਾਜ਼ ਦਿਨ ਵਿੱਚ 5 ਵਾਰ ਪੜ੍ਹੋ। ਫਿਰ ਸਭ ਕੁਝ ਜਾਇਜ਼ ਹੈ।'ਰਾਜਸਥਾਨ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਅਤੇ ਕਾਂਗਰਸੀ ਵਿਧਾਇਕ ਰਫੀਕ ਖਾਨ ਨੇ ਬਾਬਾ ਰਾਮਦੇਵ ਦੀ ਗੱਲ ਨੂੰ ਬਹੁਤ ਮਾੜਾ ਕਰਾਰ ਦਿੰਦਿਆਂ ਇਸ ਨੂੰ ਸੋਚੀ ਸਮਝੀ ਸਾਜ਼ਿਸ਼ ਕਰਾਰ ਦਿੱਤਾ। ਖਾਨ ਨੇ ਕਿਹਾ ਕਿ ਰਾਮਦੇਵ ਦੀਆਂ ਕੰਪਨੀਆਂ ਕੇਂਦਰ ਸਰਕਾਰ ਦੇ ਆਸ਼ੀਰਵਾਦ ਨਾਲ ਤਰੱਕੀ ਕਰ ਰਹੀਆਂ ਹਨ, ਇਸ ਲਈ ਉਨ੍ਹਾਂ ਨੂੰ ਰਾਜਸਥਾਨ ਵਿੱਚ ਫਿਰਕਾਪ੍ਰਸਤੀ ਅਤੇ ਜਾਤੀਵਾਦ ਫੈਲਾਉਣ ਲਈ ਭੇਜਿਆ ਗਿਆ ਹੈ। ਉਹ ਇੱਕ ਸਾਜ਼ਿਸ਼ ਤਹਿਤ ਰਾਜਸਥਾਨ ਆਏ ਸਨ। ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਾਬਾ ਰਾਮਦੇਵ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ।ਟੋਂਕ ਦੇ ਕਲੈਕਟਰੇਟ ਕੰਪਲੈਕਸ 'ਚ ਲੋਕਾਂ ਨੇ ਬਾਬਾ ਰਾਮਦੇਵ ਖਿਲਾਫ ਨਾਅਰੇਬਾਜ਼ੀ ਕੀਤੀ ਅਤੇ ਪ੍ਰਦਰਸ਼ਨ ਕੀਤਾ। ਲੋਕਾਂ ਨੇ ਕੁਲੈਕਟਰ ਨੂੰ ਮੰਗ ਪੱਤਰ ਸੌਂਪ ਕੇ ਰਾਮਦੇਵ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਇਸ ਤੋਂ ਬਾਅਦ ਵਕੀਲਾਂ ਨੇ ਥਾਣਾ ਕੋਤਵਾਲੀ ਪਹੁੰਚ ਕੇ ਬਾਬਾ ਰਾਮਦੇਵ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕਰਦੇ ਹੋਏ ਲਿਖਤੀ ਰਿਪੋਰਟ ਦਿੱਤੀ।

# ਆਸਾਮ ਵਿੱਚ ਬਾਲ ਵਿਆਹ ਕਾਰਨ ਪੁਲਿਸ ਵੱਲੋਂ ਕਾਰਵਾਈ, 2211 ਗ੍ਰਿ਼ਫਤਾਰ

## ਵਿਆਹ ਕਰਵਾਉਣ ਵਾਲੇ ਕਈ ਮੌਲਵੀ ਅਤੇ ਪੁਜਾਰੀ ਵੀ ਗ੍ਰਿ਼ਫਤਾਰ

ਗੁਹਾਟੀ/ਏ.ਟੀ.ਨਿਊਜ਼ :- ਬੀਤੇ ਦਿਨੀਂ ਆਸਾਮ ਵਿਚ ਬਾਲ ਵਿਆਹ ਨਾਲ ਸਬੰਧਤ ਮਾਮਲਿਆਂ ਵਿਚ ਪੁਲਿਸ ਨੇ ਵੱਡੀ ਕਾਰਵਾਈ ਕੀਤੀ ਸੀ। ਪੁਲਿਸ ਨੇ ਬੀਤੇ ਦਿਨੀਂ ਬਾਲ ਵਿਆਹ ਨਾਲ ਜੁੜੇ ਮਾਮਲਿਆਂ ਵਿਚ ਸ਼ਾਮਲ 2300 ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ। ਆਈ ਜੀ ਪੀ ਲਾਅ ਐਂਡ ਆਰਡਰ ਪ੍ਰਸ਼ਾਂਤ ਕੁਮਾਰ ਭੂਈਆ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਲੋਕਾਂ ਦੀ ਗਿਣਤੀ ਹੋਰ ਵਧੇਗੀ।

23 ਜਨਵਰੀ ਨੂੰ ਰਾਜ ਮੰਤਰੀ ਮੰਡਲ ਨੇ ਬਾਲ ਵਿਆਹ ਨਾਲ ਸਬੰਧਤ ਮਾਮਲਿਆਂ ਵਿਚ ਕਾਰਵਾਈ ਕਰਨ ਦਾ ਫੈਸਲਾ ਕੀਤਾ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਪਿਛਲੇ 10 ਦਿਨਾਂ ਵਿਚ ਪੁਲਿਸ ਨੇ ਬਾਲ ਵਿਆਹ ਦੀਆਂ 4004 ਘਟਨਾਵਾਂ ਦਰਜ ਕੀਤੀਆਂ ਸਨ। ਇਸ ਸੰਬੰਧ ਵਿਚ ਕਈ ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ।

ਇਹ ਕੇਸ ਬਾਲ ਵਿਆਹ ਮਨਾਹੀ ਕਾਨੂੰਨ (Child Marriage Prohibition Act) 2006 ਤਹਿਤ ਦਰਜ ਕੀਤੇ ਗਏ ਹਨ ਪਰ ਨਾਲ ਹੀ ਸੂਬੇ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਨੇ ਪੁਲਿਸ ਨੂੰ ਹਦਾਇਤ ਦਿੱਤੀ ਹੈ ਕਿ ਜੇ ਵਿਆਹੁਤਾ ਕੁੜੀ ਦੀ ਉਮਰ 14 ਸਾਲ ਤੋਂ ਘੱਟ ਹੋਵੇ ਤਾਂ ਉਸ ਦੇ ਪਤੀ ਵਿਰੁੱਧ ਜਿਨਸੀ ਸ਼ੋਸ਼ਣ ਤੋਂ ਬੱਚਿਆਂ ਦੀ ਸੁਰੱਖਿਆ ਸਬੰਧੀ



ਕਾਨੂੰਨ ਤਹਿਤ ਵੀ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ। ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਇਨ੍ਹਾਂ ਗ੍ਰਿ਼ਫਤਾਰੀਆਂ ਦਾ ਵਿਰੋਧ ਹੋਇਆ ਹੈ ਅਤੇ ਪੀੜਤ ਪਤਨੀਆਂ ਨੇ ਥਾਣਿਆਂ ਦਾ ਘਿਰਾਉ ਕੀਤਾ ਸੀ। ਵਿਆਹ ਕਰਵਾਉਣ ਵਾਲੇ ਕਈ ਮੌਲਵੀ ਅਤੇ ਪੁਜਾਰੀ ਵੀ ਗ੍ਰਿ਼ਫਤਾਰ ਕੀਤੇ ਗਏ ਸਨ। ਆਸਾਮ ਵਿਚ ਬਾਲ ਵਿਆਹ ਪ੍ਰਥਾ ਮੁਸਲਿਮ ਭਾਈਚਾਰੇ ਵਿਚ ਜ਼ਿਆਦਾ ਪ੍ਰਚਲਿਤ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਦੇ 2022 ਦੇ ਸਰਵੇਖਣ ਅਨੁਸਾਰ ਸਭ ਤੋਂ ਜ਼ਿਆਦਾ ਬਾਲ ਵਿਆਹ ਝਾਰਖੰਡ ਵਿਚ ਹੁੰਦੇ ਹਨ। ਰਾਜਸਥਾਨ ਵਿਚ ਵੀ ਇਹ ਗੰਭੀਰ ਸਮੱਸਿਆ ਹੈ। ਸਾਮਾਜ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਵਿੱਦਿਆ ਤੇ ਪਸਾਰ ਅਤੇ ਆਰਥਿਕ ਤਰੱਕੀ ਨਾਲ ਬਾਲ ਵਿਆਹਾਂ ਦੀ ਗਿਣਤੀ ਘਟਦੀ ਹੈ। ਗ੍ਰਹਿ ਮੰਤਰਾਲੇ ਦੇ ਉਪਰੋਕਤ ਸਰਵੇਖਣ ਅਨੁਸਾਰ ਕੇਰਲ ਵਿਚ ਕੋਈ ਵੀ ਬਾਲ ਵਿਆਹ ਨਹੀਂ ਹੁੰਦਾ।

## ਬੰਗਲਾਦੇਸ਼ ਵਿੱਚ ਹੁੱਲੜਬਾਜ਼ਾਂ ਨੇ 14 ਮੰਦਰ ਤੋੜੇ, ਮੂਰਤੀਆਂ ਤੋੜ ਕੇ ਮੰਦਰਾਂ ਨਾਲ ਬਣੇ ਸਰੋਵਰਾਂ ਵਿੱਚ ਸੁੱਟੀਆਂ

ਢਾਕਾ/ਏ.ਟੀ.ਨਿਊਜ਼ :- ਬੰਗਲਾਦੇਸ਼ ਵਿਚ ਬੀਤੇ ਦਿਨੀਂ ਠਾਕੁਰਗਾਂਵ ਜ਼ਿਲ੍ਹੇ ਦੇ ਬਲੀਆਡਾਂਗੀ ਵਿਖੇ ਇਕ ਤੋਂ ਬਾਅਦ ਇਕ ਹਮਲਿਆਂ ਵਿਚ ਹੁੱਲੜਬਾਜ਼ਾਂ ਨੇ 14 ਮੰਦਰ ਤੋੜ ਦਿੱਤੇ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਮੰਦਰਾਂ ਦੇ ਆਸ-ਪਾਸ ਪੁਲਿਸ ਜਵਾਨ ਤਾਇਨਾਤ ਕਰ ਦਿੱਤੇ ਗਏ।

(ਬਾਕੀ ਸਫ਼ਾ 31 'ਤੇ)



DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

8 ਫ਼ਰਵਰੀ ਤੋਂ 14 ਫਰਵਰੀ, 2023

## ਹੁਣ ਦੇ ਹਲਾਤਾਂ ਵਿੱਚ ਵੱਡੇ ਘੱਲੂਘਾਰੇ ਤੋਂ ਕੀ ਸਿੱਖਿਆ ਲਈਏ...

ਅਹਿਮਦ ਸ਼ਾਹ ਅਬਦਾਲੀ ਨਾਦਰ ਸ਼ਾਹ ਦੇ ਕਤਲ ਤੋਂ ਬਾਅਦ 1747 ਵਿੱਚ ਅਫਗਾਨਿਸਤਾਨ ਦਾ ਬਾਦਸ਼ਾਹ ਬਣਿਆ। ਉਸ ਨੇ 1748 ਤੋਂ 1771 ਦੇ ਦਰਮਿਆਨ ਹਿੰਦੁਸਤਾਨ ਉੱਪਰ 12 ਹਮਲੇ ਕੀਤੇ ਤੇ ਇੱਥੋਂ ਦੀ ਮਾਲ-ਅਸਬਾਬ ਨੂੰ ਖ਼ੂਬ ਲੁੱਟਿਆ। ਅਬਦਾਲੀ ਨੇ ਹਿੰਦੁਸਤਾਨ ਨੂੰ ਰਾਜਨੀਤਕ ਤੌਰ 'ਤੇ ਆਪਣੇ ਦਾਬੇ ਹੇਠ ਲਿਆਉਣ ਦਾ ਸਿਰਤੋੜ ਯਤਨ ਕੀਤਾ ਪਰ ਸਿੰਘਾਂ ਨੇ ਉਸ ਦਾ ਇਹ ਮਨਸੂਬਾ ਕਾਮਯਾਬ ਨਹੀਂ ਹੋਣ ਦਿੱਤਾ। ਉਹ ਜਦੋਂ ਵੀ ਆਪਣੇ ਲਾਮ-ਲਸ਼ਕਰ ਨਾਲ ਹਿੰਦੁਸਤਾਨ ਨੂੰ ਲੁੱਟ ਕੇ ਵਾਪਸ ਪਰਤਦਾ ਤਾਂ ਸਿੰਘ ਗੁਰੀਲਾ ਯੁੱਧ ਨੀਤੀ ਤਹਿਤ ਅੱਧੀ ਰਾਤ ਨੂੰ ਉਸ ਦੇ ਮੁਕਾਮੀ ਕੈਂਪਾਂ 'ਤੇ ਹਮਲਾ ਕਰ ਕੇ ਧਨ-ਪਦਾਰਥ, ਮਾਲ-ਅਸਬਾਬ, ਅਸਤ੍ਰ-ਸ਼ਸਤ੍ਰ ਤੇ ਘੋੜੇ ਆਦਿ ਲੁੱਟ ਲੈ ਜਾਂਦੇ। ਇਸ ਵਿਰੋਧ ਤੋਂ ਖਫਾ ਹੋ ਕੇ ਉਸ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਬਾਰੂਦ ਦੇ ਕੁੱਪਿਆਂ ਨਾਲ ਉਡਾਇਆ ਤੇ ਪਵਿੱਤਰ ਅੰਮ੍ਰਿਤ ਸਰੋਵਰ ਦੀ ਬੇਹੁਰਮਤੀ ਕੀਤੀ। ਫਿਰ ਛੇਵੇਂ ਹੱਲੇ ਦੌਰਾਨ 1762 ਵਿੱਚ ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਸਿੱਖ ਦਲਾਂ ਨੂੰ ਪਰਿਵਾਰ ਸਮੇਤ ਕੁੱਪ ਰਹੀੜੇ ਦੇ ਮੈਦਾਨ ਵਿੱਚ ਘੇਰ ਕੇ ਤਕਰੀਬਨ 25 ਹਜਾਰ ਸਿੰਘ ਸ਼ਹੀਦ ਕਰ ਦਿੱਤੇ। ਇਸ ਸਾਕੇ ਨੂੰ ਇਤਿਹਾਸ ਵਿੱਚ 'ਵੱਡਾ ਘੱਲੂਘਾਰਾ' ਕਿਹਾ ਜਾਂਦਾ ਹੈ।

ਇਹ ਇੱਕ ਅਜਿਹਾ ਹਮਲਾ ਸੀ, ਜਿਸ ਵਿੱਚ ਸਿੱਖਾਂ ਦਾ ਹੱਦੋਂ ਵੱਧ ਕੇ ਨੁਕਸਾਨ ਹੋਇਆ ਸੀ। ਹਕੂਮਤ ਦੇ ਜ਼ੁਲਮਾਂ ਦੇ ਸਤਾਏ ਸਿੱਖ ਉਸ ਸਮੇਂ ਘਰ ਬਾਰ ਛੱਡ ਕੇ ਦਲ ਵਿੱਚ ਇਕੱਠੇ ਰਹਿਣ ਲੱਗ ਪਏ ਸਨ। ਇਸ ਘੱਲੂਘਾਰੇ ਵਿਚ ਉਸ ਸਮੇਂ ਤਕਰੀਬਨ ਅੱਧਾ ਦਲ ਮੌਕੇ 'ਤੇ ਹੀ ਸ਼ਹੀਦੀ ਪਾ ਗਿਆ ਸੀ। ਕੋਈ ਅਜਿਹਾ ਜਰਨੈਲ, ਸਿੱਖ ਜਾਂ ਬੱਚਾ ਨਹੀਂ ਸੀ ਜਿਸ ਨੂੰ ਫੱਟ ਨਾ ਲੱਗੇ ਹੋਣ। ਕੁੱਪ ਰੋਹੀੜੇ ਤੋਂ ਲੈ ਕੇ ਬਰਨਾਲੇ ਤੱਕ ਦਲ ਦੇ ਸ਼ਹੀਦ ਸਿੱਖਾਂ ਦੇ ਸਰੀਰ ਪਏ ਸਨ। ਫੂਲਕੀਆ ਮਿਸਲ ਦੇ ਇਲਾਕੇ ਵਿਚ ਦਾਖ਼ਲ ਹੋਣ 'ਤੇ ਵੀ ਅਬਦਾਲੀ ਦੀਆਂ ਫੌਜਾਂ ਨਾਲ ਟੱਕਰ ਲੈ ਕੇ ਦਲ ਦੇ ਸਿੱਖਾਂ ਦੀ ਮਦਦ ਕਰਨ ਦਾ ਕਿਸੇ ਨੂੰ ਹੀਆ ਨਹੀਂ ਪਿਆ। ਆਖਰਕਾਰ ਜਦੋਂ ਦਲ ਬੱਚਿਆਂ, ਬੀਬੀਆਂ ਅਤੇ ਬਜ਼ੁਰਗਾਂ ਨੂੰ ਬਚਾਉਂਦਾ ਬੜੀ ਦੂਰ ਨਿਕਲ ਗਿਆ ਅਤੇ ਅਬਦਾਲੀ ਨੂੰ ਭਰੋਸਾ ਹੋ ਗਿਆ ਕਿ ਹੁਣ ਬੜਾ ਤਸੱਲੀਬਖ਼ਸ਼ ਸਬਕ ਸਿੱਖਾਂ ਨੂੰ ਸਿਖਾਇਆ ਜਾ ਚੁੱਕਿਆ ਹੈ ਅਤੇ ਦੁਬਾਰਾ ਉਸ ਨਾਲ ਟੱਕਰ ਲੈਣ ਵੇਲੇ ਸਿੱਖ ਸੌ ਵਾਰ ਸੋਚਣਗੇ ਤਾਂ ਉਹ ਸ਼ਾਮ ਹੋਣ ਤੋਂ ਪਹਿਲਾਂ ਵਾਪਸ ਪਰਤ ਗਿਆ। ਪਰ ਅਬਦਾਲੀ ਦੀ ਸੋਚ ਦੇ ਉਲਟ ਬਚੇ ਹੋਏ ਸਿੱਖਾਂ ਨੇ ਰਹਿਰਾਸ ਸਾਹਿਬ ਦਾ ਪਾਠ ਕੀਤਾ, ਅਰਦਾਸਾ ਸੋਧਿਆ, ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਇੱਕ ਨਿਹੰਗ ਸਿੰਘ ਨੇ ਉੱਚੀ ਅਵਾਜ਼ ਵਿੱਚ ਕਿਹਾ ਕਿ :

'ਤੱਤ ਖਾਲਸੋ ਸੋ ਰਹਯੋ,
ਗਯੋ ਸੁ ਖੋਟ ਗਵਾਇ।'

ਆਪਣੇ ਪਰਿਵਾਰਾਂ, ਦੋਸਤਾਂ ਦੇ ਕਤਲ ਹੋ ਜਾਣ ਅਤੇ ਗੁੰਮ ਹੋ ਜਾਣ ਦੀ ਸੂਰਤ ਵਿੱਚ ਵੀ ਸਿੰਘਾਂ ਨੇ ਪੂਰੀ ਚੜ੍ਹਦੀ ਕਲਾ ਵਿੱਚ ਜੈਕਾਰੇ ਛੱਡੇ। 5 ਫਰਵਰੀ 1762 ਨੂੰ ਇੱਕੋ ਦਿਨ ਵਿੱਚ ਐਸੇ ਮਾਰੂ ਹੱਲੇ ਉਪਰੰਤ ਸਿੰਘਾਂ ਦਾ ਦੂਜੇ ਦਿਨ ਪਿੱਛਾ ਕਰਕੇ ਕਤਲ ਕਰਨ ਦੀ ਹਿੰਮਤ ਅਬਦਾਲੀ ਨਾ ਕਰ ਸਕਿਆ। ਪੂਰੇ ਦੋ ਮਹੀਨੇ ਬਾਅਦ ਹੀ ਅਪ੍ਰੈਲ ਮਹੀਨੇ ਵੈਸਾਖੀ ਵਿੱਚ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਇਕੱਠੇ ਹੋ ਗਏ, ਜਦੋਂ ਅਬਦਾਲੀ ਅਜੇ ਲਾਹੌਰ ਬੈਠਾ ਸਿੰਘਾਂ ਦੇ ਤੇਵਰ ਹੀ ਵੇਖਣਾ ਚਾਹੁੰਦਾ ਸੀ, ਸਿੰਘਾਂ ਨੇ ਉਸਦੇ ਹਾਈ ਕਮਾਂਡ ਸਰਹਿੰਦ ਅਤੇ ਮਲੇਰਕੋਟਲੇ ਦੇ ਅਫਸਰਾਂ ਨੂੰ ਘੇਰ ਕੇ ਸੋਧਾ ਲਾ ਦਿੱਤਾ। ਉਸੇ ਸਾਲ ਦੀਵਾਲੀ ਉਪਰ ਸਿੰਘਾਂ ਨੇ ਅਬਦਾਲੀ ਨਾਲ ਸਿੱਧੇ ਮੱਥੇ ਜਾ ਟੱਕਰ ਲਈ ਅਤੇ ਉਸ ਦਾ ਪੰਜਾਬ ਨੂੰ ਅਫ਼ਗ਼ਾਨਿਸਤਾਨ ਨਾਲ ਜੋੜਨ ਦਾ ਸੁਪਨਾ ਚਕਨਾਚੂਰ ਕਰ ਦਿੱਤਾ।

ਅਬਦਾਲੀ ਜਿਸ ਤੋਂ ਸਾਰਾ ਹਿੰਦੁਸਤਾਨ ਡਰਦਾ ਸੀ, ਸਿੰਘਾਂ ਨੇ ਉਸ ਨੂੰ ਸੌ ਵਾਰ ਘੇਰ ਕੇ, ਉਸਦੀਆਂ ਫੌਜਾਂ ਨੂੰ ਲੁੱਟਿਆ ਅਤੇ ਹਾਰਾਂ ਦਿੱਤੀਆਂ। ਅਬਦਾਲੀ ਦਾ ਡਰ ਪੰਜਾਬ ਦੇ ਲੋਕਾਂ ਦੇ ਦਿਲਾਂ ਵਿਚੋਂ ਕੱਢ ਦਿੱਤਾ। ਘੱਲੂਘਾਰੇ ਤੋਂ ਉਪਰੰਤ ਸਿੰਘ ਨਿਡਰ ਹੋ ਗਏ, ਦੁਰਾਨੀ ਅਤੇ ਮੁਗਲ ਹਕੂਮਤ ਦੇ ਸਾਰੇ ਪ੍ਰਸ਼ਾਸਨਿਕ ਪ੍ਰਬੰਧ ਮੁਕੰਮਲ ਨਕਾਰਾ ਕਰ ਦਿੱਤੇ। ਲਾਹੌਰ ਤੋਂ ਦਿੱਲੀ ਦੀਆਂ ਜੂਹਾਂ ਤੱਕ ਸਿੱਖ ਰਾਜ ਸਥਾਪਿਤ ਕਰ ਲਿਆ।

ਵੱਡੇ ਘੱਲੂਘਾਰੇ ਨੂੰ ਯਾਦ ਕਰਦਿਆਂ ਸਾਨੂੰ ਆਪਣੇ ਬਜ਼ੁਰਗਾਂ ਵੱਲ, ਮੁੜਕੇ ਆਪਣੇ ਵੱਲ ਵੇਖਣਾ ਚਾਹੀਦਾ ਹੈ। ਜਿਨ੍ਹਾਂ ਨੇ ਕਦੇ ਢਹਿੰਦੀ ਕਲਾ ਵਾਲੀ ਗੱਲ ਨਹੀਂ ਕੀਤੀ, ਵੱਡੇ ਘੱਲੂਘਾਰੇ ਦੇ ਨੁਕਸਾਨ ਨੂੰ ਮਾਮੂਲੀ ਜਾਣ ਕੇ ਫੇਰ ਤੋਂ ਪੂਰੀ ਤਾਕਤ ਨਾਲ ਉਠ ਖੜ੍ਹੇ ਹੋਏ। ਵੈਰੀਆਂ ਨੇ ਕਿੰਨੀ ਵਾਰ ਪੰਜਾਬ ਵਿੱਚ ਢੋਲ ਪਿੱਟਵਾ ਕੇ ਬਿਰਤਾਂਤ ਪੱਕਾ ਕਰਨ ਦੀ ਕੋਸ਼ਿਸ ਕੀਤੀ ਕਿ ਸਿੱਖ ਮਾਰੇ ਗਏ, ਸਿੱਖ ਲੁੱਟੇ ਗਏ, ਸਿੱਖ ਬੇਚਾਰੇ, ਸਿੱਖ ਹੁਣ ਖ਼ਤਮ, ਪਰ ਸਿੰਘਾਂ ਨੇ ਵੈਰੀਆਂ ਦਾ ਲਚਾਰਗੀ ਵਾਲਾ ਬਿਰਤਾਂਤ ਆਪਣੇ ਦਿਲ ਵਿੱਚ ਤਾਂ ਕੀ ਵਸਾਉਣਾ ਸੀ, ਸਗੋਂ ਆਮ ਜਨਤਾ ਦੇ ਦਿਲ ਵਿੱਚ ਵੀ ਹਕੂਮਤ ਦਾ ਬਿਰਤਾਂਤ ਟਿਕਣ ਨਹੀਂ ਦਿੱਤਾ। ਇਕੱਲੇ ਇਕੱਲੇ ਸਿੰਘ ਨੇ ਦੱਸਿਆ ਕਿ ਇੱਥੇ ਸਿੱਖਾਂ ਦਾ ਰਾਜ ਹੈ ਅਤੇ ਸਿੱਖਾਂ ਦਾ ਹੀ ਰਾਜ ਰਹੇਗਾ।

ਹੁਣ ਹਕੂਮਤ ਬਦਲ ਗਈ ਹੈ, ਪਰ ਨਾਲੋਂ ਨਾਲ ਸਿੱਖਾਂ ਦਾ ਵੀ ਵੱਡਾ ਹਿੱਸਾ ਆਪਣੇ ਮੂਲ ਸੁਭਾਅ ਨੂੰ ਭੁੱਲ ਕੇ ਬਦਲ ਗਿਆ ਹੈ। ਹਕੂਮਤਾਂ ਦੇ ਬਿਰਤਾਂਤ ਨੂੰ ਸਿੱਖ ਇੰਨ ਬਿੰਨ ਕਈ ਦਹਾਕਿਆਂ ਤੋਂ ਮੰਨਦਾ ਆ ਰਿਹਾ ਹੈ ਕਿ ਸਿੱਖ ਹੁਣ ਪਹਿਲਾਂ ਵਰਗੇ ਨਹੀਂ ਰਹੇ। ਸਿੱਖ ਬੇਚਾਰੇ ਹਨ, ਲਾਚਾਰ ਹਨ, ਸਿੱਖ 1947 ਵਿੱਚ ਮਾਰੇ ਗਏ, ਉਸ ਤੋਂ ਬਾਅਦ ਲਗਾਤਾਰ ਮਾਰੇ ਗਏ, 1984 ਤੋਂ ਬਾਅਦ ਵਿੱਚ ਲਗਾਤਾਰ ਸਿੱਖਾਂ ਦਾ ਨੁਕਸਾਨ ਹੋਇਆ, ਬਹੁਤੇ ਸਿੱਖ ਖੁਦ ਹੀ ਮੰਨਣ ਲੱਗ ਪਏ ਹਨ। ਪਹਿਲਾਂ ਸਿੱਖ ਆਪਣੇ ਆਪ ਨੂੰ ਪਾਤਿਸ਼ਾਹ ਅਤੇ ਸ਼ੇਰ ਮੰਨਦੇ ਸਨ ਅਤੇ ਪਾਤਸ਼ਾਹੀਆਂ ਤੱਕ ਪਹੁੰਚ ਗਏ। ਹੁਣ ਜਨਤਾ ਦਾ ਇੱਕ ਅੰਗ ਅਤੇ ਲਾਚਾਰ ਸਮਝਣ ਲੱਗ ਪਏ ਹਨ, ਤਾਂ ਨਿੱਤ ਦਿਨ ਉਥੇ ਅੱਪੜ ਰਹੇ ਹਨ। ਇੱਕ ਇਨਸਾਨ ਆਖਰ 'ਤੇ ਉਹੀ ਬਣ ਜਾਂਦਾ ਹੈ, ਜੋ ਉਹ ਆਪਣੇ ਆਪ ਨੂੰ ਸਮਝਦਾ ਹੈ। ਸਿੱਖਾਂ ਦੀ ਸਮਝ ਵਿੱਚ ਅੱਜ ਦੇ ਸਮੇਂ ਇਹੀ ਵੱਡਾ ਵਿਗਾੜ ਆ ਗਿਆ ਹੈ। ਹਰ ਸਮੇਂ 1984 ਦੇ ਜ਼ਖ਼ਮਾਂ ਦੀ ਨੁਮਾਇਸ਼ ਕਰਕੇ ਲੋਕਾਂ ਦੀ ਹਮਦਰਦੀ ਲੈਣੀ ਸਿੱਖ ਦਾ ਕਿਰਦਾਰ ਨਹੀਂ ਹੈ। ਚਾਹੀਦਾ ਇਹ ਸੀ ਕਿ ਤੀਜੇ ਘੱਲੂਘਾਰੇ, ਝੂਠੇ ਪੁਲਿਸ ਮੁਕਾਬਲੇ, ਸਿੰਘਾਂ ਨੂੰ ਜੇਲ੍ਹਾਂ ਵਿੱਚ ਕੈਦ ਕਰਨਾ, 2015 ਦੀਆਂ ਘਟਨਾਵਾਂ ਸਮੇਤ ਅਨੇਕਾਂ ਸੰਘਰਸ਼ਾਂ ਵਿਚੋਂ ਕੁਝ ਨਾ ਕੁਝ ਸਿੱਖਦਾ, ਆਪਣੀਆਂ ਗਲਤੀਆਂ ਦਰੁਸਤ ਕਰਦਾ, ਮੁੜ ਚੜ੍ਹਦੀ ਕਲਾ ਵਿੱਚ ਪਰਤਦਾ ਅਤੇ ਸਿੱਖੀ ਦੀ ਪਰਵਾਜ਼ ਦੁਨੀਆਂ ਨੂੰ ਦਿਖਾਉਂਦਾ, ਜਿਸ ਨੂੰ ਦੇਖਣ ਲਈ ਸੰਸਾਰ ਦੀ ਧਰਤ ਤਰਸੀ ਪਈ ਹੈ।

**-ਸੰਪਾਦਕ**

# ਚੁਣੌਤੀ ਬਣਿਆ ਪੰਜਾਬ ਦੇ ਪਿੰਡਾਂ ਦਾ ਵਿਕਾਸ



ਗੁਰਮੀਤ ਸਿੰਘ ਪਲਾਹੀ
ਮੋ. 9815802070

> *ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਨੇ ਇਸ ਮੰਤਵ ਲਈ 'ਮੇਰਾ ਪਿੰਡ ਮੇਰੀ ਰੂਹ' ਮੁਹਿੰਮ ਆਰੰਭੀ ਹੈ। ਸਰਕਾਰ ਨੇ 9 ਟੀਚੇ ਮਿੱਥੇ ਹਨ। ਪਿੰਡ 'ਚ ਹਰੇਕ ਨੂੰ ਰੋਟੀ ਮਿਲੇ, ਪਿੰਡ ਸਿਹਤਮੰਦ ਬਣੇ, ਬੱਚਿਆਂ ਦੀ ਸਿਹਤ ਸੰਭਾਲ ਪਿੰਡ 'ਚ ਚੰਗੀ ਹੋਵੇ, ਪਿੰਡ 'ਚ ਸਾਫ਼ ਸੁਥਰਾ ਪਾਣੀ ਮਿਲੇ, ਪਿੰਡ ਸਾਫ਼ ਸੁਥਰਾ ਅਤੇ ਹਰਿਆ ਭਰਿਆ ਹੋਵੇ, ਪਿੰਡ ਵਿੱਚ ਆਪਣਾ ਭਰਵਾਂ ਬੁਨਿਆਦੀ ਢਾਂਚਾ ਹੋਵੇ, ਪਿੰਡ 'ਚ ਸਮਾਜਿਕ ਨਿਆਂ ਮਿਲੇ, ਪਿੰਡਾਂ ਵਿੱਚ ਪ੍ਰਬੰਧਕੀ ਢਾਂਚਾ ਮਜ਼ਬੂਤ ਹੋਵੇ ਅਤੇ ਖ਼ਾਸ ਕਰਕੇ ਔਰਤਾਂ ਸੁਰੱਖਿਅਤ ਹੋਣ।*

ਪੰਜਾਬ 'ਚ ਜਦੋਂ ਵੀ ਕਿਸੇ ਸਿਆਸੀ ਧਿਰ ਦੀ ਸਰਕਾਰ ਹੋਂਦ ਵਿੱਚ ਆਉਂਦੀ ਹੈ, ਉਸ ਵਲੋਂ ਪਿੰਡਾਂ ਦੇ ਵਿਕਾਸ ਦੀ ਗੱਲ ਕੀਤੀ ਜਾਂਦੀ ਹੈ। ਮੌਜੂਦਾ ਸਰਕਾਰ ਨੇ 500 'ਸਮਾਰਟ ਵਿਲੇਜ' ਬਣਾ ਕੇ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦਾ ਟੀਚਾ ਮਿਥਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਹਰ ਬਲਾਕ ਦੇ ਪੰਜ-ਪੰਜ ਪਿੰਡਾਂ 'ਚ ਸਿਹਤ, ਸਿੱਖਿਆ, ਖੇਡਾਂ, ਸੈਨੀਟੇਸ਼ਨ ਅਤੇ ਪੀਣ ਵਾਲੇ ਸ਼ੁੱਧ ਪਾਣੀ ਦੀ ਸਹੀ ਵਿਵਸਥਾ ਕੀਤੀ ਜਾਵੇਗੀ। ਸਰਕਾਰ ਵਲੋਂ ਪਿੰਡਾਂ 'ਚ ਛੋਟੇ ਸੂਚਨਾ ਕੇਂਦਰ ਸਥਾਪਤ ਕੀਤੇ ਜਾਣ ਦੀ ਵੀ ਯੋਜਨਾ ਹੈ ਤਾਂ ਕਿ ਪੇਂਡੂ ਨੌਜਵਾਨ ਰੁਜ਼ਗਾਰਤ ਹੋ ਸਕਣ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਨੇ ਇਸ ਮੰਤਵ ਲਈ 'ਮੇਰਾ ਪਿੰਡ ਮੇਰੀ ਰੂਹ' ਮੁਹਿੰਮ ਆਰੰਭੀ ਹੈ। ਸਰਕਾਰ ਨੇ 9 ਟੀਚੇ ਮਿੱਥੇ ਹਨ। ਪਿੰਡ 'ਚ ਹਰੇਕ ਨੂੰ ਰੋਟੀ ਮਿਲੇ, ਪਿੰਡ ਸਿਹਤਮੰਦ ਬਣੇ, ਬੱਚਿਆਂ ਦੀ ਸਿਹਤ ਸੰਭਾਲ ਪਿੰਡ 'ਚ ਚੰਗੀ ਹੋਵੇ, ਪਿੰਡ 'ਚ ਸਾਫ਼ ਸੁਥਰਾ ਪਾਣੀ ਮਿਲੇ, ਪਿੰਡ ਸਾਫ਼ ਸੁਥਰਾ ਅਤੇ ਹਰਿਆ ਭਰਿਆ ਹੋਵੇ, ਪਿੰਡ ਵਿਚ ਆਪਣਾ ਭਰਵਾਂ ਬੁਨਿਆਦੀ ਢਾਂਚਾ ਹੋਵੇ, ਪਿੰਡ 'ਚ ਸਮਾਜਿਕ ਨਿਆਂ ਮਿਲੇ, ਪਿੰਡਾਂ ਵਿਚ ਪ੍ਰਬੰਧਕੀ ਢਾਂਚਾ ਮਜ਼ਬੂਤ ਹੋਵੇ ਅਤੇ ਖ਼ਾਸ ਕਰਕੇ ਔਰਤਾਂ ਸੁਰੱਖਿਅਤ ਹੋਣ। ਇਹ ਸਾਰੇ ਕੰਮ ਪਿੰਡ ਪੰਚਾਇਤਾਂ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਜ਼ੁੰਮੇ ਲਾਏ ਗਏ ਹਨ, ਜਿਨ੍ਹਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਹਾੜੀ, ਸਾਉਣੀ ਉਹ ਪਿੰਡਾਂ 'ਚ ਗ੍ਰਾਮ ਸਭਾ ਦਾ ਇਜਲਾਸ ਕਰਕੇ ਪਿੰਡਾਂ ਦੇ ਕੀਤੇ ਜਾਣ ਵਾਲੇ ਕੰਮਾਂ ਦੀ ਪਹਿਲ ਦੇਣ ਅਤੇ ਲੋਕਾਂ ਦੇ ਸਹਿਯੋਗ ਨਾਲ ਕੰਮ ਕਰਨ।

ਪਿੰਡਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਪਿੰਡ ਪੰਚਾਇਤ 'ਤੇ ਹੈ, ਜਿਸ ਨੂੰ ਪਿੰਡ ਦੀ ਇਕਾਈ ਗ੍ਰਾਮ ਸਭਾ (ਪਿੰਡ ਦੇ ਸਮੂਹ ਵੋਟਰਾਂ ਦੀ ਸੰਸਥਾ) ਚੁਣਦੀ ਹੈ। ਮੌਜੂਦਾ ਸਮੇਂ ਵਿਚ ਸਰਪੰਚ ਦੀ ਸਿੱਧੀ ਚੋਣ ਤੋਂ ਇਲਾਵਾ ਵਾਰਡ ਬੰਦੀ ਨਾਲ ਪੰਚ ਚੁਣੇ ਜਾਂਦੇ ਹਨ। ਇਹ ਪੰਜ ਸਾਲਾਂ ਲਈ ਚੁਣੀ ਹੋਈ ਪੰਚਾਇਤ, ਪਿੰਡ ਦੇ ਵਿਕਾਸ ਲਈ ਜ਼ੁੰਮੇਵਾਰ ਹੁੰਦੀ ਹੈ। ਪਰ ਪਿਛਲੇ ਕੁਝ ਸਮੇਂ ਤੋਂ ਪਿੰਡ ਪੰਚਾਇਤਾਂ 'ਚ ਉੱਚ ਵਿਕਾਸ ਪੰਚਾਇਤ ਅਧਿਕਾਰੀਆਂ ਦੇ ਮਜ਼ਬੂਤ ਸ਼ਿਕੰਜੇ ਨੇ ਪੰਚਾਇਤਾਂ ਦਾ ਸਥਾਨਕ ਸਰਕਾਰ ਦਾ ਬਿੰਬ ਬੁਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਚੁਣੀਆਂ ਪੰਚਾਇਤਾਂ ਨੂੰ ਬਲਾਕ ਵਿਕਾਸ ਪੰਚਾਇਤ ਅਫ਼ਸਰਾਂ, ਪੰਚਾਇਤ ਸਕੱਤਰਾਂ, ਗ੍ਰਾਮ ਸੇਵਕਾਂ, ਮਨਰੇਗਾ ਅਫ਼ਸਰਾਂ ਉਤੇ ਪੂਰੀ ਤਰ੍ਹਾਂ ਨਿਰਭਰ ਬਣਾ ਦਿੱਤਾ ਗਿਆ ਹੈ। ਮੌਜੂਦਾ ਸਮੇਂ 'ਚ ਹਾਲਤ ਇਥੋਂ ਤੱਕ ਬਦਤਰ ਹਨ, ਕਿ ਪੰਚਾਇਤ ਸਕੱਤਰਾਂ, ਬਲਾਕ ਵਿਕਾਸ ਅਫ਼ਸਰਾਂ ਦੀ ਕਮੀ ਹੈ, ਦੋ-ਦੋ ਦਰਜਨ ਦੇ ਲਗਭਗ ਪਿੰਡਾਂ ਨੂੰ ਇੱਕ ਪੰਚਾਇਤ ਸਕੱਤਰ ਕੰਟਰੋਲ ਕਰਦਾ ਹੈ, ਜੋ ਵਿਕਾਸ ਦੇ ਕੰਮਾਂ ਲਈ ਮਤਾ ਪਾਉਂਦਾ ਹੈ, ਬੈਂਕਾਂ ਦਾ ਹਿਸਾਬ ਕਿਤਾਬ ਰੱਖਦਾ ਹੈ, ਪੰਚਾਇਤਾਂ ਦੀਆਂ ਮੀਟਿੰਗਾਂ ਤੇ ਇਜਲਾਸ ਕਰਵਾਉਂਦਾ ਹੈ। ਕੀ ਇਸ ਸਥਿਤੀ 'ਚ ਕੋਈ ਪੰਚਾਇਤ ਆਪਣੇ ਤੌਰ 'ਤੇ ਕੋਈ ਸਾਰਥਿਕ ਕੰਮ ਚਲਾ ਸਕਦੀ ਹੈ? ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਫਗਵਾੜਾ ਦੇ 91 ਪਿੰਡ ਹਨ। ਇਨ੍ਹਾਂ 91 ਪਿੰਡਾਂ ਦੀਆਂ ਪੰਚਾਇਤਾਂ ਦੇ ਕੰਮ ਚਲਾਉਣ ਲਈ ਸਿਰਫ਼ ਤਿੰਨ ਪੰਚਾਇਤ ਸਕੱਤਰ ਹਨ, ਫਗਵਾੜਾ 'ਚ ਕੋਈ ਪੱਕਾ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਨਹੀਂ। ਸੁਲਤਾਨਪੁਰ ਲੋਧੀ ਦਾ ਵਿਕਾਸ ਅਤੇ ਪੰਚਾਇਤ ਅਫ਼ਸਰ ਇਥੋਂ ਦਾ ਕੰਮ ਕਦੇ ਕਦਾਈ ਆ ਕੇ ਕੰਮ ਵੇਖਦਾ ਹੈ, ਜਿਸ ਕੋਲ ਇੱਕ ਹੋਰ ਜ਼ਿਲੇ ਜਲੰਧਰ ਦੇ ਇੱਕ ਬਲਾਕ ਦਾ ਵੀ ਚਾਰਜ਼ ਹੈ। ਕੀ ਤਿੰਨ ਬਲਾਕਾਂ ਨੂੰ ਇੱਕ ਬਲਾਕ ਵਿਕਾਸ ਅਫ਼ਸਰ ਚਲਾ ਸਕਦਾ ਹੈ? ਕੀ ਨਿਰਧਾਰਤ ਟੀਚੇ ਪੂਰੇ ਕਰ ਸਕਦਾ ਹੈ? ਪੰਚਾਇਤ ਦੇ ਆਮਦਨ ਦੇ ਸਾਧਨ ਸੀਮਤ ਹਨ। ਕੁਝ ਰਕਮ ਪੰਚਾਇਤ ਨੂੰ ਆਪਣੀ ਸਾਮਲਾਟ ਦੇ ਜ਼ਮੀਨੀ ਹਾਲੇ ਤੋਂ ਪ੍ਰਾਪਤ ਹੁੰਦੀ ਹੈ। ਕੁਝ ਰਕਮ ਕੇਂਦਰ ਸਰਕਾਰ ਤੋਂ। ਇਸ ਸਮੇਂ 13ਵੇਂ ਅਤੇ 14ਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਤੋਂ ਵਿਕਾਸ ਕੰਮਾਂ ਲਈ ਪ੍ਰਾਪਤ ਹੁੰਦੀ ਹੈ ਅਤੇ ਵਿਕਾਸ ਅਤੇ ਪੰਚਾਇਤ ਦੇ ਕੁਝ ਵਿਕਾਸ ਕਾਰਜ ਮਗਨਰੇਗਾ ਸਕੀਮ ਅਧੀਨ ਕੀਤੇ ਜਾਂਦੇ ਹਨ ਅਤੇ ਕੁਝ ਸੂਬਾ ਸਰਕਾਰ ਦੇ ਪੇਂਡੂ ਵਿਕਾਸ ਫੰਡ ਤੋਂ ਪ੍ਰਾਪਤ ਫੰਡਾਂ ਰਾਹੀਂ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਦੀ ਇੱਕ ਰਿਪੋਰਟ ਮੁਤਾਬਕ ਸੂਬੇ ਭਰ 'ਚ ਪੰਚਾਇਤ ਦੀ 6.68 ਲੱਖ ਏਕੜ ਪੰਚਾਇਤ ਸ਼ਾਮਲਾਟ ਜ਼ਮੀਨ ਹੈ, ਜਿਸ ਵਿਚੋਂ 4.98 ਲੱਖ ਏਕੜ ਵਾਹੀ ਯੋਗ ਨਹੀਂ ਹੈ, ਇਸ ਜ਼ਮੀਨ ਵਿੱਚ ਵਣ, ਸੜਕਾਂ, ਸਕੂਲ, ਡਿਸਪੈਂਸਰੀਆਂ, ਛੱਪੜ ਆਦਿ ਹਨ, ਸਿਰਫ਼ 1.70 ਲੱਖ ਏਕੜ ਪੰਚਾਇਤੀ ਜ਼ਮੀਨ ਵਾਹੀਯੋਗ ਹੈ। ਇਸ ਨੂੰ ਪੰਚਾਇਤ ਮਹਿਕਮਾ ਪੰਚਾਇਤਾਂ ਰਾਹੀਂ ਬੋਲੀ 'ਤੇ ਖੇਤੀ ਲਈ ਦਿੰਦਾ ਹੈ ਅਤੇ ਪਿਛਲੇ ਸਾਲ ਇਸ ਨੂੰ 384 ਕਰੋੜ ਦੀ ਕਮਾਈ ਹੋਈ। ਪਰ ਇਸ ਵਿੱਚੋਂ 18412 ਏਕੜ ਜ਼ਮੀਨ ਉਤੇ ਲੋਕਾਂ ਅਤੇ ਪ੍ਰਾਈਵੇਟ ਸੰਸਥਾਵਾਂ ਆਦਿ ਦੇ ਨਜਾਇਜ਼ ਕਬਜ਼ੇ ਹਨ। ਇਨ੍ਹਾਂ ਕਬਜ਼ਿਆਂ ਨੂੰ ਛੁਡਾਉਣ ਲਈ ਕਈ ਥਾਈਂ ਕਾਨੂੰਨੀ ਚਾਰਾਜੋਈ ਹੋਈ ਹੈ, ਪਰ ਦਹਾਕਿਆਂ ਤੋਂ ਇਹ ਕੇਸ ਲੰਬਿਤ ਹੋਣ ਕਾਰਨ 3893 ਏਕੜ ਜ਼ਮੀਨ ਛੁਡਵਾਈ ਨਹੀਂ ਜਾ ਸਕੀ। ਕਾਨੂੰਨ ਅਨੁਸਾਰ ਪੰਚਾਇਤ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਅਦਾਲਤ 'ਚ ਨਜਾਇਜ਼ ਕਬਜ਼ਾ ਛੁਡਾਉਣ ਲਈ ਕੇਸ ਦਾਇਰ ਕਰਦੀਆਂ ਹਨ, ਜਿਸਦੀ 6 ਮਹੀਨੇ ਵਿੱਚ ਸੁਣਵਾਈ ਤੇ ਫੈਸਲਾ ਜ਼ਰੂਰੀ ਹੁੰਦਾ ਹੈ, ਪਰ ਇਹ ਕੇਸ ਸਿਆਸੀ ਸਰਪ੍ਰਸਤੀ ਕਾਰਨ ਸਾਲਾਂਬੱਧੀ ਲਟਕਦੇ ਹਨ, ਉਪਰੰਤ ਡਾਇਰੈਕਟਰ ਪੰਚਾਇਤਾਂ ਕੋਲ ਅਪੀਲ ਅਤੇ ਫਿਰ ਪੰਜਾਬ ਹਰਿਆਣਾ ਹਾਈ ਕੋਰਟ 'ਚ ਅਪੀਲਾਂ ਕਾਰਨ ਪੰਚਾਇਤ ਦੀ ਆਮਦਨ ਦੇ ਵਸੀਲਿਆਂ ਵਾਲੀ ਜ਼ਮੀਨ ਨਜਾਇਜ਼ ਕਬਜ਼ਾਧਾਰੀਆਂ ਕੋਲ ਪਈ ਰਹਿੰਦੀ ਹੈ। ਇੱਕ ਸਰਕਾਰੀ ਅੰਦਾਜ਼ੇ ਅਨੁਸਾਰ ਨਜਾਇਜ਼ ਕਬਜ਼ਾਧਾਰੀਆਂ ਨੇ ਪੰਚਾਇਤਾਂ ਦੀ 2000 ਕਰੋੜ ਮੁੱਲ ਦੀ ਜ਼ਮੀਨ 'ਤੇ ਕਬਜ਼ੇ ਕੀਤੇ ਹੋਏ ਹਨ, ਜਿਸ ਬਾਰੇ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਇਹ ਕਬਜ਼ੇ ਸਿਆਸੀ ਸ਼ਹਿ ਕਾਰਨ ਸਮਾਜ ਦੇ ਧੱਕੇ ਧੌਂਸ ਵਾਲੇ ਲੋਕਾਂ ਵਲੋਂ ਕੀਤੇ ਗਏ ਹੋਏ ਹਨ।

ਪਿੰਡਾਂ ਦੇ ਵਿਕਾਸ ਲਈ ਮਗਨਰੇਗਾ ਸਕੀਮ ਨੂੰ ਦੇਸ਼ ਭਰ ਵਿਚ ਪੇਂਡੂ ਵਿਕਾਸ ਅਤੇ ਪੇਂਡੂ ਰੁਜ਼ਗਾਰ ਲਈ ਵੱਡੀ ਯੋਜਨਾ ਮੰਨਿਆ ਜਾ ਰਿਹਾ ਹੈ। ਪੰਜਾਬ 'ਚ ਵੀ ਇਹ ਲਾਗੂ ਹੈ। ਪਰ ਮਗਨਰੇਗਾ ਦਾ ਪੰਜਾਬ ਵਿੱਚ ਜੋ ਹਾਲ ਹੈ ਜਾਂ ਕਿੰਨਾ ਕੁ ਵਿਕਾਸ 'ਚ ਯੋਗਦਾਨ ਹੈ, ਉਹ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਇੱਕ ਰਿਪੋਰਟ ਤੋਂ ਵੇਖਿਆ-ਪੜ੍ਹਿਆ ਜਾ ਸਕਦਾ ਹੈ। ਅੰਕੜੇ ਦੱਸਦੇ ਹਨ ਕਿ ਵਿੱਤੀ ਵਰ੍ਹੇ 2022-23 'ਚ ਪੰਜਾਬ ਨਰੇਗਾ ਨੇ 1.52 ਲੱਖ ਕੰਮ (ਪਹਿਲੇ ਸਾਲਾਂ ਦੇ ਅਤੇ ਇਸ ਸਾਲ ਦੇ) ਉਲੀਕੇ ਸਨ, ਜਿਸ ਵਿੱਚੋਂ 8 ਮਹੀਨਿਆਂ 'ਚ (ਨਵੰਬਰ 2022) ਤੱਕ ਸਿਰਫ਼ 18.78 ਫ਼ੀਸਦੀ ਹੀ ਪੂਰੇ ਕੀਤੇ ਗਏ। ਸੂਬੇ ਨੇ ਸਕੀਮ ਅਧੀਨ 1500 ਕਰੋੜ ਖ਼ਰਚਣੇ ਸਨ ਜਿਸ ਵਿੱਚ 853.46 ਕਰੋੜ ਹੀ ਖ਼ਰਚੇ (56.9 ਫ਼ੀਸਦੀ)। ਕੁਲ ਮਿਲਾ ਕੇ ਪੰਜਾਬ 'ਚ 153 ਵਿਕਾਸ ਬਲਾਕ ਹਨ। ਜਿਨ੍ਹਾਂ ਅਧੀਨ 13,326 ਗ੍ਰਾਮ ਪੰਚਾਇਤਾਂ ਹਨ। ਇਨ੍ਹਾਂ ਵਿੱਚੋਂ 654 ਪੰਚਾਇਤਾਂ ਇਹੋ ਜਿਹੀਆਂ ਹਨ, ਜਿਨ੍ਹਾਂ 'ਚ ਮਗਨਰੇਗਾ ਸਕੀਮ ਅਧੀਨ ਇੱਕ ਵੀ ਪੈਸਾ ਨਹੀਂ ਖਰਚਿਆ ਗਿਆ। ਮਗਨਰੇਗਾ ਸਕੀਮ ਅਧੀਨ 60 ਫ਼ੀਸਦੀ ਮਜ਼ਦੂਰੀ ਅਤੇ 40 ਫੀਸਦੀ ਮਟੀਰੀਅਲ (ਸਮਾਨ) ਤੇ ਖਰਚਿਆ ਜਾਣਾ ਹੁੰਦਾ ਹੈ। ਇਸ ਰਕਮ ਵਿਚੋਂ 25 ਫ਼ੀਸਦੀ ਸੂਬੇ ਦਾ ਹਿੱਸਾ ਹੁੰਦਾ ਹੈ। ਇਸ ਵਰ੍ਹੇ 'ਚ ਲੇਬਰ ਦਾ ਹਿੱਸਾ ਤਾਂ 71 ਫ਼ੀਸਦੀ ਖ਼ਰਚ ਦਿੱਤਾ ਗਿਆ ਪਰ ਮਟੀਰੀਅਲ ਦਾ ਹਿੱਸਾ ਸਿਰਫ਼ 28.56 ਖਰਚਿਆ ਗਿਆ। ਜਿਸਦਾ ਸਿੱਧਾ ਭਾਵ ਇਹ ਹੈ ਕਿ ਵਰਕਰਾਂ ਦੇ ਸਲਾਨਾ 100 ਦਿਨ ਦਾ ਰੁਜ਼ਗਾਰ ਪੈਦਾ ਕਰਨ ਲਈ ਸੜਕਾਂ, ਛੱਪੜ ਆਦਿ ਸਾਫ਼ ਕਰਨ ਉਤੇ ਹੀ ਮਜ਼ਦੂਰੀ ਕਰਵਾ ਦਿੱਤੀ ਗਈ, ਵਿਕਾਸ ਦੇ ਕੰਮਾਂ ਦੀ ਅਣਦੇਖੀ ਹੋਈ। ਜਿਸਦਾ ਸਿੱਧਾ ਕਾਰਨ ਸੂਬੇ ਵਿੱਚ ਰੇਤਾ, ਬਜਰੀ ਅਤੇ ਹੋਰ ਸਮਾਨ ਦੀ ਕਮੀ ਜਾਂ ਵੱਧ ਰੇਟਾਂ 'ਤੇ ਮਿਲਣਾ ਹੈ, ਕਿਉਂਕਿ ਇਮਾਰਤੀ ਮਟੀਰੀਅਲ ਨਾ ਮਿਲਣ ਕਾਰਨ ਪੇਂਡੂ ਵਿਕਾਸ ਦੇ ਕੰਮ ਠੱਪ ਪਏ ਹਨ ਅਤੇ ਬਹੁਤੇ ਥਾਈਂ ਪੰਚਾਇਤਾਂ ਦੇ ਖ਼ਾਤਿਆਂ 'ਚ ਫੰਡ ਤਾਂ ਹਨ, ਪਰ ਖ਼ਰਚੇ ਨਹੀਂ ਜਾ ਰਹੇ। ਉਂਜ ਵੀ ਮਗਨਰੇਗਾ 'ਚ ਕੋਈ ਵੀ ਨਵਾਂ ਪ੍ਰਾਜੈਕਟ ਆਨਲਾਈਨ ਦਾਖ਼ਲ ਹੁੰਦਾ ਹੈ, ਜਿਸ ਵਿਚ ਨਿਰਧਾਰਤ ਇਮਾਰਤੀ ਮਟੀਰੀਅਲ ਦਾ ਭਾਅ ਨੀਅਤ ਹੈ। ਭਾਵ ਜੇਕਰ ਕੋਈ ਉਸਾਰੀ ਕਰਨੀ ਹੈ ਤਾਂ ਸੀਮਿੰਟ ਪ੍ਰਤੀ ਬੋਰਾ ਦੀ ਕੀਮਤ 300 ਰੁਪਏ ਪ੍ਰਤੀ ਬੋਰਾ ਹੈ, ਪਰ ਮਾਰਕੀਟ 'ਚ 400 ਰੁਪਏ ਤੋਂ ਉਪਰ ਹੈ ਤਾਂ ਇਸ ਰੇਟ ਦਾ ਫ਼ਰਕ ਕਿਹੜੀ ਪੰਚਾਇਤ ਜਾਂ ਅਧਿਕਾਰੀ ਚੁੱਕੇਗਾ? ਉਂਜ ਵੀ ਜਿਵੇਂ ਮਾਰਕੀਟ ਵਿੱਚ ਮਜ਼ਦੂਰੀ ਦਾ ਪ੍ਰਤੀ ਦਿਨ ਰੇਟ 400 ਰੁਪਏ ਤੋਂ 500 ਰੁਪਏ ਹੈ ਜਦਕਿ ਮਗਨਰੇਗਾ 'ਚ ਇਹ ਰੇਟ 250 ਤੋਂ 300 ਰੁਪਏ ਪ੍ਰਤੀ ਦਿਹਾੜੀ ਹੈ।

ਭਾਰਤੀ ਸੰਵਿਧਾਨ ਵਿੱਚ 73ਵੀਂ ਸੋਧ ਜੋ 1992 ਵਿੱਚ ਪਾਸ ਕੀਤੀ ਗਈ ਅਤੇ ਅਪ੍ਰੈਲ 1993 'ਚ ਇਹ ਸੋਧ ਲਾਗੂ ਹੋਈ, ਇਸ ਵਿੱਚ ਪੰਚਾਇਤੀ ਸੰਸਥਾਵਾਂ ਨੂੰ ਜ਼ਮੀਨੀ ਪੱਧਰ 'ਤੇ ਸੂਬਾਈ ਅਤੇ ਕੇਂਦਰੀ ਸਕੀਮਾਂ ਲਾਗੂ ਕਰਨ ਲਈ ਵੱਧ ਅਧਿਕਾਰ ਮਿਲੇ। ਗ੍ਰਾਮ ਸਭਾ ਦੀ ਸਥਾਪਨਾ ਹੋਈ। ਪੰਚਾਇਤਾਂ ਅਧੀਨ 29 ਮਹਿਕਮੇ ਲਿਆਂਦੇ ਗਏ। ਪਰ ਇਹ ਅਧਿਕਾਰ ਧਰੇ ਧਰਾਏ ਰਹਿ ਗਏ, ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਨੇ ਪੰਚਾਇਤਾਂ ਨੂੰ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਰਨ ਹੀ ਨਾ ਦਿੱਤੀ। ਪੰਚਾਇਤਾਂ ਨੂੰ ਦਿੱਤੇ ਜਾਂਦੇ ਫੰਡਾਂ ਨੂੰ ਵੀ ਅਤੇ ਇਸ ਦੇ ਖ਼ਰਚ ਨੂੰ ਵੀ ਸੂਬਿਆਂ ਦੀਆਂ ਸਰਕਾਰਾਂ ਨੇ 'ਫੰਡ ਨਿਯਮਿਤ' ਕਰਨ ਦੇ ਨਾਮ ਉਤੇ ਲਗਭਗ ਆਪਣੇ ਅਧੀਨ ਕਰ ਲਿਆ। ਹੁਣ ਸਥਿਤੀ ਇਹ ਹੈ ਕਿ ਪੰਚਾਇਤਾਂ ਸਥਾਨਕ ਸਰਕਾਰਾਂ ਵਜੋਂ ਨਹੀਂ, ਸਗੋਂ ਸੂਬਾ ਸਰਕਾਰ ਦੇ ਇੱਕ ਮਹਿਕਮੇ ਦੇ ਅੰਗ ਵਜੋਂ ਹੀ ਚਲਦੀਆਂ ਦਿਸਦੀਆਂ ਹਨ। ਉਂਜ ਵੀ ਪੰਚਾਇਤਾਂ ਨੂੰ ਮਿਲਣ ਵਾਲੇ ਫੰਡਾਂ ਦੀ ਕਮੀ ਵੀ ਪੇਂਡੂ ਵਿਕਾਸ ਦੇ ਆੜੇ ਆ ਰਹੀ ਹੈ।

(ਬਾਕੀ ਸਫ਼ਾ 30 'ਤੇ)

# ਖ਼ੁਦਕੁਸ਼ੀ ਕਰ ਚੁੱਕੇ ਖੇਤ ਮਜ਼ਦੂਰਾਂ ਦੀਆਂ ਦਲਿਤ ਔਰਤਾਂ ਦਾ ਦਰਦ ਕੌਣ ਪਛਾਣੇ ?

## ਪੰਜਾਬ ਦੇ ਛੇ ਜ਼ਿਲ੍ਹਿਆਂ ਸੰਗਰੂਰ, ਮਾਨਸਾ, ਬਰਨਾਲਾ, ਮੋਗਾ, ਬਠਿੰਡਾ ਅਤੇ ਲੁਧਿਆਣਾ 'ਚ ਸਭ ਤੋਂ ਜ਼ਿਆਦਾ ਦਲਿਤ ਖੇਤ ਮਜ਼ਦੂਰਾਂ ਨੇ ਕੀਤੀਆਂ ਖ਼ੁਦਕੁਸ਼ੀਆਂ



ਪੰਜਾਬ ਸਰਕਾਰ ਨੇ 2015 ਵਿੱਚ ਖ਼ੁਦਕੁਸ਼ੀਆਂ ਨਾਲ ਪ੍ਰਭਾਵਿਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਰਾਹਤ ਦੇਣ ਲਈ ਨੀਤੀ ਬਣਾਈ, ਜਿਸ ਵਿੱਚ ਪੀੜਤ ਪਰਿਵਾਰਾਂ ਨੂੰ ਤਿੰਨ ਲੱਖ ਰੁਪਏ ਦੀ ਮੁਆਵਜ਼ਾ

ਪੰਜਾਬ ਵਿਚ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਰਿਪੋਰਟਾਂ ਤੇ ਅਧਿਐਨਾਂ ਨੇ ਸਪੱਸ਼ਟ ਕੀਤਾ ਹੈ ਕਿ ਖ਼ੁਦਕੁਸ਼ੀਆਂ ਵਿਚ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ 44-45% ਸਨ ਅਤੇ ਬਾਕੀ 55-56% ਖ਼ੁਦਕੁਸ਼ੀਆਂ ਕਿਸਾਨਾਂ ਨੇ ਕੀਤੀਆਂ ਸਨ। ਖ਼ੁਦਕੁਸ਼ੀਆਂ ਦਾ ਕਾਰਨ ਕਰਜ਼ਾ ਸੀ। ਮਾਹਿਰਾਂ ਅਨੁਸਾਰ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ਾ ਇਸ ਕਰਕੇ ਲੈਂਦੇ ਹਨ ਕਿਉਂਕਿ ਉਨ੍ਹਾਂ ਦੀ ਖੇਤੀਬਾੜੀ ਤੋਂ ਆਮਦਨ ਘੱਟ ਹੋਣ ਕਾਰਨ ਉਨ੍ਹਾਂ ਦੇ ਖੇਤੀਬਾੜੀ ਅਤੇ ਘਰੇਲੂ ਖਰਚੇ ਪੂਰੇ ਨਹੀਂ ਹੁੰਦੇ। ਖੇਤੀ ਲਾਗਤਾਂ ਬਹੁਤ ਵੱਧ, ਖੇਤੀਬਾੜੀ ਪੈਦਾਵਾਰ ਤੋਂ ਆਮਦਨ ਘੱਟ ਤੇ ਸਹਾਇਕ ਧੰਦਿਆਂ ਤੋਂ ਆਮਦਨ ਨਾ ਹੋਣ ਜਾਂ ਬਹੁਤ ਘੱਟ ਹੋਣ ਕਾਰਨ ਕਿਸਾਨ ਅਤੇ ਮਜ਼ਦੂਰ ਕਰਜ਼ੇ ਲੈਣ ਅਤੇ ਸਮੇਂ ਸਿਰ ਨਾ ਮੋੜਨ ਦੇ ਮੁੱਖ ਕਾਰਨ ਸਾਹਮਣੇ ਆਏ ਹਨ। ਇਸ ਦੇ ਨਾਲ ਹੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਸਿਰ ਬਹੁਤ ਮਿਕਦਾਰ ਵਿਚ ਕਰਜ਼ਾ ਚੜ੍ਹਨ ਦੇ ਤਿੰਨ ਹੋਰ ਕਾਰਨ ਵੀ ਹਨ। ਪਹਿਲਾਂ ਕੁਦਰਤੀ ਆਫ਼ਤਾਂ ਕਾਰਨ ਫਸਲਾਂ ਦਾ ਖ਼ਰਾਬ ਹੋਣਾ; ਦੂਜਾ, ਪੇਂਡੂ ਖੇਤਰਾਂ ਵਿਚ ਸਿਹਤ ਸੇਵਾਵਾਂ ਨਾ ਦੇ ਬਰਾਬਰ ਹੋਣ ਕਾਰਨ ਸਿਹਤ ਸੰਭਾਲ ਅਤੇ ਬਿਮਾਰੀਆਂ ਉਪਰ ਖਰਚ ਕਰਨ ਲਈ ਵਾਧੂ ਕਰਜ਼ਾ ਲੈਣ ਲਈ ਮਜਬੂਰ ਹੋਣਾ, ਤੀਜਾ, ਪੇਂਡੂ ਖੇਤਰਾਂ ਵਿਚ ਚੰਗੀ ਸਿੱਖਿਆ ਦਾ ਪ੍ਰਬੰਧ ਨਾ ਹੋਣ ਕਾਰਨ ਬੱਚਿਆਂ ਦੀ ਚੰਗੀ ਸਿੱਖਿਆ ਲਈ ਕਰਜ਼ਾ ਲੈਣਾ ਸ਼ਾਮਲ ਹਨ। ਪੰਜਾਬ ਸਰਕਾਰ ਦੀ ਅਗਸਤ 2021 ਵਿਚ ਸ਼ੁਰੂ ਹੋਣ ਵਾਲੀ ਖੇਤ ਮਜ਼ਦੂਰਾਂ ਤੇ ਬੇਜ਼ਮੀਨੇ ਕਿਸਾਨਾਂ ਲਈ 590 ਕਰੋੜ ਕਰਜ਼ਾ ਰਾਹਤ ਸਕੀਮ ਦੀ। ਸਭ ਤੋਂ ਪਹਿਲਾਂ ਇਹ ਸਕੀਮ ਸਿਰਫ ਸਹਿਕਾਰੀ ਸਭਾਵਾਂ ਅਤੇ ਅਦਾਰਿਆਂ ਦੇ ਕਰਜ਼ਈ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਲਈ ਹੈ, ਭਾਵ ਇਸ ਵਰਗ ਦੇ ਇਕ ਪਰਿਵਾਰ ਸਿਰ ਚੜ੍ਹੇ ਕਰਜ਼ੇ ਦਾ ਵੱਧ ਤੋਂ ਵੱਧ 10 ਫ਼ੀਸਦ ਔਸਤਨ 10000 ਰੁਪਏ ਕਰਜ਼ਾ ਹੀ ਮੁਆਫ਼ ਹੋਵੇਗਾ, ਕਿਉਂਕਿ ਇਨ੍ਹਾਂ ਪਰਿਵਾਰਾਂ ਸਿਰ ਸਰਕਾਰੀ ਅਤੇ ਸਹਿਕਾਰੀ ਅਦਾਰਿਆਂ ਦਾ ਕਰਜ਼ਾ ਔਸਤਨ 10000 ਰੁਪਏ ਹੀ ਹੈ। ਸਰਕਾਰ ਨੇ ਇਹ ਹੱਦ 20000 ਰੁਪਏ ਪ੍ਰਤੀ ਪਰਿਵਾਰ ਮਿਥੀ ਹੈ। ਦੂਜਾ, ਇਸ ਸਕੀਮ ਅਧੀਨ ਕਰਜ਼ਈ 12-13 ਲੱਖ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦਾ ਬਹੁਤ ਛੋਟਾ ਹਿੱਸਾ, ਲਗਭਗ 20 ਫ਼ੀਸਦ ਹੀ ਆਵੇਗਾ ਕਿਉਂਕਿ ਕੁੱਲ 285000 ਖੇਤ ਮਜ਼ਦੂਰ ਅਤੇ ਬੇਜ਼ਮੀਨੇ ਕਿਸਾਨ ਹੀ ਫਾਇਦਾ ਲੈਣ ਸਕਣਗੇ; ਬਾਕੀ 80 ਫ਼ੀਸਦ ਕਰਜ਼ਈ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਨੂੰ ਇਸ ਸਕੀਮ ਦਾ ਲਾਭ ਨਹੀਂ ਮਿਲੇਗਾ। ਪਿਛਲੇ ਸਮੇਂ ਵਿਚ ਲਾਗੂ ਕੀਤੀਆਂ ਕਰਜ਼ਾ ਰਾਹਤ ਸਕੀਮਾਂ ਦੇ ਤਜਰਬਿਆਂ ਤੋਂ ਪਤਾ ਲੱਗਦਾ ਹੈ ਕਿ ਕਰਜ਼ਾ ਰਾਹਤ ਲੋੜਵੰਦਾਂ ਤੱਕ ਨਹੀਂ ਪਹੁੰਚਦਾ, ਕਿਉਂਕਿ ਸਰਕਾਰ ਦੇ ਦਫ਼ਤਰੀ ਕੰਮ ਕਰਨ ਦੇ ਢੰਗ-ਤਰੀਕੇ ਅਤੇ ਦਫ਼ਤਰੀ ਅੜਿੱਕਿਆਂ ਕਾਰਨ ਬਹੁਤੇ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਦੇ ਕਾਗਜ਼ ਬਗੈਰਾ ਠੀਕ ਨਹੀਂ ਨਿਕਲਣਗੇ। ਜੇ ਇਹ ਵੀ ਮੰਨ ਲਈਏ ਕਿ ਕਰਜ਼ਾ ਰਾਹਤ ਸਕੀਮ ਤਹਿਤ 285000 ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਨੂੰ ਲਾਭ ਪਹੁੰਚਦਾ ਹੈ ਤਾਂ ਇਹ ਲਾਭ ਲੋੜ ਨਾਲੋਂ ਬਹੁਤ ਘੱਟ ਤੇ ਨਾਮਾਤਰ ਹੋਵੇਗਾ, ਕਿਉਂਕਿ ਇਹ ਰਾਹਤ ਨਾ ਤਾਂ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦਾ ਭਾਰ ਘੱਟ ਕਰੇਗਾ, ਨਾ ਹੀ ਇਸ ਵਰਗ ਦੀਆਂ ਖ਼ੁਦਕੁਸ਼ੀਆਂ ਨੂੰ ਠੱਲ੍ਹ ਪਾਏਗਾ। ਇਸੇ ਕਾਰਣ ਖੇਤ ਮਜਦੂਰ ਤੇ ਗਰੀਬ ਕਿਸਾਨੀ ਦੁਖਾਂਤ ਭੋਗ ਰਹੀ ਹੈ। ਪੇਸ਼ ਹਨ ਕੁਝ ਖੇਤ ਮਜ਼ਦੂਰ ਪਰਿਵਾਰਾਂ ਦੀਆਂ ਬੀਬੀਆਂ ਦੇ ਦੁਖਾਂਤਕ ਕਿਸੇ :-

ਮੂਰਤੀ ਕੌਰ ਇਸ ਸਮੇਂ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਝੁਨੀਰ ਵਿੱਚ ਆਪਣੇ 11 ਸਾਲਾ ਪੋਤੇ ਅਤੇ 8 ਸਾਲ ਦੀ ਪੋਤੀ ਨਾਲ ਰਹਿ ਰਹੀ ਹੈ। ਉਸ ਦਾ ਪੁੱਤਰ ਸੁਖਮਿੰਦਰ ਸਿੰਘ ਕਰਜ਼ੇ ਕਾਰਨ ਫਾਹਾ ਲੈ ਕੇ ਮਰ ਚੁੱਕਾ ਹੈ।ਉਸਦੇ ਪੁੱਤਰ ਦੀ ਮੌਤ ਮਗਰੋਂ ਨੂੰਹ ਨੇ ਕਿਸੇ ਹੋਰ ਥਾਂ ਉੱਤੇ ਵਿਆਹ ਕਰਵਾ ਲਿਆ ਅਤੇ ਇਸ ਸਮੇਂ ਪੋਤਰੇ ਹੀ ਉਸ ਕੋਲ ਹਨ।ਮੂਰਤੀ ਕੌਰ ਲੋਕਾਂ ਦੇ ਖੇਤਾਂ ਅਤੇ ਘਰਾਂ ਵਿੱਚ ਕੰਮ ਕਰਕੇ ਇਨ੍ਹਾਂ ਬੱਚਿਆਂ ਨੂੰ ਪਾਲ਼ ਰਹੀ ਹੈ। ਸਰਕਾਰ ਵੱਲੋਂ ਸੱਤ ਸੌ ਰੁਪਏ ਬੁਢਾਪਾ ਪੈਨਸ਼ਨ ਮਿਲਦੀ ਹੈ ਅਤੇ 1000 ਰੁਪਏ ਮਿਹਨਤ ਮਜ਼ਦੂਰੀ ਤੋਂ ਕਮਾਉਂਦੀ ਹੈ। ਮੂਰਤੀ ਕੌਰ ਨੇ ਦੱਸਿਆ ਕਿ ਉਸ ਦਾ ਇਕਲੌਤੇ ਪੁੱਤਰ ਸੁਖਮਿੰਦਰ 26 ਸਾਲ ਦੀ ਉਮਰ ਵਿੱਚ ਜ਼ਿਮੀਦਾਰ ਤੋਂ ਲਏ ਕਰਜ਼ੇ ਕਾਰਨ 2014 ਵਿੱਚ ਖ਼ੁਦਕੁਸ਼ੀ ਕਰ ਗਿਆ ਸੀ। ਕਰਜ਼ੇ ਬਾਰੇ ਮੂਰਤੀ ਕੌਰ ਦੱਸਦੀ ਹੈ ਕਿ ਉਸ ਦੇ ਪੁੱਤਰ ਨੇ ਜ਼ਿਮੀਦਾਰਾਂ ਤੋਂ ਘਰ ਬਣਾਉਣ ਲਈ ਕਰਜ਼ਾ ਲਿਆ ਸੀ ਅਤੇ ਬਦਲੇ ਵਿੱਚ ਉਹ ਸੀਰੀ ਵਜੋਂ ਉਨ੍ਹਾਂ ਨਾਲ ਕੰਮ ਕਰਦਾ ਸੀ। ਕਰਜ਼ਾ ਦਿਨ ਪ੍ਰਤੀ ਦਿਨ ਵਧਦਾ ਗਿਆ ਜਿਸ ਕਾਰਨ ਉਹ ਪ੍ਰੇਸ਼ਾਨ ਰਹਿਣ ਲੱਗਾ ਪਿਆ। ਮੂਰਤੀ ਕੌਰ ਨੇ ਦੱਸਿਆ ਕਿ ਇੱਕ ਦਿਨ ਰਾਤ ਨੂੰ ਘਰ ਤੋਂ ਉਹ ਅਚਾਨਕ ਚਲਾ ਗਿਆ ਅਤੇ ਵਾਪਸ ਉਸ ਦੀ ਲਾਸ਼ ਹੀ ਆਈ। ਮੂਰਤੀ ਕੌਰ ਮੁਤਾਬਕ ਪਿੰਡ ਨੇੜੇ ਦਰੱਖ਼ਤ ਨਾਲ ਲਟਕ ਕੇ ਉਸ ਨੇ ਜਾਨ ਦੇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਸੁਖਮਿੰਦਰ ਸਿੰਘ ਦਾ ਕਰਜ਼ਾ ਅਜੇ ਵੀ ਬਰਕਰਾਰ ਹੈ। ਮੂਰਤੀ ਕੌਰ ਨੇ ਦੱਸਿਆ ਕਿ ਪੁੱਤਰ ਦੀ



ਖ਼ੁਦਕੁਸ਼ੀ ਦੇ ਮੁਆਵਜ਼ੇ ਲਈ ਉਸ ਨੇ ਸਾਰੇ ਕਾਗ਼ਜ਼ ਤਿਆਰ ਕੀਤੇ ਪਰ ਮਿਲਿਆ ਹੁਣ ਤੱਕ ਕੁਝ ਨਹੀਂ। ਮੂਰਤੀ ਕੌਰ ਦੀ ਚਿੰਤਾ ਕਾਰਨ ਸਿਹਤ ਲਗਾਤਾਰ ਖ਼ਰਾਬ ਹੋ ਰਹੀ ਹੈ ਅਤੇ ਚਿੰਤਾ ਇਸ ਗੱਲ ਦੀ ਕਿ ਉਸ ਤੋਂ ਬਾਅਦ ਪੋਤੇ ਅਤੇ ਪੋਤੀ ਦੀ ਸੰਭਾਲ ਕੌਣ ਕਰੇਗਾ। ਕੁਝ ਲੋਕਾਂ ਨੇ ਮਦਦ ਕਰਕੇ ਮੇਰੇ ਘਰ ਦੀ ਛੱਤ ਪੱਕੀ ਕਰ ਦਿੱਤੀ ਹੈ ਪਰ ਚਿੰਤਾਵਾਂ ਅਜੇ ਵੀ ਬਰਕਰਾਰ ਹਨ।



ਜ਼ਿਲ੍ਹਾ ਸੰਗਰੂਰ ਦੇ ਪਿੰਡ ਮੌੜਾਂ ਵਿਖੇ ਖ਼ੁਦਕੁਸ਼ੀ ਦਾ ਕਾਰਨ ਕਰਜ਼ਾ ਸੀ। ਘਰ ਦੇ ਗੁਜ਼ਾਰੇ ਲਈ ਸਰਬਜੀਤ ਕੌਰ ਇਸ ਸਮੇਂ ਪਿੰਡ ਦੇ ਲੋਕਾਂ ਦੇ ਘਰਾਂ ਵਿੱਚ ਸਾਫ਼-ਸਫ਼ਾਈ ਦਾ ਕੰਮ ਕਰਦੀ ਹੈ। ਦੋ ਕਮਰਿਆਂ ਦੇ ਘਰ ਵਿੱਚ ਉਹ ਆਪਣੇ ਤਿੰਨ ਬੱਚਿਆਂ ਨਾਲ ਰਹਿ ਰਹੀ ਹੈ, ਪਰ ਘਰਾਂ ਦੀਆਂ ਕੰਧਾਂ ਉੱਤੇ ਪਈਆਂ ਤਰੇੜਾਂ ਉਸ ਦੀ ਮੰਦਹਾਲੀ ਦੀ ਤਸਵੀਰ ਬਿਆਨ ਕਰਨ ਲਈ ਕਾਫ਼ੀ ਸਨ। ਜ਼ਿਮੀਦਾਰਾਂ ਦੇ ਨਾਲ ਸੀਰੀ ਵਜੋਂ ਕੰਮ ਕਰਨ ਵਾਲੇ ਉਸ ਦੇ ਪਤੀ ਜੱਗਾ ਸਿੰਘ ਨੇ 2018 ਵਿਚ ਪੱਖੇ ਨਾਲ ਲਟਕ ਕੇ ਖ਼ੁਦਕੁਸ਼ੀ ਕਰ ਲਈ ਸੀ। ਉਹ ਸੱਤ ਭੈਣਾਂ ਦਾ ਇਕਲੌਤਾ ਭਰਾ ਸੀ।ਵੱਡੀ ਕਬੀਲਦਾਰੀ ਅਤੇ ਘਰ ਵਿੱਚ ਪਹਿਲਾਂ ਮਾਂ ਅਤੇ ਉਸ ਤੋਂ ਬਾਅਦ ਸਰਬਜੀਤ ਕੌਰ ਦੀ ਬਿਮਾਰੀ ਨੇ ਕਰਜ਼ੇ ਦੇ ਬੋਝ ਨੇ ਜੱਗਾ ਸਿੰਘ ਦੀ ਆਰਥਿਕ ਹਾਲਤ ਹੋਰ ਖਸਤਾ ਕਰ ਦਿੱਤੀ ਜਿਸ ਤੋਂ ਪ੍ਰੇਸ਼ਾਨ ਹੋ ਕੇ ਜੱਗਾ ਸਿੰਘ ਨੇ ਇੱਕ ਦਿਨ ਘਰ ਵਿੱਚ ਹੀ ਫਾਹਾ ਲੈ ਕੇ ਆਪਣੀ ਜਾਨ ਦੇ ਦਿੱਤੀ।

ਦਲਿਤ ਪਰਿਵਾਰ ਨਾਲ ਸਬੰਧਤ ਸਰਬਜੀਤ ਕੌਰ ਆਖਦੀ ਹੈ ਕਿ ਉਸ ਨੇ ਵੀ ਪ੍ਰੇਸ਼ਾਨ ਹੋ ਕੇ ਦੋ ਵਾਰ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ ਪਰ ਬੱਚਿਆਂ ਦਾ ਮੋਹ ਨੂੰ ਉਸ ਨੂੰ ਅਜਿਹਾ ਕਰਨ ਤੋਂ ਰੋਕ ਦਿੰਦਾ ਹੈ। ਸਰਬਜੀਤ ਕੌਰ ਦੱਸਦੀ ਹੈ 1000 ਰੁਪਏ ਉਸ ਨੂੰ ਵਿਧਵਾ ਪੈਨਸ਼ਨ ਮਿਲਦੀ ਹੈ ਅਤੇ ਇੰਨੇ ਹੀ ਪੈਸੇ ਉਹ ਮਜ਼ਦੂਰੀ ਕਰ ਕੇ ਕਮਾਉਂਦੀ ਹੈ। ਪਤੀ ਦੇ ਖ਼ੁਦਕੁਸ਼ੀ ਦੇ ਮੁਆਵਜ਼ੇ ਬਾਰੇ ਉਹ ਆਖਦੀ ਹੈ ਕਿ ਸਾਰੀ ਕਾਗ਼ਜ਼ੀ ਕਾਰਵਾਈ ਕੀਤੀ ਪਰ ਕੁਝ ਨਹੀਂ ਹੋਇਆ।ਹੁਣ ਤਾਂ ਜੱਗਾ ਸਿੰਘ ਦੀ ਖ਼ੁਦਕੁਸ਼ੀ ਨਾਲ ਸਬੰਧਤ ਕਾਗ਼ਜ਼ ਪੁਲਿਸ ਦੀ ਐਫਆਈਆਰ, ਪੋਸਟਮਾਰਟਮ ਦੀ ਰਿਪੋਰਟ ਉੱਤੇ ਲਿਖੇ ਉੱਕਰੇ ਅੱਖਰ ਵੀ ਮਿਟਣ ਲੱਗ ਪਏ ਹਨ। ਸਰਬਜੀਤ ਕੌਰ ਦੱਸਦੀ ਹੈ ਕਿ ਜਿਨ੍ਹਾਂ ਲੋਕਾਂ ਦੇ ਘਰਾਂ ਵਿੱਚ ਉਹ ਕੰਮ ਕਰਦੀ ਹੈ ਉਨ੍ਹਾਂ ਦੀ ਵਾਧੂ ਬਚੀ ਹੋਈ ਰੋਟੀ ਅਤੇ ਸਬਜ਼ੀ ਨਾਲ ਉਹ ਆਪਣੇ ਬੱਚੇ ਪਾਲ ਰਹੀ ਹੈ।

ਸਰਬਜੀਤ ਕੌਰ ਦੱਸਦੀ ਹੈ ਕਿ ਇੱਕ ਕਰਜ਼ੇ ਨੂੰ ਉਤਾਰਨ ਦੇ ਲਈ ਉਹ ਦੂਜਾ ਕਰਜ਼ਾ ਚੁੱਕਦੀ ਹੈ, ਪਰ ਲੋਕਾਂ ਦਾ ਉਧਾਰ ਖ਼ਤਮ ਨਹੀਂ ਹੋ ਰਿਹਾ।

ਸੰਗਰੂਰ ਜ਼ਿਲ੍ਹੇ ਦੀ ਗੱਲ ਕੀਤੀ ਜਾਵੇ ਤਾਂ ਸਰਕਾਰੀ ਅੰਕੜਿਆਂ ਮੁਤਾਬਕ ਇੱਥੇ ਖੇਤ ਮਜ਼ਦੂਰਾਂ ਦੀ ਗਿਣਤੀ 91,799 ਹੈ ਅਤੇ ਪਿਛਲੇ 18 ਸਾਲਾਂ ਦੇ ਦੌਰਾਨ ਇਸ ਜ਼ਿਲ੍ਹੇ ਵਿੱਚ ਕਰਜ਼ੇ ਕਾਰਨ 1,557 ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ ਜਦਕਿ ਗੈਰ ਕਰਜ਼ੇ ਕਾਰਨ ਹੋਈਆਂ ਖ਼ੁਦਕੁਸ਼ੀਆਂ ਦੀ ਗਿਣਤੀ 353 ਹੈ।

ਪੰਜਾਬ ਸਰਕਾਰ ਦੀ ਕੀ ਹੈ ਮੁਆਵਜ਼ਾ ਰਾਸ਼ੀ ਰਾਸ਼ੀ ਦੇਣ ਦੀ ਵਿਵਸਥਾ ਹੈ।ਪਰ ਇਸ ਨੀਤੀ ਦਾ ਫ਼ਾਇਦਾ ਜ਼ਿਆਦਾਤਰ ਪਰਿਵਾਰਾਂ ਨੂੰ ਅਸਲ ਵਿੱਚ ਮਿਲਦਾ ਹੀ ਨਹੀਂ, ਇਸਦੇ ਕਈ ਕਾਰਨ ਹਨ। ਪੰਜਾਬ ਸਰਕਾਰ ਨੇ 2015 ਵਿਚ ਖ਼ੁਦਕੁਸ਼ੀਆਂ ਨਾਲ ਪ੍ਰਭਾਵਿਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਰਾਹਤ ਦੇਣ ਲਈ ਨੀਤੀ ਬਣਾਈ

ਮੁਆਵਜ਼ੇ ਦੀਆਂ ਸ਼ਰਤਾਂ ਵਿੱਚ ਐਫਆਈਆਰ ਦੀ ਕਾਪੀ, ਪੋਸਟ-ਮਾਰਟਮ ਰਿਪੋਰਟ ਅਤੇ ਕਰਜ਼ੇ ਦਾ ਸਬੂਤ ਦੇਣਾ ਜ਼ਰੂਰੀ ਹੈ। ਸ਼ਰਤਾਂ ਮੁਤਾਬਕ ਖ਼ੁਦਕੁਸ਼ੀ ਦੀ ਘਟਨਾ ਵਾਪਰਨ ਦੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਆਵਜ਼ਾ ਅਰਜ਼ੀ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਜਾਂ ਫਿਰ ਐਸਡੀਐਮ ਨੂੰ ਦੇਣੀ ਹੋਵੇਗੀ।

ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੀ ਭਲਾਈ ਲਈ ਕੰਮ ਕਰਨ ਵਾਲੀ ਕਿਰਨਜੀਤ ਕੌਰ ਦੱਸਦੀ ਹੈ ਕਿ ਸਰਕਾਰ ਦੀ ਨੀਤੀ ਦਾ ਫ਼ਾਇਦਾ ਬਹੁਤ ਘੱਟ ਪਰਿਵਾਰਾਂ ਨੂੰ ਮਿਲਦਾ ਹੈ। ਕਿਰਨਜੀਤ ਮੁਤਾਬਕ ਇਸ ਦਾ ਸਭ ਤੋਂ ਵੱਡਾ ਕਾਰਨ ਤਿੰਨ ਮਹੀਨੇ ਦਾ ਸਮਾਂ ਹੈ ਜਿਸ ਵਿਚ ਸਾਰੀ ਕਾਗ਼ਜ਼ੀ ਕਾਰਵਾਈ ਕਰਕੇ ਅਰਜ਼ੀ ਸਰਕਾਰੀ ਦਫ਼ਤਰ ਵਿਚ ਜਮਾਂ ਕਰਵਾਉਣੀ ਹੁੰਦੀ ਹੈ।ਬਹੁਤ ਸਾਰੇ ਪਰਿਵਾਰਾਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਹੈ ਕਿ ਮੁਆਵਜ਼ੇ ਸਬੰਧੀ ਅਰਜ਼ੀ ਕਦੋਂ ਦੇਣੀ ਹੈ ਅਤੇ ਕਿੱਥੇ ਦੇਣੀ ਹੈ ਅਤੇ ਉਸ ਦੇ ਲਈ ਕਿਹੜੇ ਕਿਹੜੇ ਕਾਗ਼ਜ਼ ਲੋੜੀਂਦੇ ਹਨ। ਦੂਜੀ ਗੱਲ ਸਰਕਾਰ ਸਿਰਫ਼ ਸਰਕਾਰੀ ਕਰਜ਼ੇ ਨੂੰ ਹੀ ਮੰਨਦੀ ਹੈ।ਜ਼ਿਮੀਦਾਰਾਂ ਜਾਂ ਕਿਸੇ ਹੋਰ ਤੋਂ ਲਏ ਪੈਸੇ ਨੂੰ ਕਰਜ਼ਾ ਹੀ ਨਹੀਂ ਮੰਨਦੀ। ਜ਼ਿਆਦਾ ਪਰਿਵਾਰਾਂ ਕੋਲ ਕਰਜ਼ੇ ਦਾ ਕੋਈ ਸਬੂਤ ਨਾ ਹੋਣ ਅਤੇ ਜਾਗਰੂਰਤਾ ਦੀ ਕਮੀ ਦੇ ਕਾਰਨ ਪੀੜਤ ਪਰਿਵਾਰਾਂ ਨੂੰ ਸਰਕਾਰ ਦੀ ਸਕੀਮ ਦਾ ਫ਼ਾਇਦਾ ਨਹੀਂ ਮਿਲਦਾ। ਇਸ ਤੋਂ ਇਲਾਵਾ ਪੀੜਤ ਪਰਿਵਾਰਾਂ ਕੋਲ ਪੋਸਟਮਾਰਟਮ ਦੀ ਰਿਪੋਰਟ ਹੁੰਦੀ ਹੈ, ਪਰ ਕਰਜ਼ੇ ਦਾ ਸਬੂਤ ਨਹੀਂ ਹੁੰਦਾ, ਇਸ ਕਰਕੇ ਉਨ੍ਹਾਂ ਦੀ ਅਰਜ਼ੀ ਰੱਦ ਹੋ ਜਾਂਦੀ ਹੈ।

ਮੁਆਵਜ਼ੇ ਸਬੰਧੀ ਆਪਣਾ ਤਜਰਬਾ ਸਾਂਝਾ ਕਰਦੇ ਹੋਏ ਕਿਰਨਜੀਤ ਕੌਰ ਨੇ ਦੱਸਿਆ ਕਿ ਪੜ੍ਹੀ ਲਿਖੀ ਹੋਣ ਦੇ ਬਾਵਜੂਦ ਉਸ ਨੇ ਮੁਆਵਜ਼ੇ ਲਈ ਉਸ ਨੇ ਪਿਤਾ ਦੀ ਮੌਤ ਤੋਂ ਬਾਅਦ ਦੋ ਸਾਲ ਤੱਕ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟੇ। ਤੰਗ ਆ ਕੇ ਆਖ਼ਰਕਾਰ ਉਸ ਨੇ ਆਪਣੀ ਅਰਜ਼ੀ ਦੀ ਫਾਈਲ ਹੀ ਫਾੜ ਦਿੱਤੀ ਸੀ। ਮਾਮਲਾ ਮੀਡੀਆ ਵਿੱਚ ਹੋਣ ਤੋਂ ਬਾਅਦ ਕਿਰਨਜੀਤ ਕੌਰ ਨੂੰ ਤਿੰਨ ਲੱਖ ਰੁਪਏ ਦਾ ਮੁਆਵਜ਼ਾ ਮਿਲਿਆ ਸੀ।

ਪੰਜਾਬ ਸਰਕਾਰ ਲਈ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਰਿਪੋਰਟ ਤਿਆਰ ਕਰਨ ਵਾਲੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਅਰਥਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਡਾ. ਸੁਖਪਾਲ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਦੇ ਪੇਂਡੂ ਖੇਤਰ ਵਿੱਚ 7 ਲੱਖ ਖੇਤ ਮਜ਼ਦੂਰ ਹਨ ਅਤੇ ਇਨ੍ਹਾਂ ਵਿੱਚੋਂ 70 ਫ਼ੀਸਦ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਹਨ। ਡਾ. ਸੁਖਪਾਲ ਮੁਤਾਬਕ ਉਨ੍ਹਾਂ ਦੇ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਕਿ ਖੇਤ ਮਜ਼ਦੂਰਾਂ ਸਿਰ ਪ੍ਰਤੀ ਪਰਿਵਾਰ ਲਗਭਗ 60 ਤੋਂ 70 ਹਜ਼ਾਰ ਦਾ ਔਸਤਨ ਕਰਜ਼ਾ ਹੈ। ਇਸ ਕਰਜ਼ੇ ਦਾ 90 ਫ਼ੀਸਦੀ ਹਿੱਸਾ ਗੈਰ ਸੰਸਥਾਗਤ ਸਰੋਤਾਂ ਅਤੇ ਬਾਕੀ 10 ਫ਼ੀਸਦ ਸਰਕਾਰੀ ਅਦਾਰਿਆਂ ਤੋਂ ਲਿਆ ਹੋਇਆ ਹੈ। ਗ਼ੈਰ ਸਰਕਾਰੀ ਕਰਜ਼ੇ ਵਿੱਚੋਂ 70 ਫੀਸਦੀ ਕਰਜ਼ਾ ਜ਼ਿਮੀਦਾਰਾਂ ਦਾ ਹੈ ਅਤੇ ਬਾਕੀ 25 ਫੀਸਦੀ ਛੋਟੇ ਦੁਕਾਨਦਾਰਾਂ ਅਤੇ ਸਾਹੂਕਾਰਾਂ ਦਾ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੇ ਸਾਲ 2000 ਤੋਂ ਲੈ ਕੇ 2018 ਤੱਕ ਕੀਤੇ ਸਰਵੇ ਵਿੱਚ 7 ਹਜ਼ਾਰ 300 ਖੇਤ ਮਜ਼ਦੂਰਾਂ ਵਲੋਂ ਖ਼ੁਦਕੁਸ਼ੀ ਕੀਤੇ ਜਾਣ ਦਾ ਪਤਾ ਲੱਗਾ ਹੈ। ਇਨ੍ਹਾਂ ਸਾਲਾਂ ਦੌਰਾਨ ਪੰਜਾਬ ਦੇ ਛੇ ਜ਼ਿਲ੍ਹਿਆਂ ਸੰਗਰੂਰ, ਮਾਨਸਾ, ਬਰਨਾਲਾ, ਮੋਗਾ, ਬਠਿੰਡਾ ਅਤੇ ਲੁਧਿਆਣਾ ਵਿਚ ਸਭ ਤੋਂ ਜ਼ਿਆਦਾ ਖ਼ੁਦਕੁਸ਼ੀਆਂ ਹੋਈਆਂ ਹਨ।

ਡਾ. ਸੁਖਪਾਲ ਸਿੰਘ ਮੁਤਾਬਕ ਜ਼ਿਆਦਾਤਰ ਪੀੜਤ ਪਰਿਵਾਰ ਦਲਿਤ ਵਰਗ ਨਾਲ ਸਬੰਧਤ ਹਨ ਅਤੇ ਭੂਮੀਹੀਣ ਹਨ। ਡਾ. ਸੁਖਪਾਲ ਸਿੰਘ ਮੁਤਾਬਕ ਬੇਸ਼ੱਕ ਸਰਕਾਰ ਕਰਜ਼ਾ ਮੁਆਫ ਕਰ ਰਹੀ ਹੈ ਪਰ ਇਹ ਸਮੱਸਿਆ ਦਾ ਹੱਲ ਨਹੀਂ ਹੈ।ਉਨ੍ਹਾਂ ਦੱਸਿਆ ਕਿ ਕਰਜ਼ਾ ਮੁਆਫੀ ਦੇ ਨਾਲੋਂ ਸਰਕਾਰ ਇਨ੍ਹਾਂ ਪਰਿਵਾਰਾਂ ਲਈ ਰੁਜ਼ਗਾਰ ਦੇ (ਬਾਕੀ ਸਫ਼ਾ 30 'ਤੇ)

# ਅੰਗਰੇਜ਼ ਰਾਜ ਦੌਰਾਨ ਸ਼ੰਘਾਈ ਵਿਖੇ ਪੁਲਿਸ ਪ੍ਰਸ਼ਾਸਨ 'ਚ ਸਿੱਖਾਂ ਦਾ ਬੋਲਬਾਲਾ

- ਸ਼ੰਘਾਈ ਦੇ ਇਤਿਹਾਸਕਾਰ ਚਾਓ ਯਿਨ ਨੇ ਪੁਸਤਕ ਵਿੱਚ ਸਿੱਖਾਂ ਦੇ ਵਸੇਬੇ ਅਤੇ ਉਜਾੜੇ ਦੀ ਦਾਸਤਾਨ ਦੇ ਵੇਰਵੇ ਦਿੱਤੇ
- ਸ਼ੰਘਾਈ .ਗਦਰੀ ਸਿੱਖਾਂ ਦਾ ਅੱਡਾ ਵੀ ਬਣਿਆ ਤੇ ਸੁਭਾਸ਼ ਚੰਦਰ ਬੋਸ ਨੇ ਸਿੱਖਾਂ ਤੋਂ ਮੰਗੀ ਸੀ ਮਦਦ

ਸਿੱਖ ਕਿਰਤ ਅਤੇ ਬਿਹਤਰ ਮੌਕਿਆਂ ਦੀ ਭਾਲ ਵਿਚ ਦੁਨੀਆ ਦੇ ਹਰ ਕੋਨੇ ਵਿਚ ਗਏ ਹਨ ਤੇ ਖੂਬ ਵਿਕਾਸ ਕਰਕੇ ਆਪਣੀ ਕੌਮ ਦਾ ਨਾਮ ਰੋਸ਼ਨ ਕੀਤਾ ਹੈ। ਸਿੱਖ 1884 ਵਿਚ ਸ਼ੰਘਾਈ ਵੀ ਪਹੁੰਚੇ ਸਨ। ਸ਼ੰਘਾਈ ਸਥਿਤ ਚਾਓ ਯਿਨ ਬੀਜਿੰਗ ਦੀ ਸਿੰਹੁਆ ਯੂਨੀਵਰਸਿਟੀ ਵਿੱਚ ਆਧੁਨਿਕ ਭਾਰਤੀ ਇਤਿਹਾਸ ਅਤੇ ਭਾਰਤ-ਚੀਨ ਸਬੰਧਾਂ ਨੂੰ ਪੜ੍ਹਾਉਂਦੇ ਹਨ। ਪਿਛਲੇ ਸਾਲ ਉਸਨੇ ਸ਼ੰਘਾਈ ਦੇ ਸਿੱਖਾਂ ਦੇ ਉਦਮ ਤੇ ਗਤੀਵਿਧੀਆਂ ਬਾਰੇ ਇੱਕ ਕਿਤਾਬ From Policemen to Revolutionaries: A Sikh Diaspora in Global Shanghai, 1885-1945 ਲਿਖੀ ਸੀ।ਲੇਖਕ ਅਨੁਸਾਰ ਸਿੱਖ 1884 ਵਿੱਚ ਪੰਜਾਬ ਤੋਂ ਸ਼ੰਘਾਈ ਪਹੁੰਚੇ ਸਨ ਤੇ ਸ਼ੰਘਾਈ ਪੁਲਿਸ ਫੋਰਸ ਵਿੱਚ ਨੌਕਰੀ ਪ੍ਰਾਪਤ ਕੀਤੀ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਮਜਬੂਰੀ ਤੇ ਚੀਨ ਸਰਕਾਰ ਦੇ ਦਬਾਅ ਕਾਰਨ ਉਨ੍ਹਾਂ ਨੂੰ ਸ਼ੰਘਾਈ ਛੱਡਣਾ ਪਿਆ ਸੀ।ਚਾਓ ਯਿਨ ਅਨੁਸਾਰ ਕੋਈ ਸਮਾਂ ਸੀ ਜਦੋਂ ਸ਼ੰਘਾਈ ਵਿੱਚ ਢਾਈ ਹਜ਼ਾਰ ਦੇ ਕਰੀਬ ਸਿੱਖ ਰਹਿੰਦੇ ਸਨ ਪਰ ਅੱਜ ਸ਼ੰਘਾਈ ਵਿੱਚ ਸਿੱਖ ਨਜ਼ਰ ਨਹੀਂ ਆਉਂਦੇ। ਇਸ ਦਾ ਕਾਰਨ ਸਿੱਖਾਂ ਦਾ ਸੰਘਰਸ਼ਸ਼ੀਲ ਇਤਿਹਾਸ ਹੈ।




ਇਤਿਹਾਸਕਾਰ ਚਾਓ ਯਿਨ ਨੇ ਸਿੰਗਾਪੁਰ ਵਿਚ ਸਿੱਖਾਂ ਦੀ ਵੱਡੀ ਅਬਾਦੀ ਨੂੰ ਦੇਖ ਕੇ ਸ਼ੰਘਾਈ, ਸਿੰਗਾਪੁਰ ਅਤੇ ਹਾਂਗਕਾਂਗ ਵਿਚ ਰਹਿੰਦੇ ਸਿੱਖ ਭਾਈਚਾਰੇ ਬਾਰੇ ਇਕ ਕਿਤਾਬ ਲਿਖਣ ਬਾਰੇ ਸੋਚਿਆ। ਚਾਓ ਯਿਨ ਅਨੁਸਾਰ ਸਾਲ 1884 ਵਿੱਚ ਸਭ ਤੋਂ ਪਹਿਲਾਂ ਸਿੱਖ ਹਾਂਗਕਾਂਗ ਤੋਂ ਸ਼ੰਘਾਈ ਪਹੁੰਚੇ ਸਨ। ਇਨ੍ਹਾਂ ਦੀ ਗਿਣਤੀ 30 ਦੇ ਕਰੀਬ ਸੀ। ਇਹ ਸਿੱਖ ਹਾਂਗਕਾਂਗ ਵਿਖੇ ਪੁਲਿਸ ਵਿਭਾਗ ਵਿੱਚ ਨੌਕਰੀ ਕਰਦੇ ਸਨ। ਬਰਤਾਨਵੀ ਅਧਿਕਾਰੀਆਂ ਨੇ ਇਹਨਾਂ ਸਿੱਖਾਂ ਨੂੰ ਸ਼ੰਘਾਈ ਵਿੱਚ ਨੌਕਰੀ ਦਿੱਤੀ ਸੀ ਅਤੇ ਸਿੱਖਾਂ ਨੇ ਪੁਲਿਸ ਅਤੇ ਚੌਕੀਦਾਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਸਿੱਖ ਪੁਲਿਸ ਵਾਲੇ ਜਲਦੀ ਹੀ 1854 ਵਿੱਚ ਬਣੀ ਸ਼ੰਘਾਈ ਮਿਉਂਸਪਲ ਪੁਲਿਸ ਦਾ ਇੱਕ ਅਹਿਮ ਹਿੱਸਾ ਬਣ ਗਏ ਸਨ।

ਚਾਓ ਯਿਨ ਦਾ ਕਹਿਣਾ ਹੈ, 'ਸ਼ੰਘਾਈ ਵਿੱਚ ਇਨ੍ਹਾਂ ਸਿੱਖਾਂ ਨੂੰ ਆਪਣੀਆਂ ਪੁਰਾਣੀਆਂ ਨੌਕਰੀਆਂ ਨਾਲੋਂ ਕਿਤੇ ਵੱਧ ਤਨਖ਼ਾਹ ਮਿਲਦੀ ਸੀ। ਇਸ ਕਾਰਨ ਵੱਡੀ ਗਿਣਤੀ ਵਿੱਚ ਸਿੱਖ ਇੱਥੇ ਆਉਣ ਲੱਗ ਪਏ।'

ਸ਼ੰਘਾਈ ਦੇ ਸਥਾਨਕ ਲੋਕਾਂ ਨੇ ਜਦੋਂ ਪੁਲਿਸ ਦੀ ਵਰਦੀ ਵਿੱਚ ਸਿੱਖਾਂ ਨੂੰ ਆਪਣੇ ਸ਼ਹਿਰ ਵਿੱਚ ਦੇਖਿਆ ਤਾਂ ਉਨ੍ਹਾਂ ਦੀ ਮਿਲੀ-ਜੁਲੀ ਪ੍ਰਤੀਕਿਰਿਆ ਸੀ।ਚਾਓ ਯਿਨ ਦੱਸਦੇ ਹਨ, 'ਬਰਤਾਨਵੀ ਅਧਿਕਾਰੀਆਂ ਨੇ ਮਹਿਸੂਸ ਕੀਤਾ ਕਿ ਸਥਾਨਕ ਲੋਕ ਸਿੱਖ ਪੁਲਿਸ ਵਾਲਿਆਂ ਦੀਆਂ ਵੱਡੀਆਂ ਦਸਤਾਰਾਂ, ਰੋਅਬਦਾਰ ਚਿਹਰਿਆਂ, ਲੰਬੀਆਂ ਦਾੜ੍ਹੀਆਂ ਤੋਂ ਡਰਦੇ ਸਨ। ਦੂਜੇ ਪਾਸੇ ਚੀਨ ਵਿੱਚ ਬਹੁਤ ਸਾਰੇ ਲੋਕਾਂ ਨੇ ਸਿੱਖ ਪੁਲਿਸ ਵਾਲਿਆਂ ਦਾ ਸਵਾਗਤ ਕੀਤਾ, ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਇਹ ਸਿੱਖ ਪੁਲਿਸ ਵਾਲੇ ਚੀਨੀ ਪੁਲਿਸ ਵਾਲਿਆਂ ਨਾਲੋਂ ਬਿਹਤਰ ਤੇ ਇਮਾਨਦਾਰ ਹਨ। ਕਿਸੇ ਨਾਲ ਧੱਕਾ ਨਹੀਂ ਕਰਦੇ। ਕਿਤਾਬ ਦੇ ਅਨੁਸਾਰ, ਅਪਰਾਧੀ ਚੀਨੀ ਪੁਲਿਸ ਵਾਲਿਆਂ ਤੋਂ ਨਹੀਂ ਡਰਦੇ ਸਨ। ਉਨ੍ਹਾਂ ਦੀ ਨਿਤਾਣਾ ਤੇ ਕਮਜ਼ੋਰ ਸਮਝ ਕੇ ਪ੍ਰਵਾਹ ਨਹੀਂ ਸੀ ਕੀਤੀ ਜਾਂਦੀ।1880 ਦੇ ਆਸ-ਪਾਸ ਸ਼ੰਘਾਈ ਵਿੱਚ ਬ੍ਰਿਟੇਨ ਅਤੇ ਫਰਾਂਸ ਵਰਗੇ ਦੇਸ਼ ਇੱਕ ਦੂਜੇ ਦਾ ਸਹਿਯੋਗ ਕਰ ਰਹੇ ਸਨ।




ਇਹ ਦੌਰ ਪਹਿਲੇ ਅਫੀਮ ਯੁੱਧ ਤੋਂ ਬਾਅਦ ਦਾ ਸਮਾਂ ਸੀ ਜਦੋਂ ਚੀਨ ਨੂੰ ਮੁੱਖ ਤੌਰ 'ਤੇ ਬ੍ਰਿਟਿਸ਼, ਫਰਾਂਸੀਸੀ ਅਤੇ ਅਮਰੀਕਾ ਨਾਲ ਲੜਾਈਆਂ ਵਿੱਚ ਹਾਰ ਤੋਂ ਬਾਅਦ ਜੇਤੂ ਫੌਜਾਂ ਵਲੋਂ ਆਰਥਿਕ ਰਿਆਇਤਾਂ ਦੇਣੀਆਂ ਪਈਆਂ ਸਨ।

ਚਾਓ ਯਿਨ ਦੱਸਦੇ ਹਨ, 'ਜਦੋਂ ਚੀਨ ਦੇ ਲੋਕਾਂ ਨੇ ਫਰਾਂਸ ਦੇ ਖਿਲਾਫ ਮੋਰਚਾ ਖੋਲ੍ਹਿਆ ਤਾਂ ਬ੍ਰਿਟਿਸ਼ ਅਧਿਕਾਰੀਆਂ ਨੂੰ ਚਿੰਤਾ ਹੋ ਗਈ ਸੀ। ਉਨ੍ਹਾਂ ਨੇ ਸ਼ੰਘਾਈ ਦੀ ਸੁਰੱਖਿਆ ਨੂੰ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਪਤਾ ਲੱਗਾ ਕਿ ਅੰਗਰੇਜ਼ਾਂ ਨੂੰ ਸ਼ੰਘਾਈ ਵਿੱਚ ਪੁਲਿਸ ਵਿਭਾਗ ਵਿੱਚ ਨੌਕਰੀਆਂ ਦੇਣੀਆਂ ਬਹੁਤ ਮਹਿੰਗੀਆਂ ਪੈਂਦੀਆਂ ਸਨ। ਬ੍ਰਿਟਿਸ਼ ਅਧਿਕਾਰੀਆਂ ਨੂੰ ਸਥਾਨਕ ਚੀਨੀ ਪੁਲਿਸ ਵਾਲਿਆਂ 'ਤੇ ਵੀ ਭਰੋਸਾ ਨਹੀਂ ਸੀ। ਉਨ੍ਹਾਂ ਨੂੰ ਜਾਪਦਾ ਸੀ ਕਿ ਕਿਤੇ ਉਹ ਲੜਾਈ ਦੌਰਾਨ ਬ੍ਰਿਟਿਸ਼ ਸਰਕਾਰ ਨੂੰ ਧੋਖਾ ਦੇ ਸਕਦੇ ਹਨ। ਇਸ ਕਰਕੇ ਉਨ੍ਹਾਂ ਨੇ ਹਾਂਗਕਾਂਗ ਦੇ ਸਿੱਖਾਂ ਨੂੰ ਪੁਲਿਸ ਵਿਭਾਗ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ, ਕਿਉਂਕਿ ਹਾਂਗਕਾਂਗ ਸ਼ੰਘਾਈ ਦੇ ਨੇੜੇ ਸੀ। ਹਾਂਗਕਾਂਗ ਦੇ ਸਿੱਖ ਪੁਲਿਸ ਵਾਲਿਆਂ ਨੂੰ ਵੀ ਚੀਨੀ ਲੋਕਾਂ ਨਾਲ ਨਜਿੱਠਣ ਦਾ ਤਜਰਬਾ ਸੀ।

ਸ਼ੁਰੂ ਵਿਚ 30 ਦੇ ਕਰੀਬ ਸਿੱਖ ਸ਼ੰਘਾਈ ਆਏ ਪਰ ਹੌਲੀ-ਹੌਲੀ ਇਨ੍ਹਾਂ ਦੀ ਗਿਣਤੀ ਵਧਣ ਲੱਗੀ। ਇਸ ਦਾ ਕਾਰਨ ਇਹ ਸੀ ਕਿ ਪੰਜਾਬ ਅਤੇ ਪੰਜਾਬ ਤੋਂ ਬਾਹਰ ਇਹ ਸੰਦੇਸ਼ ਗਿਆ ਕਿ ਸ਼ੰਘਾਈ ਵਿੱਚ ਸਰਕਾਰ ਹੋਰਨਾਂ ਥਾਵਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਪੈਸਾ ਦੇ ਰਹੀ ਹੈ, ਇਸ ਲਈ ਬਹੁਤ ਸਾਰੇ ਸਿੱਖ ਆਪ ਹੀ ਸ਼ੰਘਾਈ ਪਹੁੰਚਣ ਲੱਗ ਪਏ। ਕਿਤਾਬ ਦੇ ਅਨੁਸਾਰ, ਸਾਲ 1906 ਵਿੱਚ, ਸ਼ੰਘਾਈ ਮਿਉਂਸਪਲ ਕਾਰਪੋਰੇਸ਼ਨ ਨੇ ਪਹਿਲਾ ਗੁਰਦੁਆਰਾ ਉਸਾਰਨ ਦੀ ਆਗਿਆ ਦਿੱਤੀ ਸੀ। ਗੁਰਦੁਆਰੇ ਨੂੰ ਉਸਾਰਨ ਬਾਰੇ ਜਾਣਕਾਰੀ ਲੈਣ ਲਈ ਕੁਝ ਅਫਸਰਾਂ ਨੂੰ ਹਾਂਗਕਾਂਗ ਭੇਜਿਆ ਗਿਆ ਅਤੇ ਅੰਤ ਜੂਨ 1908 ਵਿੱਚ ਉੱਤਰੀ ਸਿਚੁਆਨ ਵਿੱਚ ਇੱਕ ਗੁਰਦੁਆਰਾ ਬਣਾਇਆ ਗਿਆ। ਕਿਤਾਬ ਦੇ ਅਨੁਸਾਰ, 'ਸ਼ੰਘਾਈ ਮਿਉਂਸਪਲ ਕਾਰਪੋਰੇਸ਼ਨ ਨੂੰ ਉਮੀਦ ਸੀ ਕਿ ਇਹ ਗੁਰਦੁਆਰਾ ਸ਼ੰਘਾਈ ਦੇ ਸਾਰੇ ਸਿੱਖਾਂ ਜਿਵੇਂ ਕਿ ਪੁਲਿਸ ਕਰਮਚਾਰੀਆਂ, ਚੌਕੀਦਾਰਾਂ 'ਤੇ ਕੰਟਰੋਲ ਕਰਨ ਵਿੱਚ ਮਦਦ ਕਰੇਗਾ। ਇਸ ਗੁਰਦੁਆਰੇ ਵਿੱਚ ਲੋੜਵੰਦ ਅਤੇ ਬੇਘਰ ਸਿੱਖਾਂ ਨੂੰ ਜਗ੍ਹਾ ਦਿੱਤੀ ਜਾਂਦੀ ਸੀ। ਸਿੱਖਾਂ ਦੇ ਵਿਚ ਵਿਵਾਦਾਂ ਨੂੰ ਅਦਾਲਤ ਦੀ ਬਜਾਏ ਗੁਰਦੁਆਰੇ ਵਿੱਚ ਸਲਝਾਇਆ ਜਾਂਦਾ ਸੀ।'

ਚਾਓ ਯਿਨ ਅਨੁਸਾਰ ਸ਼ੁਰੂ ਵਿਚ ਸ਼ੰਘਾਈ ਵਿਚ ਆਉਣ ਵਾਲੇ ਸਿੱਖ ਬ੍ਰਿਟਿਸ਼ ਸਰਕਾਰ ਦੇ ਵਫ਼ਾਦਾਰ ਸਨ ਪਰ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਸਥਿਤੀ ਬਦਲ ਗਈ ਸੀ। ਖਾਸ ਕਰਕੇ ਕਾਮਾਗਾਟਾਮਾਰੂ ਕਾਂਡ ਤੋਂ ਬਾਅਦ। 1914 ਵਿੱਚ, ਹਾਂਗਕਾਂਗ ਤੋਂ ਕੈਨੇਡਾ ਜਾਪਾਨੀ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਨੂੰ ਵੈਨਕੂਵਰ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਅਤੇ ਉਸ ਨੂੰ ਭਾਰਤ ਵਾਪਸ ਭੇਜ ਦਿੱਤਾ ਗਿਆ। ਇਸ ਜਹਾਜ਼ ਵਿਚ ਬਹੁਤ ਸਾਰੇ ਸਿੱਖ ਵੀ ਸਨ। ਕਈ ਸਿੱਖ ਬ੍ਰਿਟਿਸ਼ ਸਰਕਾਰ ਵਲੋਂ ਗੋਲੀਆਂ ਨਾਲ ਮਾਰ ਦਿੱਤੇ ਗਏ। ਇਸ ਕਾਂਡ ਕਾਰਨ ਸਿੱਖ ਬਹੁਤ ਨਰਾਜ਼ ਹੋਏ ਸਨ।ਚਾਓ ਯਿਨ ਕਹਿੰਦੇ ਹਨ, 'ਸਿੱਖਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨਾਲ ਗੋਰੇ ਲੋਕਾਂ ਵਲੋਂ ਵਿਤਕਰਾ ਤੇ ਜ਼ੁਲਮ ਕੀਤਾ ਜਾ ਰਿਹਾ ਹੈ, ਜਦ ਕਿ ਉਨ੍ਹਾਂ ਨੇ ਬ੍ਰਿਟਿਸ਼ ਸਾਮਰਾਜ ਲਈ ਬਹੁਤ ਕੁਝ ਕੀਤਾ ਤੇ ਉਸਦੀ ਅਜ਼ਾਦੀ ਦੇ ਲਈ ਜਾਨਾਂ ਵੀ ਵਾਰੀਆਂ ਸਨ। ਇਸ ਕਾਰਨ ਬਹੁਤ ਸਾਰੇ ਸਿੱਖ ਸਾਨ-ਫਰਾਂਸਿਸਕੋ ਵਿੱਚ ਗਦਰ ਲਹਿਰ ਵਿੱਚ ਸ਼ਾਮਲ ਹੋ ਗਏ ਸਨ।'

ਸਾਨ-ਫਰਾਂਸਿਸਕੋ ਅਤੇ ਪੰਜਾਬ ਵਿਚਕਾਰ ਸਿੱਧੇ ਸ਼ਿਪਿੰਗ ਲਿੰਕਾਂ ਦੀ ਘਾਟ ਕਾਰਨ ਸ਼ੰਘਾਈ ਸਿੱਖ ਅੰਦੋਲਨਕਾਰੀਆਂ ਲਈ ਇੱਕ ਮਹੱਤਵਪੂਰਨ ਟਿਕਾਣਾ ਬਣ ਗਿਆ ਸੀ। ਗਦਰ ਲਹਿਰ ਦਾ ਉਦੇਸ਼ ਭਾਰਤ ਵਿੱਚੋਂ ਬਰਤਾਨਵੀ ਹਕੂਮਤ ਨੂੰ ਉਖਾੜ ਸੁੱਟਣਾ ਸੀ।

ਕਿਤਾਬ ਵਿੱਚ ਇੱਕ ਬੁੱਧ ਸਿੰਘ ਦਾ ਜ਼ਿਕਰ ਹੈ ਜਿਸ ਨੂੰ ਇਤਿਹਾਸਕਾਰ ਯਿਨ ਨੇ ਸ਼ੰਘਾਈ ਪੁਲਿਸ ਫੋਰਸ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਸਿੱਖ ਦੱਸਿਆ ਹੈ, ਪਰ ਕਿਤਾਬ ਵਿੱਚ ਉਸਦੀ ਕੋਈ ਤਸਵੀਰ ਨਹੀਂ ਹੈ। 6 ਅਪ੍ਰੈਲ 1927 ਦੀ ਸਵੇਰ ਨੂੰ ਇੱਕ ਸੇਵਾਮੁਕਤ ਸਿੱਖ ਪੁਲਿਸ ਮੁਲਾਜ਼ਮ ਅਤੇ ਗਦਰੀ ਨੇ ਬੁੱਧ ਸਿੰਘ ਨੂੰ ਮਾਰ ਦਿੱਤਾ।ਚਾਓ ਯਿਨ ਦੱਸਦੇ ਹਨ, 'ਬੁੱਧ ਸਿੰਘ ਬ੍ਰਿਟਿਸ਼ ਸਰਕਾਰ ਦਾ ਬਹੁਤ ਵਫ਼ਾਦਾਰ ਸੀ। ਉਸ ਨੇ ਵਿਦੇਸ਼ਾਂ ਤੋਂ ਆਉਣ ਵਾਲੇ ਅਤੇ ਸ਼ੰਘਾਈ ਵਿੱਚ ਲੁਕੇ ਹੋਏ ਸਿੱਖ ਕ੍ਰਾਂਤੀਕਾਰੀਆਂ ਦੇ ਨੈਟਵਰਕ ਨੂੰ ਟਰੇਸ ਕਰਨ ਲਈ ਸਿੱਖ ਗੁਰਦੁਆਰੇ ਵਿੱਚ ਏਜੰਟ ਭੇਜੇ ਤੇ ਬ੍ਰਿਟਿਸ਼ ਸਰਕਾਰ ਦੀ ਮਦਦ ਕੀਤੀ। ਉਸ ਕਾਰਨ ਸਿੱਖਾਂ ਨੂੰ ਟਰੇਸ ਕਰਨਾ ਆਸਾਨ ਹੋ ਗਿਆ ਸੀ। ਬੁੱਧ ਸਿੰਘ ਕਾਰਨ ਸ਼ੰਘਾਈ ਵਿੱਚ ਗਦਰ ਲਹਿਰ ਫੇਲ੍ਹ ਹੋ ਗਈ ਸੀ। 1916 ਤੋਂ 1949 ਦਰਮਿਆਨ ਦੋ ਅਹਿਮ ਘਟਨਾਵਾਂ ਹੋਈਆਂ। ਰੂਸ ਵਿਚ ਹੋਈ ਕ੍ਰਾਂਤੀ ਕਾਰਨ ਬਹੁਤ ਸਾਰੇ ਸਿੱਖਾਂ ਨੇ ਪ੍ਰੇਰਨਾ ਲਈ ਤੇ ਰੂਸ ਵੱਲ ਰੁਖ ਕੀਤਾ। ਦੂਜੇ ਪਾਸੇ ਚੀਨੀ ਰਾਸ਼ਟਰਵਾਦੀਆਂ ਨੇ ਬਰਤਾਨਵੀ ਹਾਕਮਾਂ ਨੂੰ ਬਾਹਰ ਕੱਢਣ ਲਈ ਸਿੱਖਾਂ ਦਾ ਪੱਖ ਲਿਆ। ਸਾਲ 1927 ਦੇ ਆਸ-ਪਾਸ, ਸ਼ੰਘਾਈ ਮਿਉਂਸਪਲ ਕਾਰਪੋਰੇਸ਼ਨ ਅਤੇ ਗਦਰ ਪਾਰਟੀ, ਚੀਨੀ ਰਾਸ਼ਟਰਵਾਦੀ ਆਦਿ ਵਰਗੇ ਵੱਖ-ਵੱਖ ਬ੍ਰਿਟਿਸ਼ ਵਿਰੋਧੀ ਸਮੂਹਾਂ ਵਿਚਕਾਰ ਸੰਘਰਸ਼ ਛਿੜ ਪਿਆ ਸੀ। ਸਾਲ 1941 ਵਿਚ ਜਾਪਾਨ ਨੇ ਚੀਨ 'ਤੇ ਹਮਲਾ ਕਰਕੇ ਸ਼ੰਘਾਈ 'ਤੇ ਕਬਜ਼ਾ ਕਰ ਲਿਆ, ਜਿਸ ਨਾਲ ਸ਼ੰਘਾਈ 'ਤੇ ਬ੍ਰਿਟਿਸ਼ ਪ੍ਰਭਾਵ ਖਤਮ ਹੋ ਗਿਆ ਸੀ।

ਦੁਸ਼ਮਣ ਦਾ ਦੁਸ਼ਮਣ ਮਿੱਤਰ ਹੁੰਦਾ ਹੈ, ਇਸ ਲਈ ਜਾਪਾਨੀ ਅਧਿਕਾਰੀਆਂ ਨੇ ਸਿੱਖਾਂ ਦਾ ਸਾਥ ਦਿੱਤਾ। ਚਾਓ ਯਿਨ ਕਹਿੰਦੇ ਹਨ, 'ਜਦੋਂ ਨੇਤਾ ਸੁਭਾਸ਼ ਚੰਦਰ ਬੋਸ 1943 ਵਿੱਚ ਯੂਰਪ ਤੋਂ ਏਸ਼ੀਆ ਪਹੁੰਚੇ ਅਤੇ ਇੰਡੀਅਨ ਨੈਸ਼ਨਲ ਆਰਮੀ (ਆਈ.ਐਨ.ਏ.) ਦੀ ਸਥਾਪਨਾ ਕੀਤੀ ਤਾਂ ਇਸ ਦਾ ਪਹਿਲਾ ਹੈੱਡਕੁਆਰਟਰ ਸਿੰਗਾਪੁਰ ਸੀ, ਜੋ ਬਾਅਦ ਵਿੱਚ

(ਬਾਕੀ ਸਫ਼ਾ 30 'ਤੇ)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਬੱਚੇ ਪੈਦਾ ਨਾ ਕਰਨ ਕਾਰਨ ਜਪਾਨ ਡੂੰਘੇ ਸੰਕਟ ’ਚ

## ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਓ ਕੁਸ਼ੀਦਾ ਵੱਲੋਂ ਚਿੰਤਾ ਜ਼ਾਹਿਰ ਕਿ ਘਟਦੀ ਜਨਮ ਦਰ ਕਾਰਨ ਦੇਸ਼ ਟੁੱਟਣ ਦੀ ਕਗਾਰ ’ਤੇ

☛ ਘਟਦੀ ਅਬਾਦੀ ਚੀਨ ਦੀ ਚਿੰਤਾ ਦਾ ਕਾਰਨ ☛ ਚੀਨ ਦੀ ਨੌਜਵਾਨ ਪੀੜ੍ਹੀ ਦਾ ਬੱਚੇ ਜੰਮਣ ਦੀ ਬਜਾਏ ਆਮਦਨ ਵਧਾਉਣ ਵੱਲ ਜ਼ਿਆਦਾ ਧਿਆਨ

ਨਵੀਂ ਦਿੱਲੀ/ਏ.ਟੀ.ਨਿਊਜ਼ :- ਜਾਪਾਨ ਦੇ ਪ੍ਰਧਾਨ ਮੰਤਰੀ ਫੂਮਿਓ ਕੁਸ਼ੀਦਾ ਨੇ ਹਾਲ ਹੀ ਵਿਚ ਚਿੰਤਾ ਜ਼ਾਹਰ ਕੀਤੀ ਹੈ ਕਿ ਜਾਪਾਨ ਘਟਦੀ ਜਨਮ ਦਰ ਕਾਰਨ ਦੇਸ਼ ਟੁੱਟਣ ਦੀ ਕਗਾਰ ’ਤੇ ਹੈ। ਇਹ ਹਾਲਤ ਸਿਰਫ਼ ਜਾਪਾਨ ਦੀ ਹੀ ਨਹੀਂ ਹੈ, ਡਿੱਗਦੀ ਜਨਮ ਦਰ ਚੀਨ ਲਈ ਵੀ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ।ਸਰਕਾਰੀ ਨੀਤੀਆਂ, ਸਮਾਜਿਕ ਢਾਂਚੇ ਅਤੇ ਆਰਥਿਕ ਸਥਿਤੀਆਂ ਕਾਰਨ ਅੱਜ ਚੀਨ ਅਤੇ ਜਾਪਾਨ ਦੋਵਾਂ ਦੇਸ਼ਾਂ ਦੇ ਨੌਜਵਾਨਾਂ ਦੀ ਸੋਚਣ ਦਾ ਤਰੀਕਾ ਬਦਲ ਰਿਹਾ ਹੈ। ਤਰਜੀਹਾਂ ਬਦਲ ਗਈਆਂ ਹਨ ਅਤੇ ਇਸ ਕਾਰਨ ਅੱਜ ਸਥਿਤੀ ਇਹ ਹੈ ਕਿ ਇੱਥੇ ਅਬਾਦੀ ਦਾ ਘੱਟ ਹੋਣਾ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਯਾਦ ਰਹੇ ਕਿ ਚੀਨ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਹੈ ਅਤੇ ਜਾਪਾਨ ਤੀਜਾ ਸਭ ਤੋਂ ਵੱਡਾ ਅਰਥਚਾਰਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਮਹਿੰਗਾਈ ਕਾਰਨ ਇਨ੍ਹਾਂ ਦੋਵਾਂ ਦੇਸ਼ਾਂ ਵਿਚ ਵਿਆਹੇ ਜੋੜੇ ਪਰਿਵਾਰ ਪਾਲਣ ਵਿਚ ਜ਼ਿਆਦਾ ਦਿਲਚਸਪੀ ਨਹੀਂ ਦਿਖਾ ਰਹੇ ਹਨ। ਜੇਕਰ ਤੁਸੀਂ ਸੋਚਦੇ ਹੋ ਕਿ ਛੋਟੇ ਜਾਂ ਗਰੀਬ ਦੇਸ਼ਾਂ ਦੇ ਪਰਿਵਾਰ ਹੀ ਮਹਿੰਗਾਈ ਤੋਂ ਪ੍ਰੇਸ਼ਾਨ ਹਨ ਤਾਂ ਅਜਿਹਾ ਨਹੀਂ ਹੈ। ਚੀਨ ਅਤੇ ਜਾਪਾਨ ਦੇ ਲੋਕ ਖਾਣ-ਪੀਣ ਦਾ ਖਰਚਾ, ਬੱਚਿਆਂ ਦੀ ਪੜ੍ਹਾਈ ਦਾ ਖਰਚਾ, ਮਕਾਨ ਦੇ ਵਧਦੇ ਕਿਰਾਏ ਕਾਰਨ ਆਪਣਾ ਪਰਿਵਾਰ ਵਧਾਉਣ ਤੋਂ ਗੁਰੇਜ਼ ਕਰ ਰਹੇ ਹਨ।

ਜਾਪਾਨ ਵਿੱਚ ਰਹਿਣਾ ਭਾਰਤ ਦੇ ਮੁਕਾਬਲੇ 182% ਤੱਕ ਮਹਿੰਗਾ ਹੈ। ਇਸ ਦੇ ਨਾਲ ਹੀ, ਚੀਨ ਵਿੱਚ ਰਹਿਣਾ ਭਾਰਤ ਦੇ ਮੁਕਾਬਲੇ 104% ਤੱਕ ਮਹਿੰਗਾ ਹੈ।

**ਜਪਾਨ ਵਿਚ ਭਾਰਤ ਤੋਂ ਵੱਧ ਮਹਿੰਗਾਈ**

ਜਾਪਾਨ ਵਿੱਚ ਆਲੂ-ਟਮਾਟਰ, ਰੈਸਟੋਰੈਂਟ ਦਾ ਖਾਣਾ ਜਾਂ ਘਰ ਦਾ ਕਿਰਾਇਆ ਜਾਂ ਦਵਾਈਆਂ ਅਤੇ ਆਵਾਜਾਈ ਸਭ ਕੁਝ



ਭਾਰਤ ਨਾਲੋਂ ਬਹੁਤ ਮਹਿੰਗਾ ਹੈ। ਭਾਰਤ ਦੇ ਇੱਕ ਮਹਾਨਗਰ ਵਿੱਚ, 1 ਕਿਲੋ ਆਲੂ ਔਸਤਨ 32 ਰੁਪਏ ਵਿੱਚ ਅਤੇ 1 ਕਿਲੋ ਟਮਾਟਰ ਔਸਤਨ 45 ਰੁਪਏ ਵਿੱਚ ਮਿਲਦਾ ਹੈ, ਜਦੋਂ ਕਿ ਜਾਪਾਨ ਵਿੱਚ, ਆਲੂ 290 ਰੁਪਏ ਅਤੇ ਟਮਾਟਰ 394 ਰੁਪਏ ਵਿੱਚ ਮਿਲਦਾ ਹੈ। ਭਾਰਤ ਦੇ ਮੁਕਾਬਲੇ ਕੱਪੜਾ ਬਹੁਤ ਮਹਿੰਗਾ ਹੈ।

ਟੂਥਪੇਸਟ ਦੀ ਇੱਕ ਟਿਊਬ ਦੀ ਕੀਮਤ ਭਾਰਤ ਵਿੱਚ 88 ਰੁਪਏ ਅਤੇ ਜਾਪਾਨ ਵਿੱਚ 121 ਰੁਪਏ ਹੈ। ਭਾਰਤ ਵਿੱਚ ਦੋ ਫ਼ਿਲਮਾਂ ਦੀਆਂ ਟਿਕਟਾਂ 650 ਰੁਪਏ ਤੱਕ ਉਪਲਬਧ ਹਨ, ਜਦੋਂ ਕਿ ਜਾਪਾਨ ਵਿੱਚ ਇੱਕੋ ਟਿਕਟ ਦੀ ਕੀਮਤ 2200 ਰੁਪਏ ਤੋਂ ਵੱਧ ਹੈ।

ਜਾਪਾਨ ਪਰੰਪਰਾਗਤ ਤੌਰ ’ਤੇ ਇੱਕ ਪੁਰਖੀ ਸਮਾਜ ਰਿਹਾ ਹੈ। ਯਾਨੀ ਸਮਾਜ ਅਤੇ ਪਰਿਵਾਰ ਵਿੱਚ ਮਰਦਾਂ ਦਾ ਪ੍ਰਭਾਵ ਜ਼ਿਆਦਾ ਰਿਹਾ ਹੈ। ਰਵਾਇਤੀ ਤੌਰ ’ਤੇ ਜਾਪਾਨ ਵਿੱਚ ਔਰਤਾਂ ਘਰੇਲੂ ਕੰਮ ਕਰਦੀਆਂ ਰਹੀਆਂ ਹਨ।

ਪਰ ਸਮੇਂ ਦੇ ਨਾਲ, ਜਾਪਾਨ ਵਿੱਚ ਸ਼ਹਿਰੀਕਰਨ ਵਧਿਆ ਅਤੇ ਜੀਵਨ ਸ਼ੈਲੀ ਬਦਲ ਗਈ। ਜਪਾਨ ਦੇ ਸਖ਼ਤ ਕੰਮ ਸੱਭਿਆਚਾਰ ਕਾਰਨ, ਮਰਦ ਅਕਸਰ ਘਰ ਲਈ ਸਮਾਂ ਨਹੀਂ ਕੱਢ ਸਕਦੇ ਸਨ। ਇਸ ਰੁਝਾਨ ਕਾਰਨ ਔਰਤਾਂ ਵਿੱਚ ਆਪਣਾ ਖਾਲੀ ਸਮਾਂ ਬਿਤਾਉਣ ਲਈ ਕੰਮ ਕਰਨ ਦਾ ਰੁਝਾਨ ਪੈਦਾ ਹੋ ਗਿਆ।

ਸਮੇਂ ਦੇ ਨਾਲ ਔਰਤਾਂ ਦੇ ਰੁਜ਼ਗਾਰ ਤੋਂ ਪਰਿਵਾਰ ਦੀ ਵਾਧੂ ਆਮਦਨ ਵੀ ਪਰਿਵਾਰ ਦੀ ਲੋੜ ਬਣ ਗਈ।

ਹੁਣ ਜਾਪਾਨ ਦੇ ਸ਼ਹਿਰਾਂ ਵਿੱਚ ਮਹਿੰਗਾਈ ਦੀ ਹਾਲਤ ਇਹ ਹੈ ਕਿ ਪਤੀ-ਪਤਨੀ ਦੋਵਾਂ ਲਈ ਪਰਿਵਾਰ ਵਿੱਚ ਕੰਮ ਕਰਨਾ ਜ਼ਰੂਰੀ ਹੋ ਗਿਆ ਹੈ।

ਜਾਪਾਨ ਦੇ 2021 ਦੇ ਲੇਬਰ ਫੋਰਸ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ ਦੇਸ਼ ਵਿੱਚ 52.2% ਔਰਤਾਂ ਨੌਕਰੀ ਕਰਦੀਆਂ ਹਨ। 2012 ਵਿੱਚ ਇਹ ਅੰਕੜਾ 46.2% ਸੀ। 2012 ਵਿੱਚ, ਜਾਪਾਨ ਵਿੱਚ ਰੁਜ਼ਗਾਰ ਪ੍ਰਾਪਤ ਔਰਤਾਂ ਦੀ ਗਿਣਤੀ ਲਗਭਗ 26.6 ਮਿਲੀਅਨ ਸੀ, ਜਦੋਂ ਕਿ 2021 ਵਿੱਚ ਕੰਮਕਾਜੀ ਔਰਤਾਂ ਦੀ ਗਿਣਤੀ 30 ਮਿਲੀਅਨ ਤੋਂ ਵੱਧ ਹੈ।

ਮਾਹਿਰਾਂ ਅਨੁਸਾਰ 10 ਸਾਲ ਪਹਿਲਾਂ ਜਾਪਾਨ ਵਿੱਚ ਹਰ ਸਾਲ ਔਸਤਨ 20 ਲੱਖ ਬੱਚੇ ਪੈਦਾ ਹੁੰਦੇ ਸਨ। ਪਰ ਹੁਣ ਹਰ ਸਾਲ ਔਸਤਨ 8 ਲੱਖ ਬੱਚੇ ਪੈਦਾ ਹੋ ਰਹੇ ਹਨ।

ਜਾਪਾਨ ਦਾ ਵਰਕ ਕਲਚਰ ਅਤੇ ਵਧਦੀ ਮਹਿੰਗਾਈ ਇਸ ਡਿੱਗਦੀ ਜਨਮ ਦਰ ਲਈ ਸਭ ਤੋਂ ਵੱਧ ਜ਼ਿੰਮੇਵਾਰ ਹੈ। ਜਪਾਨ ਵਿੱਚ ਜਨਤਾ ਲਈ ਸਰਕਾਰੀ ਸਹਾਇਤਾ ਸੀਮਤ ਹੈ। 2022 ਵਿੱਚ, ਸਰਕਾਰ ਨੇ ਇੱਕ ਰਿਪੋਰਟ ਜਾਰੀ ਕੀਤੀ। ਦੱਸਿਆ ਗਿਆ ਕਿ 20 ਤੋਂ 40 ਸਾਲ ਦੀ ਉਮਰ ਦੇ ਲੋਕ ਮਹਿੰਗਾਈ ਅਤੇ ਨੌਕਰੀ ਸਬੰਧੀ ਚਿੰਤਾਵਾਂ ਕਾਰਨ ਪਰਿਵਾਰ ਵਧਾਉਣ ਤੋਂ ਦੂਰ ਭੱਜ ਰਹੇ ਹਨ।

ਇੱਥੋਂ ਤੱਕ ਕਿ ਇੱਕ ਸੱਭਿਆਚਾਰ ਦੇ ਰੂਪ ਵਿੱਚ, ਜਾਪਾਨ ਦਾ ਪੂਰਾ ਧਿਆਨ ਹਰ ਉਤਪਾਦ ਅਤੇ ਸੇਵਾ ਵਿੱਚ ਸੰਪੂਰਨਤਾ ਲਿਆਉਣ ’ਤੇ ਹੈ। ਹਾਲਾਂਕਿ, ਇਸ ਸੰਪੂਰਨਤਾ ਦੇ ਕਾਰਨ, ਇੱਥੇ ਰਹਿਣ ਦਾ ਖਰਚਾ ਵੀ ਉੱਚਾ ਹੈ।

**ਚੀਨ ਦੀ ਸਥਿਤੀ ਜਾਪਾਨ ਜਿੰਨੀ ਮਾੜੀ ਨਹੀਂ**

ਚੀਨ ਦਾ ਨਾਂ ਉਨ੍ਹਾਂ ਦੇਸ਼ਾਂ ਵਿਚ ਸ਼ਾਮਲ ਨਹੀਂ ਹੈ, ਜਿਨ੍ਹਾਂ ਦੀ ਅਬਾਦੀ ਦੁਨੀਆ ਵਿਚ ਸਭ ਤੋਂ ਤੇਜ਼ੀ ਨਾਲ ਘਟ ਰਹੀ ਹੈ। ਦਰਅਸਲ, ਚੀਨ ਅਜੇ ਵੀ ਦੁਨੀਆ ਦਾ ਸਭ ਤੋਂ ਵੱਧ ਅਬਾਦੀ ਵਾਲਾ ਦੇਸ਼ ਹੈ।

ਪਰ ਚੀਨ ਵਿੱਚ ਅਬਾਦੀ ਵਾਧੇ ਦੀ ਦਰ ਘਟਣੀ ਸ਼ੁਰੂ ਹੋ ਗਈ ਹੈ। ਇਸ ਤੋਂ ਵੀ ਵੱਧ ਚਿੰਤਾਜਨਕ ਚੀਨ ਲਈ ਘਟਦੀ ਜਨਮ ਦਰ ਹੈ।

2022 ਅਜਿਹਾ ਸਾਲ ਸੀ ਜਦੋਂ 60 ਸਾਲਾਂ ਵਿੱਚ ਪਹਿਲੀ ਵਾਰ ਚੀਨ ਦੀ ਅਬਾਦੀ ਵਿੱਚ ਸਾਲਾਨਾ ਵਾਧੇ ਨਾਲੋਂ ਵੱਧ ਮੌਤਾਂ ਹੋਈਆਂ ਸਨ। ਚੀਨ ਵਿਚ 2022 ’ਚ 90 ਲੱਖ 56 ਹਜ਼ਾਰ ਬੱਚਿਆਂ ਨੇ ਜਨਮ ਲਿਆ, ਜਦਕਿ 1 ਕਰੋੜ 41 ਹਜ਼ਾਰ ਲੋਕਾਂ ਦੀ ਮੌਤ ਹੋ ਗਈ।

ਇਸ ਲਈ ਚੀਨ ਦੀ ਦੋ-ਬੱਚਾ ਨੀਤੀ ਹੀ ਨਹੀਂ, ਘਟਦੀ ਅਬਾਦੀ ਲਈ ਮਹਿੰਗਾਈ ਵੀ ਜ਼ਿੰਮੇਵਾਰ ਹੈ। ਚੀਨ ਦੀ ਕਮਿਊਨਿਸਟ ਸਰਕਾਰ ਨੇ 1980 ਤੋਂ 2016 ਤੱਕ ਦੇਸ਼ ਵਿੱਚ ਇੱਕ ਬੱਚਾ ਨੀਤੀ ਲਾਗੂ ਕੀਤੀ ਸੀ। 2016 ਵਿੱਚ ਇਸ ਵਿੱਚ ਢਿੱਲ ਦਿੰਦਿਆਂ ਦੋ ਬੱਚੇ ਨੀਤੀ ਲਾਗੂ ਕੀਤੀ ਗਈ ਸੀ। ਹਾਲਾਂਕਿ ਹੁਣ ਇਸ ਵਿੱਚ ਵੀ ਢਿੱਲ ਦਿੱਤੀ ਗਈ ਹੈ ਅਤੇ ਲੋਕ 3 ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਹਨ।

ਪਰ ਨੀਤੀ ਵਿੱਚ ਬਦਲਾਅ ਦੇ ਬਾਵਜੂਦ ਬੱਚਿਆਂ ਦੇ ਮਾਮਲੇ ਵਿੱਚ ਲੋਕਾਂ ਦੀ ਸੋਚ ਨਹੀਂ ਬਦਲ ਰਹੀ ਹੈ। ਇਸ ਦਾ ਇੱਕ ਵੱਡਾ ਕਾਰਨ ਚੀਨ ਵਿੱਚ ਰਹਿਣ ਦੀ ਲਗਾਤਾਰ ਵੱਧ ਰਹੀ ਲਾਗਤ ਹੈ।

ਚੀਨ ਦੀ ਅਬਾਦੀ ਦੁਨੀਆ ਵਿਚ ਸਭ ਤੋਂ ਵੱਡੀ ਹੈ, ਇਸ ਲਈ ਖੇਤਰਫਲ ਦੇ ਮਾਮਲੇ ਵਿਚ ਵੀ ਚੀਨ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਦੇਸ਼ ਹੈ।

ਪਰ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਅਬਾਦੀ ਦੀ ਘਣਤਾ ਬਹੁਤ ਘੱਟ ਹੈ, ਜਦੋਂ ਕਿ ਉਦਯੋਗਿਕ ਸ਼ਹਿਰਾਂ ਵਿੱਚ ਅਬਾਦੀ ਦੀ ਘਣਤਾ ਬਹੁਤ ਜ਼ਿਆਦਾ ਹੈ। ਸ਼ਹਿਰਾਂ ਦੇ ਸੀਮਤ ਸਾਧਨਾਂ ’ਤੇ ਇੰਨੇ ਲੋਕਾਂ ਦੇ ਦਾਅਵੇ ਕਾਰਨ ਹਰ ਵਸੀਲੇ ਦੀ ਕੀਮਤ ਵਧ ਜਾਂਦੀ ਹੈ।

ਚੀਨ ਦੀ ਕਮਿਊਨਿਸਟ ਹਕੂਮਤ ਲੋਕ ਭਲਾਈ ਸਕੀਮਾਂ ਰਾਹੀਂ ਲੋਕਾਂ ਨੂੰ ਸਹੂਲਤਾਂ ਦੇਣ ਦੀ ਗੱਲ ਕਰਦੀ ਹੈ ਪਰ ਅਬਾਦੀ ਦਾ ਵੱਡਾ ਹਿੱਸਾ ਇਨ੍ਹਾਂ ਸਕੀਮਾਂ ਦੇ ਘੇਰੇ ਤੋਂ ਬਾਹਰ ਹੈ।

ਇਹੀ ਕਾਰਨ ਹੈ ਕਿ ਸ਼ਹਿਰਾਂ ਵਿੱਚ ਜੀਵਨ ਮਹਿੰਗਾ ਅਤੇ ਔਖਾ ਹੈ। ਚੀਨ ਦੀ ਨੌਜਵਾਨ ਪੀੜ੍ਹੀ ਬੱਚਿਆਂ ਦੀ ਬਜਾਏ ਆਮਦਨ ਵਧਾਉਣ ’ਤੇ ਜ਼ਿਆਦਾ ਧਿਆਨ ਦਿੰਦੀ ਹੈ। ਮਹਿੰਗਾਈ ਕਾਰਨ ਬੱਚੇ ਦੇ ਪਾਲਣ-ਪੋਸ਼ਣ ਦਾ ਖਰਚਾ ਵੀ ਭਾਰੀ ਹੋ ਜਾਂਦਾ ਹੈ।

# ਚੀਨ ਦੇ ਜਾਸੂਸੀ ਗੁਬਾਰੇ ਨੂੰ ਅਮਰੀਕਾ ਨੇ ਮਿਜ਼ਾਈਲ ਨਾਲ ਫੁੰਡਿਆ

## ➢ ਚੀਨ ਵੱਲੋਂ ਇਤਰਾਜ਼, ਨਤੀਜੇ ਭੁਗਤਣ ਦੀ ਦਿੱਤੀ ਚੇਤਾਵਨੀ ➢ ਚੀਨ ਨੇ ਮੌਸਮ ਦੀ ਭਵਿੱਖਬਾਣੀ ਕਰਨ ਵਾਲਾ ਦੱਸਿਆ ਗੁਬਾਰਾ

ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕਾ ਨੇ ਬੀਤੇ ਦਿਨੀਂ ਦੱਖਣੀ ਕੈਰੋਲੀਨਾ ਤੱਟ ਦੇ ਨੇੜੇ ਐਟਲਾਂਟਿਕ ਮਹਾਂਸਾਗਰ ਵਿਚ ਇਕ ਚੀਨੀ ਨਿਗਰਾਨੀ ਗੁਬਾਰੇ ਨੂੰ ਡੇਗਣ ਤੋਂ ਬਾਅਦ ਪੈਂਟਾਗਨ ਨੇ ਕਿਹਾ ਕਿ ਉਸਨੇ ਗੁਬਾਰੇ ਦੇ ਮਲਬੇ ਤੋਂ ਸਾਰੇ ਉਪਕਰਣਾਂ ਨੂੰ ਮੁੜ ਪ੍ਰਾਪਤ ਕਰਨ ਲਈ ਇੱਕ ਮੁਹਿੰਮ ਸ਼ੁਰੂ ਕੀਤੀ ਸੀ।

ਇਸ ਦੇ ਨਾਲ ਹੀ, ਚੀਨ ਨੇ ਆਪਣੇ ਨਾਗਰਿਕ ਮਾਨਵ ਰਹਿਤ ਹਵਾਈ ਵਾਹਨ ਵਿਰੁੱਧ ‘ਬਲ ਦੀ ਵਰਤੋਂ’ ’ਤੇ ਸਖ਼ਤ ਇਤਰਾਜ਼ ਕੀਤਾ ਅਤੇ ਅਮਰੀਕਾ ਨੂੰ ਨਤੀਜੇ ਭੁਗਤਣ ਦੀ ਧਮਕੀ ਵੀ ਦਿੱਤੀ। ਅਮਰੀਕਾ ਦੇ ਇਕ ਸੀਨੀਅਰ ਰੱਖਿਆ ਅਧਿਕਾਰੀ ਨੇ ਦੱਸਿਆ ਕਿ ਰਾਸ਼ਟਰਪਤੀ ਜੋਅ ਬਾਈਡਨ ਦੇ ਨਿਰਦੇਸ਼ਾਂ ’ਤੇ ਅਮਰੀਕੀ ਫ਼ੌਜ ਨੇ ਅਟਲਾਂਟਿਕ ਮਹਾਂਸਾਗਰ ਵਿਚ ਇਕ ਚੀਨੀ ਨਿਗਰਾਨੀ ਵਾਲੇ ਬੈਲੂਨ ਨੂੰ ਡੇਗ ਦਿੱਤਾ। ਉਸ ਨੇ ਕਿਹਾ ਕਿ ਜਿਸ ਥਾਂ ’ਤੇ ਗੁਬਾਰਾ ਸੁੱਟਿਆ ਗਿਆ ਸੀ, ਉਹ ਦੱਖਣੀ ਕੈਰੋਲੀਨਾ ਵਿਚ ਅਮਰੀਕੀ ਤੱਟ ਤੋਂ ਛੇ ਮੀਲ ਦੂਰ ਹੈ। ਗੁਬਾਰੇ ਨੂੰ ਡੇਗਣ ਦੌਰਾਨ ਅਮਰੀਕੀ ਨਾਗਰਿਕਾਂ ਦਾ ਕੋਈ ਜਾਨੀ ਜਾਂ ਮਾਲੀ



ਨੁਕਸਾਨ ਨਹੀਂ ਹੋਇਆ।

ਰੱਖਿਆ ਅਧਿਕਾਰੀ ਮੁਤਾਬਕ ਵਰਜੀਨੀਆ ਦੇ ਲੈਂਗਲੇ ਏਅਰ ਫੋਰਸ ਬੇਸ ਤੋਂ ਉਡਾਣ ਭਰਨ ਵਾਲੇ ਲੜਾਕੂ ਜਹਾਜ਼ ਨੇ ਮਿਜ਼ਾਈਲ ਦਾਗੀ, ਜਿਸ ਨਾਲ ਗੁਬਾਰਾ ਅਮਰੀਕੀ ਹਵਾਈ ਖੇਤਰ ਦੇ ਅੰਦਰ ਮਹਾਸਾਗਰ ਵਿਚ ਡਿੱਗਿਆ। ਬਾਈਡਨ ਨੇ ਮੈਰੀਲੈਂਡ ਵਿੱਚ ਕਿਹਾ ਕਿ ‘ਮੈਂ ਉਨ੍ਹਾਂ ਨੂੰ ਗੁਬਾਰੇ ਨੂੰ ਨਿਸ਼ਾਨਾ ਬਣਾਉਣ ਦਾ ਨਿਰਦੇਸ਼ ਦਿੱਤਾ ਸੀ।’ ਉਨ੍ਹਾਂ (ਪੈਂਟਾਗਨ) ਨੇ ਜ਼ਮੀਨ ’ਤੇ ਕਿਸੇ ਨੂੰ ਨੁਕਸਾਨ ਪਹੁੰਚਾਏ ਬਿਨਾਂ ਅਜਿਹਾ ਕਰਨ ਦਾ ਫ਼ੈਸਲਾ ਕੀਤਾ ਅਤੇ ਇਸ ਦੇ ਲਈ ਸਭ ਤੋਂ ਢੁਕਵਾਂ ਸਮਾਂ ਲੱਭਿਆ ਜਦੋਂ ਗੁਬਾਰਾ ਸਮੁੰਦਰ ਦੇ ਉੱਪਰ ਸੀ। ਇਸ ਦੌਰਾਨ ਚੀਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਬੀਜਿੰਗ ਨੇ ਚੀਨ ਦੇ ਮਾਨਵ ਰਹਿਤ ਗੁਬਾਰੇ ਉਪਰ ਹਵਾਈ ਹਮਲੇ ਲਈ ਅਮਰੀਕਾ ਦੁਆਰਾ ਤਾਕਤ ਦੀ ਵਰਤੋਂ ਕਰਨ ਦਾ ਸਖ਼ਤ ਵਿਰੋਧ ਜ਼ਾਹਰ ਕੀਤਾ ਹੈ। ਚੀਨ ਨੇ ਇਸ ਨੂੰ ਜਾਸੂਸੀ ਜਹਾਜ਼ ਹੋਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਇਹ ਮੌਸਮ ਦੀ ਭਵਿੱਖਬਾਣੀ ਕਰਨ ਵਾਲਾ ਗੁਬਾਰਾ ਸੀ ਜੋ ਆਪਣਾ ਰਸਤਾ ਭਟਕ ਗਿਆ ਸੀ।ਚੀਨ ਦੇ ਵਿਦੇਸ਼ ਮੰਤਰਾਲੇ ਨੇ ਇਸ ’ਤੇ ਸਖ਼ਤ ਇਤਰਾਜ਼ ਜਤਾਇਆ ਅਤੇ ਕਿਹਾ ਕਿ ‘ਅਸੀਂ ਨਾਗਰਿਕ ਉਦੇਸ਼ਾਂ ਲਈ ਵਰਤੇ ਜਾਣ ਵਾਲੇ ਮਾਨਵ ਰਹਿਤ ਗੁਬਾਰਿਆਂ ’ਤੇ ਅਮਰੀਕਾ ਵੱਲੋਂ ਤਾਕਤ ਦੀ ਵਰਤੋਂ ਦਾ ਵਿਰੋਧ ਕਰਦੇ ਹਾਂ।’ ਚੀਨ ਜਵਾਬ ਵਿੱਚ ਹੋਰ ਕਦਮ ਚੁੱਕਣ ਦਾ ਅਧਿਕਾਰ ਰਾਖਵਾਂ ਰੱਖਦੇ ਹੋਏ ਸਬੰਧਤ ਕੰਪਨੀ ਦੇ ਜਾਇਜ਼ ਅਧਿਕਾਰਾਂ ਅਤੇ ਹਿੱਤਾਂ ਨੂੰ ਦ੍ਰਿੜਤਾ ਨਾਲ ਬਰਕਰਾਰ ਰੱਖੇਗਾ।

ਦੂਜੇ ਪਾਸੇ ਅਮਰੀਕੀ ਰੱਖਿਆ ਸਕੱਤਰ ਲੋਇਡ ਆਸਟਿਨ ਨੇ ਕਿਹਾ ਕਿ ਰਾਸ਼ਟਰਪਤੀ ਬਾਈਡਨ ਦੇ ਨਿਰਦੇਸ਼ਾਂ ’ਤੇ ਇਕ ਲੜਾਕੂ ਜਹਾਜ਼ ਨੇ ਅਮਰੀਕੀ ਹਵਾਈ ਖੇਤਰ ’ਚ ਦੱਖਣੀ ਕੈਰੋਲੀਨਾ ਦੇ ਤੱਟ ’ਤੇ ਸਮੁੰਦਰ ’ਤੇ ਚੀਨੀ ਨਿਗਰਾਨੀ ਵਾਲੇ ਗੁਬਾਰੇ ਨੂੰ ਡੇਗ ਦਿੱਤਾ। ਗੁਬਾਰੇ ਨੂੰ ਹੇਠਾਂ ਸੁੱਟਣ ਦਾ ਕੰਮ ਕੈਨੇਡੀਅਨ ਸਰਕਾਰ ਦੁਆਰਾ ਤਾਲਮੇਲ ਅਤੇ ਪੂਰੀ ਤਰ੍ਹਾਂ ਨਾਲ ਕੀਤਾ ਗਿਆ ਸੀ। ਉਨ੍ਹਾਂ ਮੁਤਾਬਕ ਗੁਬਾਰੇ ਨੂੰ ਹੇਠਾਂ ਸੁੱਟ ਕੇ, ਅਮਰੀਕਾ ਚੀਨ ਤੋਂ ਸੰਵੇਦਨਸ਼ੀਲ ਉਪਕਰਣਾਂ ਨੂੰ ਮੁੜ ਪ੍ਰਾਪਤ ਕਰ ਸਕਦਾ ਹੈ। ਮੈਂ ਹੋਰ ਵੇਰਵੇ ਨਹੀਂ ਦੇ ਸਕਦਾ, ਪਰ ਅਸੀਂ ਗੁਬਾਰੇ ਅਤੇ ਇਸ ਵਿੱਚ ਮੌਜੂਦ ਉਪਕਰਣਾਂ ਦਾ ਅਧਿਐਨ ਕਰਨ ਦੇ ਯੋਗ ਹੋਵਾਂਗੇ। ਇਹ 28 ਜਨਵਰੀ ਨੂੰ ਅਲਾਸਕਾ ਵਿੱਚ ਦਾਖਲ ਹੋਇਆ ਸੀ। ਇਸ ਤੋਂ ਬਾਅਦ, ਇਹ 30 ਜਨਵਰੀ ਨੂੰ ਕੈਨੇਡੀਅਨ ਹਵਾਈ ਖੇਤਰ ਵਿੱਚ ਦਾਖਲ ਹੋਇਆ ਅਤੇ ਫਿਰ 31 ਜਨਵਰੀ ਨੂੰ ਦੁਬਾਰਾ ਅਮਰੀਕੀ ਹਵਾਈ ਖੇਤਰ ਵਿੱਚ ਦਾਖਲ ਹੋਇਆ ਸੀ।

ਵਾਸ਼ਿੰਗਟਨ ਡੀਸੀ ਵਿੱਚ ਇੱਕ ਸਮਾਗਮ ਵਿੱਚ ਬੋਲਦਿਆਂ, ਸੀਆਈਏ ਦੇ ਨਿਰਦੇਸ਼ਕ ਵਿਲੀਅਮ ਬਰਨਜ਼ ਨੇ ਗੁਬਾਰੇ ਦਾ ਕੋਈ ਜ਼ਿਕਰ ਨਾ ਕਰਦਿਆਂ ਅਮਰੀਕਾ ਮੂਹਰੇ ਚੀਨ ਨੂੰ ਇੱਕ ਵੱਡੀ ਭੂਗੋਲਿਕ ਸਿਆਸੀ ਚੁਣੌਤੀ ਦੱਸਿਆ ਸੀ।

ਇਥੇ ਜ਼ਿਕਰਯੋਗ ਹੈ ਕਿ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੇ ਅਗਲੇ ਹਫ਼ਤੇ ਚੀਨ ਦੌਰੇ ਤੋਂ ਪਹਿਲਾਂ ਕਥਿਤ ਜਾਸੂਸੀ ਕਰਾਫਟ ਨਾਲ ਤਣਾਅ ਵਧਣ ਦੀ ਸੰਭਾਵਨਾ ਹੈ।

# ਜਲਵਾਯੂ ਪਰਿਵਰਤਨ ਕਾਰਨ ਵਿਸ਼ਵ ’ਚ ਬਰਫ਼ੀਲੀ ਸਰਦੀ ਦਾ ਕਹਿਰ

## ➤ ਆਰਕਟਿਕ ਦੀਆਂ ਬਰਫ਼ੀਲੀਆਂ ਹਵਾਵਾਂ ਕਾਰਨ ਏਸ਼ੀਆ ਵਿੱਚ ਰਿਕਾਰਡ ਤੋੜ ਸਰਦੀ ➤ਅੱਗੇ ਵੀ ਅਜਿਹਾ ਵਾਰ-ਵਾਰ ਵਾਪਰੇਗਾ

ਮਾਈਕ ਇਵਸ, ਜੌਨ ਯੂਨ

### ਅਫ਼ਗਾਨਿਸਤਾਨ ਵਿੱਚ ਸਖ਼ਤ ਸਰਦੀ ਕਾਰਨ 162 ਲੋਕਾਂ ਦੀ ਹੋਈ ਮੌਤ





ਚੀਨ ਦੇ ਉੱਤਰ-ਪੱਛਮੀ ਸ਼ਹਿਰ ਮੋਹੇ ਵਿਚ ਇਸ ਹਫਤੇ ਰਿਕਾਰਡ ਮਨਫੀ ਤੋਂ ਦੋ ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ ਸੀ। ਇਹ ਇਸ ਦੇ ਇਤਿਹਾਸ ਦਾ ਸਭ ਤੋਂ ਘੱਟ ਤਾਪਮਾਨ ਹੈ। 53 ਸਾਲਾ ਕਾਰੋਬਾਰੀ ਝਾਂਗ ਹੋਂਗ ਨੇ ਕਿਹਾ ਕਿ ਉਸ ਨੇ ਤੀਹ ਸਾਲਾਂ ਵਿੱਚ ਕਦੇ ਵੀ ਇੰਨੀ ਸਖ਼ਤ ਸਰਦੀ ਦਾ ਅਨੁਭਵ ਨਹੀਂ ਕੀਤਾ ਸੀ। ਪਿਛਲੇ ਹਫਤੇ ਆਰਕਟਿਕ ਤੋਂ ਆਈਆਂ ਬਰਫੀਲੀ ਹਵਾਵਾਂ ਨੇ ਚੀਨ, ਜਾਪਾਨ ਅਤੇ ਕੋਰੀਆਈ ਉਪ-ਮਹਾਂਦੀਪ ਦੇ ਕਰੋੜਾਂ ਲੋਕਾਂ ਨੂੰ ਪ੍ਰਭਾਵਿਤ ਕੀਤਾ ਸੀ।

ਚੀਨ ਦਾ ਸਭ ਤੋਂ ਮਹੱਤਵਪੂਰਨ ਤਿਉਹਾਰ ਚੰਦਰ ਨਵਾਂ ਸਾਲ ਕੜਾਕੇ ਦੀ ਠੰਡ ਕਾਰਨ ਰੱਦ ਕਰ ਦਿੱਤਾ ਗਿਆ ਸੀ। ਪੂਰੇ ਦੱਖਣੀ ਏਸ਼ੀਆ ਵਿਚ ਠੰਢ ਪੈ ਰਹੀ ਹੈ। ਜਨਵਰੀ ਦੇ ਅੱਧ ਵਿੱਚ ਭਾਰਤ ਦੇ ਕਈ ਰਾਜਾਂ ਵਿੱਚ ਬਰਫੀਲੀ ਠੰਢ ਸੀ। ਅਫਗਾਨਿਸਤਾਨ ਦੇ ਕਈ ਇਲਾਕਿਆਂ ਵਿਚ ਪਾਰਾ ਮਨਫੀ ਇਕ ਡਿਗਰੀ ਤੋਂ ਹੇਠਾਂ ਪਹੁੰਚ ਗਿਆ ਸੀ। ਉੱਥੇ ਜਨਵਰੀ ਦੇ ਦੂਜੇ ਹਫਤੇ ਤੱਕ ਠੰਡ ਨਾਲ 162 ਲੋਕਾਂ ਦੀ ਮੌਤ ਹੋ ਚੁੱਕੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਪਿਛਲੇ ਮਹੀਨੇ ਅਮਰੀਕਾ ਵਿੱਚ ਤਬਾਹੀ ਮਚਾਉਣ ਵਾਲੇ ਅਖੌਤੀ ਪੋਲਰ ਵੌਰਟੇਕਸ ਕਾਰਨ ਏਸ਼ੀਆ ਵਿੱਚ ਅਜਿਹੀ ਸਥਿਤੀ ਪੈਦਾ ਹੋਈ ਹੈ। ਧਰਤੀ ਦੇ ਉੱਤਰੀ ਧਰੁਵ ਨੇੜੇ ਆਰਕਟਿਕ ਤੋਂ ਠੰਡੀ ਹਵਾ ਦੇ ਅੱਗੇ ਵਧਣ ਦੀ ਸਥਿਤੀ ਨੂੰ ਪੋਲਰ ਵੌਰਟੇਕਸ ਕਿਹਾ ਜਾਂਦਾ ਹੈ।

ਆਮ ਤੌਰ ’ਤੇ ਇਹ ਆਰਕਟਿਕ ਤੱਕ ਰਹਿੰਦਾ ਹੈ। ਪਰ ਕਦੇ-ਕਦਾਈਂ ਇਹ ਉੱਤਰੀ ਧਰੁਵ ਤੋਂ ਦੱਖਣ ਵੱਲ ਚਲਾ ਜਾਂਦਾ ਹੈ। ਤਾਪਮਾਨ ਵਧਣ ਕਾਰਨ ਧਰੁਵੀ ਵੌਰਟੈਕਸ ਦੱਖਣ ਵੱਲ ਵਧ ਸਕਦਾ ਹੈ।

ਇਹ ਕੁਦਰਤੀ ਤੌਰ ’ਤੇ ਵਾਪਰਦਾ ਹੈ। ਪਰ ਵਿਗਿਆਨੀਆਂ ਦਾ ਕਹਿਣਾ ਹੈ ਕਿ ਧਰਤੀ ਦੇ ਗਰਮ ਹੋਣ ਕਾਰਨ ਵਾਰ-ਵਾਰ ਪੋਲਰ ਵੌਰਟੈਕਸ ਦੀ ਸਥਿਤੀ ਬਣੇਗੀ। ਇਸ ਦਾ ਪ੍ਰਭਾਵ ਵੀ ਵਧੇਗਾ। ਇੰਟਰ ਗੌਰਮਿੰਟਲ ਪੈਨਲ ਆਨ ਕਲਾਈਮੇਟ ਚੇਂਜ (ਆਈ.ਪੀ.ਸੀ.ਸੀ.) ਦੁਆਰਾ ਪਿਛਲੇ ਸਾਲ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ 1950 ਤੋਂ ਬਾਅਦ ਦੁਨੀਆ ਵਿੱਚ ਸਖਤ ਠੰਡ ਪੈਣ ਦੀਆਂ ਸਥਿਤੀਆਂ ਘਟ ਰਹੀਆਂ ਹਨ। ਪਹਿਲਾਂ ਦੇ ਮੁਕਾਬਲੇ ਤਾਪਮਾਨ ਵਿੱਚ ਵੀ ਗਿਰਾਵਟ ਆਉਣ ਲੱਗੀ ਹੈ। ਦੂਜੇ ਪਾਸੇ, ਪੈਨਲ ਵਰਕਿੰਗ ਗਰੁਪ ਦੇ ਉਪ-ਚੇਅਰਮੈਨ ਹਾਉਡੇਨ ਦਾ ਕਹਿਣਾ ਹੈ, ਅਸਲ ਵਿੱਚ, ਦੁਨੀਆ ਦੇ ਕਈ ਹਿੱਸਿਆਂ ਵਿੱਚ ਬਹੁਤ ਜ਼ਿਆਦਾ ਠੰਡ ਪੈ ਰਹੀ ਹੈ। ਮੌਸਮ ਦਾ ਮਿਜਾਜ਼ ਬਹੁਤ ਤਿੱਖਾ ਹੋ ਗਿਆ ਹੈ। ਇਸੇ ਕਰਕੇ ਅੱਤ ਦੀ ਗਰਮੀ ਅਤੇ ਕੜਾਕੇ ਦੀ ਸਰਦੀ ਪੈ ਰਹੀ ਹੈ। ਅਫ਼ਗਾਨਿਸਤਾਨ ਵਿੱਚ ਏਸ਼ੀਆ ਵਿੱਚ ਸਭ ਤੋਂ ਸਖ਼ਤ ਸਰਦੀ ਪਈ ਹੈ। ਆਫ਼ਤ ਪ੍ਰਬੰਧਨ ਮੰਤਰੀ ਨੇ ਕਿਹਾ ਕਿ 10 ਜਨਵਰੀ ਤੋਂ ਹੁਣ ਤੱਕ ਹੋਈਆਂ 162 ਮੌਤਾਂ ਵਿੱਚੋਂ ਅੱਧੀਆਂ ਮੌਤਾਂ ਪਿਛਲੇ ਹਫ਼ਤੇ ਹੋਈਆਂ ਸਨ। ਪਿਛਲੇ ਦਸ ਸਾਲਾਂ ਵਿੱਚ ਸਭ ਤੋਂ ਬਰਫੀਲੀ ਸਰਦੀ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਕਈ ਸਵੈ-ਸੇਵੀ ਸੰਸਥਾਵਾਂ ਨੇ ਸਹਾਇਤਾ ਕਾਰਜਾਂ ਨੂੰ ਬੰਦ ਕਰ ਦਿੱਤਾ ਸੀ।

ਸੰਗਠਨਾਂ ਨੇ ਅਜਿਹਾ ਤਾਲਿਬਾਨ ਸਰਕਾਰ ਵੱਲੋਂ ਸਹਾਇਤਾ ਕਾਰਜਾਂ ਵਿਚ ਔਰਤਾਂ ਦੀ ਸ਼ਮੂਲੀਅਤ ’ਤੇ ਪਾਬੰਦੀ ਦੇ ਵਿਰੋਧ ਵਿਚ ਕੀਤਾ ਸੀ। ਸੰਯੁਕਤ ਰਾਸ਼ਟਰ ਦੇ ਮਨੁੱਖੀ ਸਹਾਇਤਾ ਮੁਖੀ ਮਾਰਟਿਨ ਗ੍ਰਿਫਿਥਸ ਨੇ ਕਿਹਾ ਕਿ ਅਫਗਾਨਿਸਤਾਨ ਵਿੱਚ 60 ਲੱਖ ਲੋਕ ਭੁੱਖਮਰੀ ਨਾਲ ਮਰ ਸਕਦੇ ਹਨ। ਦੂਜੇ ਪਾਸੇ ਜਾਪਾਨ ਵਿੱਚ ਇਸ ਹਫ਼ਤੇ ਠੰਢ ਕਾਰਨ ਤਿੰਨ ਮੌਤਾਂ ਹੋ ਚੁੱਕੀਆਂ ਹਨ। ਉੱਤਰੀ ਕੋਰੀਆ ਵਿੱਚ 23 ਸਾਲਾਂ ਵਿੱਚ ਸਭ ਤੋਂ ਭਿਅੰਕਰ ਸਰਦੀ ਚੱਲ ਰਹੀ ਹੈ। (**ਬਾਕੀ ਸਫ਼ਾ 30 ’ਤੇ**)

# ਭਾਰਤ ਵਿੱਚ ਬਣੀ ਅੱਖਾਂ ਦੀ ਦਵਾਈ ਹੁਣ ਅਮਰੀਕਾ ’ਚ ਖ਼ਤਰਨਾਕ ਸਿੱਧ ਹੋਈ, ਜਾਨ ਲੈਣ ਦਾ ਲੱਗਾ ਦੋਸ਼

ਵਾਸ਼ਿੰਗਟਨ :- ਭਾਰਤ ਵਿੱਚ ਬਣੀ ਇੱਕ ਹੋਰ ਦਵਾਈ ਵਿਵਾਦਾਂ ਵਿੱਚ ਘਿਰ ਗਈ ਹੈ। ਹੁਣ ਮਾਮਲਾ ਅਮਰੀਕਾ ਦਾ ਹੈ, ਜਿੱਥੇ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਨਾਂ ਦੇ ਵਿਭਾਗ ਨੇ ਲੋਕਾਂ ਨੂੰ ਹਦਾਇਤ ਦਿੱਤੀ ਹੈ ਕਿ ਐਜ਼ਰੀਕੇਅਰ ਆਰਟੀਫਿਸ਼ੀਅਲ ਟੀਅਰਜ਼ ਨਾਂ ਦੀ ਅੱਖਾਂ ਬਾਰੇ ਦਵਾਈ ਦੀ ਵਰਤੋਂ ਤੁਰੰਤ ਬੰਦ ਕਰਨ। ਇਹ ਫੈਸਲਾ ਲੋਕਾਂ ਵਿੱਚ ਇਨਫੈਕਸ਼ਨ ਫੈਲਣ ਤੋਂ ਬਾਅਦ ਲਿਆ ਗਿਆ ਸੀ। ਹੁਣ ਤੱਕ 55 ਤੋਂ ਵੱਧ ਲੋਕ ਇਸ ਸੰਕਰਮਣ ਤੋਂ ਪ੍ਰਭਾਵਿਤ ਹੋ ਚੁੱਕੇ ਹਨ ਅਤੇ ਇੱਕ ਵਿਅਕਤੀ ਇਸ ਕਾਰਨ ਮਰ ਚੁਕਾ ਹੈ।

ਅਮਰੀਕੀ ਡਰੱਗ ਰੈਗੂਲੇਟਰ ਵੱਲੋਂ ਜਾਰੀ ਅਲਰਟ ਮਗਰੋਂ ਭਾਰਤੀ ਫਰਮ ਗਲੋਬਲ ਫਾਰਮਾ ਹੈੱਲਥਕੇਅਰ ਨੇ ਮਸਨੂਈ ਅੱਥਰੂ (ਆਰਟੀਫੀਸ਼ੀਅਲ ਟੀਅਰਜ਼) ਤੇ ਲੁਬਰੀਕੈਂਟ ਆਈ ਡਰੋਪਸ ਦਾ ਸਾਰਾ ਲਾਟ ਵਾਪਸ ਮੰਗਵਾ ਲਿਆ ਗਿਆ ਹੈ।

ਈਜ਼ੀਕੇਅਰ ਤੇ ਡੈੱਲਸਾਮ ਫਾਰਮਾ ਦੇ ਬਰਾਂਡ ਨਾਂ ਵਾਲੇ ਆਈ ਡਰੋਪਸ ਦੀ ਡਿਸਟ੍ਰੀਬਿਊਸ਼ਨ ਈਜ਼ੀਕੇਅਰ, ਐੱਲਐੱਲਸੀ ਤੇ ਡੈੱਲਸਾਮ ਫਾਰਮਾ ਵੱਲੋਂ ਕੀਤੀ ਜਾ ਰਹੀ ਹੈ।

ਸੀਐਨਐਨ ਅਮਰੀਕਾ ਦੇ ਸਿਹਤ ਅਧਿਕਾਰੀਆਂ ਨੇ ਲੋਕਾਂ ਨੂੰ ਸਲਾਹ ਦਿੱਤੀ ਸੀ ਕਿ ਉਹ ਅੱਖਾਂ ਵਿਚ



ਪਾਉਣ ਵਾਲੀ ਦਵਾਈ ਦੀ ਵਰਤੋਂ ਤੁਰੰਤ ਬੰਦ ਕਰਨ। ਭਾਰਤ ਵਿੱਚ ਬਣੀ ਇਸ ਦਵਾਈ ਉਪਰ ਇੱਕ ਖਾਸ ਕਿਸਮ ਦੀ ਲਾਗ ਦਾ ਜ਼ਿੰਮੇਵਾਰ ਹੋਣ ਦਾ ਸ਼ੱਕ ਹੈ। ਅਮਰੀਕੀ ਜਾਂਚਕਰਤਾਵਾਂ ਨੇ ਕਿਹਾ ਹੈ ਕਿ 12 ਰਾਜਾਂ ਵਿੱਚ ਫੈਲੀ ਇਹ ਲਾਗ ਖ਼ੂਨ, ਪਿਸ਼ਾਬ ਅਤੇ ਫੇਫੜਿਆਂ ਨੂੰ ਪ੍ਰਭਾਵਿਤ ਕਰ ਰਹੀ ਹੈ। ਬਹੁਤ ਸਾਰੇ ਮਰੀਜ਼ਾਂ ਨੇ ਦੱਸਿਆ ਕਿ ਉਨ੍ਹਾਂ ਨੇ ਅਜ਼ਰੀਕੇਅਰ ਨਾਮਕ ਦਵਾਈ ਦੀ ਵਰਤੋਂ ਕੀਤੀ ਹੈ, ਜੋ ਕਿਸੇ ਵੀ ਕੈਮਿਸਟ ਤੋਂ ਡਾਕਟਰ ਦੀ ਪਰਚੀ ਤੋਂ ਬਗੈਰ ਖਰੀਦੀ ਜਾ ਸਕਦੀ ਹੈ। ਅਮਰੀਕੀ ਡਰੱਗ ਰੈਗੂਲੇਟਰ ਵੱਲੋਂ ਜਾਰੀ ਅਲਰਟ ਮਗਰੋਂ ਭਾਰਤੀ ਫਰਮ ਗਲੋਬਲ ਫਾਰਮਾ ਹੈੱਲਥਕੇਅਰ ਨੇ ਮਸਨੂਈ ਅੱਥਰੂ (ਆਰਟੀਫੀਸ਼ੀਅਲ ਟੀਅਰਜ਼) ਤੇ ਲੁਬਰੀਕੈਂਟ ਆਈ ਡਰੋਪਸ ਦਾ ਸਾਰਾ ਲਾਟ ਵਾਪਸ ਮੰਗਵਾ ਲਿਆ ਸੀ। ਇਹ ਦਵਾਈ ਇੱਕ ਲੁਬਰੀਕੈਂਟ ਹੈ ਜੋ ਅੱਖਾਂ ਵਿੱਚ ਖੁਜਲੀ ਅਤੇ ਖੁਸ਼ਕੀ ਦੇ ਇਲਾਜ ਲਈ ਵਰਤੀ ਜਾਂਦੀ ਹੈ।

ਬੈਕਟੀਰੀਆ ਕਾਰਨ ਲਾਗ

ਸੀਬੀਐਸ ਡਾਟ ਕਾਮ ਅਨੁਸਾਰ ਲੋਕ ਜਿਸ ਬੀਮਾਰੀ ਦਾ ਸ਼ਿਕਾਰ ਹੋ ਰਹੇ ਹਨ, ਉਸ ਦਾ ਕਾਰਨ ਸੂਡੋਮੋਨਾਸ ਓਰੂਗਿਨੋਸਾ ਨਾਂ ਦਾ ਬੈਕਟੀਰੀਆ ਹੈ। ਜਾਂਚ ਕਰਤਾਵਾਂ ਨੂੰ ਇਹ ਬੈਕਟੀਰੀਆ ਅਜ਼ਰੀਕੇਅਰ ਦੀਆਂ ਖੁੱਲ੍ਹੀਆਂ ਸ਼ੀਸ਼ੀਆਂ ਵਿੱਚ ਮਿਲਿਆ ਹੈ। ਹਾਲਾਂਕਿ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਬੋਤਲਾਂ ਵਿਚ ਪਾਇਆ ਜਾਣ ਵਾਲਾ ਬੈਕਟੀਰੀਆ ਲੋਕਾਂ ਨੂੰ ਬਿਮਾਰ ਕਰ ਰਿਹਾ ਹੈ ਜਾਂ ਇਨਫੈਕਸ਼ਨ ਕਿਸੇ ਹੋਰ ਥਾਂ ਤੋਂ ਆਈ ਹੈ।

ਇਸ ਸਬੰਧ ਵਿਚ ਐਜ਼ਰੀਕਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਜਿਹੇ ਕਿਸੇ ਵੀ ਸਬੂਤ ਦੀ ਜਾਣਕਾਰੀ ਨਹੀਂ ਹੈ, ਜਿਸ ਕਾਰਨ ਇਸ ਇਨਫੈਕਸ਼ਨ ਦਾ ਕਾਰਣ ਇਹ ਦਵਾਈ ਹੈ। ਹਾਲਾਂਕਿ ਕੰਪਨੀ ਨੇ ਆਪਣੀ ਵੈੱਬਸਾਈਟ ’ਤੇ ਨੋਟਿਸ ਲਗਾ ਕੇ ਲੋਕਾਂ ਨੂੰ ਇਸ ਦੀ ਵਰਤੋਂ ਬੰਦ ਕਰਨ ਲਈ ਕਿਹਾ ਹੈ। ਕੰਪਨੀ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਨੂੰ ਸਾਡੇ ਤੋਂ ਕਿਸੇ ਚੀਜ਼ ਦੀ ਜ਼ਰੂਰਤ ਹੈ ਤਾਂ ਅਸੀਂ ਉਨ੍ਹਾਂ ਨੂੰ ਪੂਰਾ ਸਹਿਯੋਗ ਕਰਾਂਗੇ।’

ਇਥੇ ਜਿਕਰਯੋਗ ਹੈ ਕਿ ਸੀਡੀਸੀ ਨੇ ਦੋ ਹਫ਼ਤੇ ਪਹਿਲਾਂ ਸਿਹਤ ਕਰਮਚਾਰੀਆਂ ਨੂੰ ਇਸ ਦਵਾਈ ਬਾਰੇ ਚੇਤਾਵਨੀ ਜਾਰੀ ਕੀਤੀ ਸੀ। ਬੀਤੇ ਹਫਤੇ ਇਸ ਬਾਰੇ ਜਨਤਾ ਨੂੰ ਚੇਤਾਵਨੀ ਜਾਰੀ ਕੀਤੀ ਗਈ ਸੀ। ਕੈਲੀਫੋਰਨੀਆ, ਕੋਲੋਰਾਡੋ, ਕਨੈਕਟੀਕਟ, ਫਲੋਰੀਡਾ, ਨਿਊਜਰਸੀ, ਨਿਊ ਮੈਕਸੀਕੋ, ਨਿਊਯਾਰਕ, ਨੇਵਾਡਾ, ਟੈਕਸਾਸ, ਵਾਸ਼ਿੰਗਟਨ ਅਤੇ ਵਿਸਕਾਨਸਿਨ ਰਾਜਾਂ ਵਿੱਚ ਮਰੀਜ਼ ਸੰਕਰਮਿਤ ਹੋਏ ਹਨ। ਵਾਸ਼ਿੰਗਟਨ ਵਿੱਚ ਰਹਿਣ ਵਾਲੇ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ। ਇਸ ਮਰੀਜ਼ ਨੂੰ ਖ਼ੂਨ ਦੀ ਲਾਗ ਸੀ। ਘੱਟੋ-ਘੱਟ ਪੰਜ ਮਰੀਜ਼ ਆਪਣੀਆਂ ਅੱਖਾਂ ਦੀ ਰੋਸ਼ਨੀ ਗੁਆ ਚੁੱਕੇ ਹਨ।

ਇਕ ਸਾਲ ਤੋਂ ਵੀ ਘੱਟ ਸਮੇਂ ਵਿਚ ਇਹ ਤੀਜਾ ਮਾਮਲਾ ਹੈ ਜਦੋਂ ਕਿਸੇ ਭਾਰਤੀ ਦਵਾਈ ’ਤੇ ਵਿਦੇਸ਼ਾਂ ਵਿਚ ਲੋਕਾਂ ਦੀ ਜਾਨਾਂ ਜਾਣ ਦਾ ਦੋਸ਼ ਲੱਗਾ ਹੈ। ਇਸ ਤੋਂ ਪਹਿਲਾਂ ਗਾਂਬੀਆ ਵਿਚ ਭਾਰਤ ਦੀ ਬਣੀ ਖੰਘ ਦੀ ਦਵਾਈ ਪੀਣ ਨਾਲ ਦਰਜਨਾਂ ਬੱਚਿਆਂ ਦੀ ਮੌਤ ਦਾ ਮਾਮਲਾ ਸਾਹਮਣੇ ਆਇਆ ਸੀ। ਇੰਡੋਨੇਸ਼ੀਆ ਵਿਖੇ ਵੀ ਭਾਰਤ ਦੀ ਬਣੀ ਦਵਾਈ ਕਾਰਨ ਬੱਚਿਆਂ ਦੀਆਂ ਜਾਨਾਂ ਜਾਣ ਦਾ ਦੋਸ਼ ਲੱਗਾ ਸੀ, ਜਿਸ ਦੀ ਵਿਸ਼ਵ ਸਿਹਤ ਸੰਗਠਨ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਭਾਰਤ ਵੈਕਸੀਨ ਬਣਾਉਣ ਦੇ ਮਾਮਲੇ ਵਿੱਚ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਦੇਸ਼ਾਂ ਵਿੱਚੋਂ ਇੱਕ ਹੈ ਅਤੇ ਜੈਨਰਿਕ ਦਵਾਈਆਂ ਦਾ ਇੱਕ ਪ੍ਰਮੁੱਖ ਉਤਪਾਦਕ ਵੀ ਹੈ। ਭਾਰਤ ਵਿਸ਼ਵ ਪੱਧਰ ’ਤੇ 20 ਫੀਸਦੀ ਜੈਨਰਿਕ ਦਵਾਈਆਂ ਦੀ ਸਪਲਾਈ ਕਰਦਾ ਹੈ। ਕ੍ਰੈਡਿਟ ਰੇਟਿੰਗ ਏਜੰਸੀ ਕੇਅਰ ਦਾ ਅੰਦਾਜ਼ਾ ਹੈ ਕਿ ਭਾਰਤ ਦਾ ਫਾਰਮਾਸਿਊਟੀਕਲ ਉਦਯੋਗ ਵਧਦੀ ਨਿਰਯਾਤ ਦੀ ਹਿੱਸੇਦਾਰੀ ਕਾਰਨ ਵਧਦਾ ਰਹੇਗਾ ਅਤੇ ਇਸ ਸਾਲ 60 ਬਿਲੀਅਨ ਡਾਲਰ ਤੋਂ ਜਿਆਦਾ ਮੁਲ ਦਾ ਹੋਵੇਗਾ।

# ਬਾਦਲ ਦਲ ਨੂੰ ਸੰਕਟ 'ਚੋਂ ਨਿੱਕਲਣ ਲਈ ਢਾਂਚਾਗਤ ਤਬਦੀਲੀਆਂ ਕਰਨ ਦੀ ਲੋੜ



ਰਣਜੀਤ ਸਿੰਘ ਕੁਕੀ






ਮੌਜੂਦਾ ਸਮੇਂ ਵਿਚ ਸਿੱਖ ਭਾਈਚਾਰਾ ਇਕ ਸਦੀ ਪੁਰਾਣੀ ਰਾਜਨੀਤਿਕ ਪਾਰਟੀ ਅਕਾਲੀ ਦਲ ਨੂੰ ਖੋ ਦੇਣ ਦੀ ਬੇਮਿਸਾਲ ਸਥਿਤੀ ਦਾ ਸਾਹਮਣਾ ਕਰ ਰਹੀ ਹੈ। ਅਸਲ ਵਿਚ ਸਿੱਖ ਭਾਈਚਾਰਾ, ਜਿਸ ਵਿਚ ਬਾਦਲ ਖੇਮੇ ਦੇ ਵਿਰੋਧੀ ਵੀ ਸ਼ਾਮਿਲ ਹਨ, ਸੋਸ਼ਲ ਮੀਡੀਆ ਉੱਪਰ ਪਾਰਟੀ ਦੇ ਭਵਿੱਖ ਨੂੰ ਲੈ ਕੇ ਆਪਣੇ ਸਰੋਕਾਰ ਜ਼ਾਹਿਰ ਕਰ ਰਿਹਾ ਹੈ।ਅਕਾਲ ਤਖਤ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਪੰਥਕ ਪਾਰਟੀ ਦੀ ਮੌਜੂਦਾ ਸਥਿਤੀ ਨੂੰ ਲੈ ਕੇ ਗਹਿਰੀ ਚਿੰਤਾ ਵਿਅਕਤ ਕੀਤੀ ਹੈ। ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਇਸ ਸੰਕਟ ਨੂੰ ਹੋਰ ਵੀ ਗਹਿਰੇ ਰੂਪ ਵਿਚ ਦਿਖਾਉਂਦੀ ਹੈ। ਹੁਣ ਤੱਕ ਸਿੱਖ ਭਾਈਚਾਰਾ ਆਪਣੀ ਰਾਜਨੀਤੀ ਅਕਾਲੀ ਦਲ ਰਾਹੀ ਹੀ ਕਰਦਾ ਰਿਹਾ ਹੈ। ਪਿਛਲੇ ਸੌ ਵਰ੍ਹਿਆਂ ਵਿਚ ਇਕ ਅਕਾਲੀ ਧੜੇ ਨੇ ਦੂਜੇ ਦੀ ਥਾਂ ਲਈ ਹੈ, ਪਰ ਇਸ ਤਰਾਂ ਹੋਂਦ ਦੇ ਸੰਕਟ ਦਾ ਸਾਹਮਣਾ ਨਹੀਂ ਸੀ ਕੀਤਾ ਜਿਸ ਦਾ ਸਾਹਮਣਾ ਪਾਰਟੀ ਹੁਣ ਕਰ ਰਹੀ ਹੈ ਜਿਸ ਨੇ ਆਪਣੀ ਜ਼ਮੀਨ ਦਿੱਲੀ ਅਧਾਰਿਤ ਪਾਰਟੀ ਦੇ ਹੱਥੋਂ ਗੁਆ ਲਈ ਹੈ।ਬੀਤੇ ਵਿਚ ਵੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਨੇ ਉਸ ਸਮੇਂ ਦਖਲ ਦਿੱਤਾ ਸੀ ਜਦੋਂ ਸਿੱਖ ਰਾਜਨੀਤੀ ਏਕਤਾ ਬਣਾਈ ਰੱਖਣ ਲਈ ਢਾਂਚਾਗਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਸੀ। ਇਸ ਤੋਂ ਪਹਿਲਾਂ 1994 ਅਤੇ 1999 ਵਿਚ ਅਜਿਹੀ ਸਥਿਤੀ ਪੈਦਾ ਹੋਈ ਸੀ ਪਰ ਜਿਸ ਨੂੰ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੇ ਪਰਿਵਾਰ ਦੁਆਰਾ ਸਵੀਕਾਰ ਨਹੀਂ ਕੀਤਾ ਗਿਆ ਅਤੇ ਸਿੱਖ ਰਾਜਨੀਤੀ ਸਾਹਮਣੇ ਆਉਂਦੀਆਂ ਚੁਣੌਤੀਆਂ ਨੂੰ ਅਕਾਲ ਤਖਤ ਦੇ ਜੱਥੇਦਾਰ ਦੀ ਮਦਦ ਨਾਲ ਦਬਾ ਦਿੱਤਾ ਗਿਆ। ਸਿਮਰਨਜੀਤ ਸਿੰਘ ਮਾਨ ਅਤੇ ਗੁਰਚਰਨ ਸਿੰਘ ਟੌਹੜਾ ਦੁਆਰਾ ਪੇਸ਼ ਕੀਤੀ ਗਈ ਚੁਣੌਤੀ ਨੂੰ ਪ੍ਰਕਾਸ਼ ਸਿੰਘ ਬਾਦਲ ਦੁਆਰਾ ਦਬਾ ਦਿੱਤਾ ਗਿਆ ਅਤੇ ਉਸ ਨੇ ਆਪਣੀ ਮਕਾਇਵਲੀ ਰਾਜਨੀਤਿਕ ਚਾਲਾਂ ਰਾਹੀ ਸਿੱਖ ਰਾਜਨੀਤੀ ਅਤੇ ਧਾਰਮਿਕ ਖੇਤਰ ਉੱਪਰ ਆਪਣਾ ਦਬਦਬਾ ਕਾਇਮ ਕੀਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਦੇ ਜਥੇਦਾਰ ਦੀ ਪਕੜ ਨੂੰ ਕਮਜ਼ੋਰ ਕਰ ਦਿੱਤਾ।

ਅਕਾਲੀ ਦਲ ਦਾ ਸੰਵਿਧਾਨ ਕਹਿੰਦਾ ਹੈ, 'ਖਾਲਸਾ ਪੰਥ ਦੇ ਸਮੂਹਿਕ ਰਾਜਨੀਤਿਕ ਹਿੱਤਾਂ ਦੀ ਤਰਜਮਾਨੀ ਕਰਨ ਵਾਲੀ ਇਕੋ ਇਕ ਪਾਰਟੀ ਅਕਾਲੀ ਦਲ ਹੈ।' ਪਰ 1996 ਵਿਚ ਇਸ ਦੀ 75ਵੀਂ ਵਰ੍ਹੇਗੰਢ ਮੌਕੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਮੋਗਾ ਕਾਨਫਰੰਸ ਵਿਚ ਇਸ ਦੀ ਪਛਾਣ ਪੰਥਕ ਤੋਂ ਬਦਲ ਕੇ ਪੰਜਾਬੀ ਕਰ ਦਿੱਤੀ ਗਈ। ਹਾਲਾਂਕਿ ਦਸੰਬਰ 1998 ਦੇ ਆਖਰੀ ਹਫਤੇ ਫਤਿਹਗੜ੍ਹ ਸਾਹਿਬ ਵਿਚ ਬੋਲਦੇ ਹੋਏ ਸੀਨੀਅਰ ਬਾਦਲ ਨੇ ਦਾਅਵਾ ਕੀਤਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਕਾਲੀ ਦਲ ਦਾ ਹੀ ਇਕ ਵਿੰਗ ਹੈ। ਉਸ ਦਾ ਬਿਆਨ ਇਤਿਹਾਸਿਕ ਅਤੇ ਵਿਚਾਰਿਕ ਰੂਪ ਵਿਚ ਸਹੀ ਨਹੀਂ ਸੀ, ਪਰ ਇਸ ਨੇ ਸਮੇਂ ਦੀ ਅਸਲੀਅਤ ਨੂੰ ਸਾਹਮਣੇ ਲਿਆਂਦਾ ਕਿਉਂ ਕਿ ਉਦੋਂ ਤੱਕ ਸੀਨੀਅਰ ਬਾਦਲ ਨੇ ਪੂਰੀ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਉੱਪਰ ਆਪਣਾ ਨਿਯੰਤ੍ਰਣ ਕਰ ਲਿਆ ਸੀ ਅਤੇ ਉਹ ਸ਼੍ਰੋਮਣੀ ਕਮੇਟੀ ਉੱਪਰ ਆਪਣਾ ਪ੍ਰਭਾਵ ਸਥਾਪਿਤ ਕਰਨ ਵੱਲ ਵਧ ਰਿਹਾ ਸੀ।

ਅਕਾਲੀ ਦਲ 1920 ਵਿਚ ਗੁਰਦੁਆਰਾ ਸੁਧਾਰ ਅੰਦੋਲਨ ਅਤੇ ਸ਼੍ਰੋਮਣੀ ਕਮੇਟੀ ਦੀ ਕਾਰਗੁਜਾਰੀ ਉੱਪਰ ਕਰਕੇ ਹੋਂਦ ਵਿਚ ਆਇਆ ਸੀ। ਸਮੇਂ ਨੇ ਹੀ ਇਸ ਨੂੰ ਸਰਗਰਮ ਰਾਜਨੀਤੀ ਵਿਚ ਧੱਕ ਦਿੱਤਾ। ਉਸ ਸਮੇਂ ਤੱਕ ਅਕਾਲੀਆਂ ਨੇ 1920 ਦੇ ਅੰਦੋਲਨਾਂ ਸਮੇਂ ਆਪਣਾ ਬੇਮਿਸਾਲ ਇਤਿਹਾਸ ਸਿਰਜ ਲਿਆ ਸੀ ਅਤੇ ਉਨ੍ਹਾਂ ਨੇ ਸਿੱਖਾਂ ਦੀਆਂ ਰਾਜਨੀਤਿਕ ਅਭਿਲਾਸ਼ਾਵਾਂ ਨੂੰ ਵੀ ਇਸ ਵਿਚ ਜਗ੍ਹਾ ਦਿੱਤੀ। 1920 ਤੋਂ ਲੈ ਕੇ 1930 ਤੱਕ ਅਕਾਲੀ ਨੇਤਾਵਾਂ ਨੇ ਆਪਣੇ ਧਾਰਮਿਕ ਅਤੇ ਰਾਜਨੀਤਿਕ ਖੇਤਰ ਆਪਣੇ ਰੋਲ ਨੂੰ ਲੈ ਕੇ ਬਹਿਸ ਕੀਤੀ। 1937 ਵਿਚ ਉਨ੍ਹਾਂ ਨੇ ਚੋਣਾਂ ਲੜੀਆਂ। ਉਨ੍ਹਾਂ ਨੇ ਆਪਣੀਆਂ ਸ਼ਰਤਾਂ ਉੱਪਰ ਰਾਜਨੀਤੀ ਕੀਤੀ ਹਾਲਾਂਕਿ ਕਾਂਗਰਸ ਦੀ ਲੀਡਰਸ਼ਿਪ ਉਨ੍ਹਾਂ ਨੂੰ ਆਪਣੇ ਪਿੱਛੇ ਹੀ ਲਗਾ ਕੇ ਰੱਖਣਾ ਚਾਹੁੰਦੀ ਸੀ।ਵੰਡ ਦੌਰਾਨ ਹੋਈ ਗੱਲਬਾਤ ਦੇ ਗੇੜ ਵਿਚ ਵੀ ਅਕਾਲੀ ਦਲ ਨੇ ਅਹਿਮ ਭੂਮਿਕਾ ਅਦਾ ਕੀਤੀ। ਬੀਤੇ ਵਿਚ ਅਕਾਲੀ ਦਲ ਅਤੇ ਸਿੱਖਾਂ ਨੇ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਸੀ, ਪਰ ਇਸ ਸਮੇਂ ਸਥਿਤੀਆਂ ਨੇ ਉਨ੍ਹਾਂ ਉੱਪਰ ਇਕ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ ਕਿਉਂ ਕਿ ਪ੍ਰਮੁੱਖ ਰੂਪ ਵਿਚ ਬਾਦਲਾਂ ਦਾ ਪੂਰਣ ਨਿਯੰਤ੍ਰਣ ਹੀ

(ਬਾਕੀ ਸਫ਼ਾ 31 'ਤੇ)

# ਰਾਜਨੀਤਿਕ ਸੰਘਰਸ਼ ਵਜੋਂ ਉੱਭਰਿਆ ਕੌਮੀ ਇਨਸਾਫ਼ ਮੋਰਚਾ



ਭਾਈ ਹਰਿਸਿਮਰਨ ਸਿੰਘ
ਮੋ. 9872591713




ਗੁਰੂਕਾਲ ਤੋਂ ਬਾਅਦ 1708 ਤੋਂ ਖਾਲਸਾ ਪੰਥ ਦੀ ਅਗਵਾਈ ਹੇਠ ਆਪਣੇ ਰਾਜ ਅਤੇ ਹੋਰ ਅਧਿਕਾਰਾਂ ਦੀ ਪ੍ਰਾਪਤੀ ਲਈ ਸਮੇਂ ਦੀਆਂ ਹਕੂਮਤਾਂ ਵਿਰੁਧ ਲੜੇ ਗਏ ਸਿੱਖ ਸੰਘਰਸ਼ ਦੀ ਮਹਾਨ ਵਿਰਾਸਤ ਦਾ ਵਰਤਮਾਨ ਜਲੌਅ ਕੌਮੀ ਇਨਸਾਫ਼ ਮੋਰਚੇ ਦੇ ਰੂਪ ਵਿਚ ਉੱਭਰ ਰਿਹਾ ਹੈ। ਬਾਹਰੀ ਤੌਰ 'ਤੇ ਵੇਖਿਆਂ ਇਹ ਮੋਰਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਇਨਸਾਫ਼, ਬੰਦੀ ਸਿੰਘਾਂ ਦੀ ਰਿਹਾਈ, ਬਹਿਬਲ ਕਲਾਂ ਗੋਲੀ ਕਾਂਡ ਅਤੇ 328 ਸਰੂਪਾਂ ਦੇ ਮੁੱਦਿਆਂ ਉੱਤੇ ਲੜਿਆ ਜਾ ਰਿਹਾ ਹੈ। ਪਰ ਕੁੱਝ ਦਿਨਾਂ ਵਿਚ ਹੀ ਇਸ ਦੀ ਸ਼ਕਤੀਸ਼ਾਲੀ ਤੰਦ 1978 ਤੋਂ ਸ਼ੁਰੂ ਹੋਏ ਸਿੱਖ ਸੰਘਰਸ਼ ਨਾਲ ਜੁੜ ਗਈ ਹੈ। ਇਸ ਮੋਰਚੇ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਇਸ ਦੇ ਪ੍ਰਬੰਧਕਾਂ ਵਿਚ ਕਈ ਤਰ੍ਹਾਂ ਦੇ ਖਦਸ਼ੇ ਪਾਏ ਜਾ ਰਹੇ ਸਨ, ਪਰ ਦ੍ਰਿੜ੍ਹ ਇਰਾਦਿਆਂ ਨਾਲ ਹੁਣ ਜਿਵੇਂ ਇਸ ਮੋਰਚੇ ਨੂੰ ਕੇਵਲ ਤਿੰਨ ਹਫ਼ਤਿਆਂ ਵਿਚ ਇਤਨੀ ਹਮਾਇਤ ਅਤੇ ਸ਼ਕਤੀ ਮਿਲ ਗਈ ਹੈ ਕਿ ਉਸ ਨਾਲ ਜੇਕਰ ਸਰਕਾਰਾਂ ਇਨ੍ਹਾਂ ਮੁੱਦਿਆਂ ਬਾਰੇ ਫੌਰੀ ਤੌਰ 'ਤੇ ਕੋਈ ਹਾਂ-ਪੱਖੀ ਫੈਸਲਾ ਨਹੀਂ ਲੈਂਦੀਆਂ ਤਾਂ ਇਹ ਮੋਰਚਾ ਸੱਚਮੁੱਚ ਰੂਪ ਵਿਚ ਅਕਾਲੀ ਮੋਰਚਿਆਂ ਸਮੇਤ ਪਿਛਲੇ ਸਾਰੇ ਮੋਰਚਿਆਂ ਤੋਂ ਅੱਗੇ ਜਾ ਕੇ ਸਿੱਖ ਪੰਥ ਨੂੰ ਨਵੀਂ ਦਿਸ਼ਾ ਦੇ ਸਕਦਾ ਹੈ। ਬਸ਼ਰਤੇ ਕਿ ਇਸ ਦੇ ਆਗੂ ਭਾਈ ਜਗਤਾਰ ਸਿੰਘ ਹਵਾਰਾ ਅਤੇ ਹੋਰ ਬਜ਼ੁਰਗ ਆਗੂ ਮੋਰਚੇ ਨੂੰ ਲੋੜੀਂਦੀ ਅਗਵਾਈ ਦੇ ਸਕਣ।

1966 ਤੋਂ ਬਾਅਦ ਸਿੱਖ ਪੰਥ ਨੇ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਸ਼ਾਂਤਮਈ ਅਤੇ ਹਥਿਆਰਬੰਦ ਸੰਘਰਸ਼ ਲੜੇ ਹਨ। ਸਫ਼ਲਤਾਵਾਂ ਅਤੇ ਅਸਫ਼ਲਤਾਵਾਂ ਅਤੇ ਭਾਰੀ ਜਾਨੀ*ਮਾਲੀ ਨੁਕਸਾਨ ਦੇ ਪ੍ਰਵਾਹ ਨਾਲੋਂ ਨਾਲ ਚੱਲਦੇ ਆ ਰਹੇ ਹਨ। ਵਰਤਮਾਨ ਹਾਲਾਤ 'ਚ ਭਾਰਤ ਵਿਚ ਹਥਿਆਰਬੰਦ ਰਾਜ ਪਲਟਿਆਂ ਨਾਲੋਂ ਚੋਣਾਵੀਂ ਰਾਜਨੀਤੀ ਰਾਹੀਂ ਸੱਤਾ ਤਬਦੀਲੀ ਵਧੇਰੇ ਸਫ਼ਲਤਾ ਨਾਲ ਹੋ ਰਹੀ ਹੈ। ਇਸ ਲਈ ਪੰਜਾਬ ਸਮੇਤ ਸਾਰੇ ਭਾਰਤੀ ਸੂਬਿਆਂ ਦੀਆਂ ਸੂਬਾਈ ਪਾਰਟੀਆਂ ਅਤੇ ਕੇਂਦਰੀ ਪਾਰਟੀਆਂ ਕਾਂਗਰਸ, ਬੀ.ਜੇ.ਪੀ., ਮੁੱਖ ਤੌਰ 'ਤੇ ਆਹਮੋ ਸਾਹਮਣੇ ਰਹਿੰਦੀਆਂ ਹਨ। ਸਿੱਖ ਪੰਥ ਦੀ ਸੰਘਰਸ਼ਸ਼ੀਲ ਵਿਰਾਸਤ ਲੋਕਤੰਤਰੀ ਢੰਗ ਤਰੀਕਿਆਂ ਨਾਲ ਸੰਘਰਸ਼ ਲੜ ਕੇ ਹੀ ਨਿਕਟ ਭਵਿੱਖ ਵਿਚ ਸਫ਼ਲਤਾ ਪ੍ਰਾਪਤ ਕਰ ਸਕਦੀ ਹੈ। ਇਸ ਲਈ ਮੋਰਚੇ ਲਗਾਉਣੇ, ਰਣਨੀਤਿਕ, ਮੀਡੀਆ ਅਤੇ ਕੂਟਨੀਤਿਕ ਸੰਘਰਸ਼ ਅਤੇ ਚੋਣਾਵੀਂ ਸੰਘਰਸ਼ ਉਚਿਤ ਮੰਨੇ ਜਾ ਰਹੇ ਹਨ। ਕੌਮੀ ਇਨਸਾਫ਼ ਮੋਰਚਾ ਜਿਨ੍ਹਾਂ ਵੀ ਮੁੱਦਿਆਂ ਉੱਤੇ ਸੰਘਰਸ਼ ਲੜ ਰਿਹਾ ਹੈ, ਉਸਦੇ ਕਾਨੂੰਨੀ ਪਹਿਲੂ ਵੀ ਹਨ, ਪਰ ਚੂੰਕਿ ਹੁਣ ਇਹ ਸੰਘਰਸ਼ ਰਾਜਨੀਤਿਕ ਪੱਧਰ 'ਤੇ ਲੜਿਆ ਜਾ ਰਿਹਾ ਹੈ। ਇਸ ਲਈ ਇਹ ਮੋਰਚਾ ਚਾਰ ਮੁੱਦਿਆਂ ਤੋਂ ਅੱਗੇ ਜਾ ਕੇ ਹੁਣ ਰਾਜਨੀਤਿਕ ਸੰਘਰਸ਼ ਵੀ ਬਣ ਗਿਆ ਹੈ।

ਕੁਝ ਇਨ੍ਹਾਂ ਹਾਲਾਤ ਦੀ ਰੋਸ਼ਨੀ ਵਿਚ ਸਾਨੂੰ ਸਿੱਖ ਪੰਥ, ਵਿਸ਼ੇਸ਼ ਕਰਕੇ ਸਿੱਖ ਨੌਜਵਾਨਾਂ ਦੇ ਸ਼ਕਤੀ ਕੇਂਦਰ ਵਜੋਂ ਉਭਰੇ ਆਗੂ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ 29 ਜਨਵਰੀ 2023 ਨੂੰ ਆਪਣੇ ਹਜ਼ਾਰਾਂ ਸਮਰਥਕਾਂ ਸਮੇਤ ਮੋਰਚੇ ਵਿਚ ਕੀਤੀ ਗਈ ਸ਼ਮੂਲੀਅਤ ਅਤੇ ਇਤਿਹਾਸਿਕ ਮਹੱਤਤਾ ਵਾਲੇ ਲੈਕਚਰ ਨੂੰ ਵੇਖਣਾ ਹੋਵੇਗਾ। ਆਪਣੀ ਸਾਫ਼ਗੋਈ ਦੇ ਸੁਭਾਅ ਅਨੁਸਾਰ ਭਾਈ ਅੰਮ੍ਰਿਤਪਾਲ ਸਿੰਘ ਨੇ ਪਿਛਲੇਰੇ ਸਿੱਖ ਸੰਘਰਸ਼, ਇਸ ਦੇ ਮੁੱਦਿਆਂ, ਸ਼ਹੀਦ ਹੋ ਚੁੱਕੇ ਅਤੇ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਦੇ ਦਰਦ ਦੀ ਤਾਰ ਛੋਹੀ ਸੀ। ਕੇਂਦਰ ਸਰਕਾਰ ਵੱਲੋਂ ਸਿੱਖ ਪੰਥ ਨਾਲ ਕੀਤੇ ਜਾਂਦੇ ਵਿਹਾਰ ਦੇ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਕਿਹਾ ਕਿ ਮੋਰਚੇ ਸਾਹਮਣੇ ਇਸ ਸਮੇਂ ਮੁੱਦਾ ਮਹਿਜ਼ ਬੰਦੀ ਸਿੰਘਾਂ ਦੀ ਰਿਹਾਈ ਦਾ ਹੀ ਨਹੀਂ ਰਹਿ ਗਿਆ, ਸਗੋਂ ਜਿਨ੍ਹਾਂ ਵੱਡੇ ਕਾਰਨਾਂ ਕਰਕੇ ਅਥਵਾ ਸੰਘਰਸ਼ ਦੇ ਮੁੱਦਿਆਂ ਕਾਰਨ ਬੰਦੀ ਸਿੰਘ ਜੇਲ੍ਹਾਂ ਵਿਚ ਗਏ ਸਨ, ਉਨ੍ਹਾਂ ਮੁੱਦਿਆਂ ਉੱਤੇ ਸੰਘਰਸ਼ ਨੂੰ ਕੇਂਦਰਿਤ ਕਰਨਾ ਹੋਏਗਾ। ਦੂਜੇ ਸ਼ਬਦਾਂ ਵਿਚ ਹੁਣ ਇਹ ਸੰਘਰਸ਼ ਕੌਮ ਦੀ ਅਜ਼ਾਦੀ ਅਤੇ ਹੋਰ ਰਾਜਸੀ, ਧਾਰਮਿਕ, ਸਮਾਜਿਕ, ਆਰਥਿਕ ਆਦਿ ਅਧਿਕਾਰਾਂ 'ਤੇ ਲੜਿਆ ਜਾਣਾ ਚਾਹੀਦਾ ਹੈ। ਉਨ੍ਹਾਂ ਭਾਈ ਤਾਰਾ ਅਤੇ ਭਾਈ ਭਿਉਰਾ ਦੋ ਬੰਦੀ ਸਿੰਘਾਂ ਦੀ ਚਿੱਠੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਬੰਦੀ ਸਿੰਘ ਕੌਮ ਦੀਆਂ ਮੰਗਾਂ ਮਨਾਉਣ ਤੋਂ ਬਿਨ੍ਹਾਂ ਜੇਲ੍ਹਾਂ ਵਿਚੋਂ ਬਾਹਰ ਨਹੀਂ ਆਉਣਾ ਚਾਹੁੰਦੇ। ਕੇਂਦਰ ਸਰਕਾਰ ਵੱਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਦਿੱਤੀ ਪੈਰੋਲ ਅਤੇ ਬੰਦੀ ਸਿੰਘਾਂ ਨੂੰ ਨਾ ਰਿਹਾਅ ਕਰਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਹੁਣ ਇਕ ਲੰਮਾ ਸੰਘਰਸ਼ ਲੜ ਕੇ ਕੇਂਦਰ ਸਰਕਾਰ ਨਾਲ ਆਰ-ਪਾਰ ਦੇ ਫੈਸਲੇ ਕਰਨੇ ਚਾਹੀਦੇ ਹਨ। ਉਨ੍ਹਾਂ ਨੇ ਮੋਰਚੇ ਦੇ ਆਗੂਆਂ ਨੂੰ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਅਜਿਹੇ ਮੁੱਦਿਆਂ 'ਤੇ ਕੌਮ ਨੂੰ ਵਿਸ਼ਵਾਸ ਵਿਚ ਲਏ ਬਿਨਾਂ ਅਧੂਰੇ ਸਮਝੌਤੇ ਨਾ ਕੀਤੇ ਜਾਣ। ਉਨ੍ਹਾਂ ਦੇ ਵਿਚਾਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਅਤੇ ਉਨ੍ਹਾਂ ਦੀ ਜਥੇਬੰਦੀ ਦੀ ਮੋਰਚੇ ਵਿਚ ਸ਼ਮੂਲੀਅਤ ਬਣੀ ਰਹੇਗੀ। ਉਹ ਭਵਿੱਖ ਵਿਚ ਇਸ ਮੋਰਚੇ ਦੇ ਘਟਨਾਕ੍ਰਮਾਂ 'ਤੇ ਆਪਣੀ 'ਬਾਜ਼ ਅੱਖ' ਵੀ ਰੱਖਣਗੇ। ਸਪੱਸ਼ਟ ਹੈ ਕਿ ਉਨ੍ਹਾਂ ਦੀ ਤਕਰੀਰ ਮੋਰਚੇ ਨੂੰ ਨਵਾਂ ਮੋੜ ਦੇਣ ਵਾਲੀ ਸਾਬਤ ਹੋਈ ਹੈ। ਪਰ ਕੀ ਮੋਰਚੇ ਦੇ ਬਜ਼ੁਰਗ ਆਗੂ ਅਤੇ ਭਾਈ ਜਗਤਾਰ ਸਿੰਘ ਹਵਾਰਾ, ਇਨ੍ਹਾਂ ਅਤੇ ਪੰਜਾਬ ਦੀ ਰਾਜਨੀਤੀ ਨਾਲ ਜੁੜੇ ਹੋਰ ਮੁੱਦਿਆਂ ਉੱਤੇ ਕੌਮ ਨੂੰ ਇਕ ਲੰਮਾ ਸੰਘਰਸ਼ ਲੜਨ ਅਤੇ ਰਾਜਨੀਤਿਕ ਅਗਵਾਈ ਦੇਣ ਲਈ ਤਿਆਰ ਹਨ? ਇਹ ਇਕ ਲੰਮੀ ਲੜਾਈ ਦੀ ਸ਼ੁਰੂਆਤ ਹੈ। ਸਪੱਸ਼ਟ ਹੈ ਕਿ ਸਮੇਂ ਅਤੇ ਹਾਲਾਤ ਨੇ ਕੌਮੀ ਇਨਸਾਫ਼ ਮੋਰਚੇ ਉੱਤੇ ਅਚਾਨਕ ਹੀ ਵੱਡੀਆਂ ਜ਼ਿੰਮੇਵਾਰੀਆਂ ਪਾ ਦਿੱਤੀਆਂ ਹਨ, ਜੋ ਇਨ੍ਹਾਂ ਦੇ ਵਰਤਮਾਨ ਅਤੇ ਭਵਿੱਖ ਦੇ

(ਬਾਕੀ ਸਫ਼ਾ 31 'ਤੇ)

# ਸਮੁੰਦਰਾਂ ਅਤੇ ਮਹਾਂਸਾਗਰਾਂ ਨਾਲ ਘਿਰਿਆ ਆਸਟ੍ਰੇਲੀਆ ਸਭ ਤੋਂ ਛੋਟਾ ਮਹਾਂਦੀਪ





ਅਸ਼ਵਨੀ ਚਤਰਥ

ਦੁਨੀਆ ਦੇ ਸੱਤ ਮਹਾਂਦੀਪਾਂ ਵਿਚੋਂ ਆਸਟ੍ਰੇਲੀਆ ਸਭ ਤੋਂ ਛੋਟਾ ਮਹਾਂਦੀਪ ਹੈ ਜਿਸਦਾ ਕੁੱਲ ਖੇਤਰਫਲ 86 ਲੱਖ ਵਰਗ ਕਿਲੋਮੀਟਰ ਹੈ। ਇਸ ਵਿਚ ਆਸਟ੍ਰੇਲੀਆ ਅਤੇ ਪਾਪੂਆ ਨਿਊ ਗਿਨੀਆ ਦੇਸ਼ਾਂ ਤੋਂ ਇਲਾਵਾ ਅਨੇਕਾਂ ਟਾਪੂ ਜਿਵੇਂ ਤਸਮਾਨੀਆ, ਆਸ਼ਮੋਰ ਅਤੇ ਕਾਰਟਿਅਰ ਟਾਪੂ, ਅਰੂ ਟਾਪੂ, ਕੋਰਲ ਟਾਪੂ ਅਤੇ ਪੱਛਮੀ ਪਾਪੂਆ ਟਾਪੂ ਆਦਿ ਸ਼ਾਮਿਲ ਹਨ। ਇਸ ਮਹਾਂਦੀਪ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਦਾ ਸਭ ਤੋਂ ਵੱਡਾ ਦੇਸ਼ ਆਸਟ੍ਰੇਲੀਆ ਜ਼ਿਆਦਾਤਰ ਸ਼ਹਿਰੀ ਵਸੋਂ ਵਾਲਾ ਹੀ ਹੈ ਜਦ ਕਿ ਪਾਪੂਆ ਨਿਊ ਗਿਨੀਆ ਦੇਸ਼ ਵਿਚ ਮਹਿਜ਼ 18 ਫ਼ੀਸਦੀ ਲੋਕ ਹੀ ਸ਼ਹਿਰੀ ਇਲਾਕਿਆਂ ਵਿਚ ਨਿਵਾਸ ਕਰਦੇ ਹਨ। ਆਸਟ੍ਰੇਲੀਆ ਮਹਾਂਦੀਪ ਦੀ ਵਿਲੱਖਣਤਾ ਅਤੇ ਵਿਭਿੰਨਤਾ ਦਾ ਪਤਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਜਿੱਥੇ ਇਕ ਪਾਸੇ ਆਸਟ੍ਰੇਲੀਆ ਦੇਸ਼ ਵਿਚ ਇਕ ਬਹੁਤ ਵੱਡੀ ਅਬਾਦੀ ਪਰਵਾਸੀ ਲੋਕਾਂ ਦੀ ਹੈ ਉੱਥੇ ਦੂਜੇ ਪਾਸੇ ਪੱਛਮੀ ਪਾਪੂਆ ਇਲਾਕੇ ਵਿਚ ਵਸਦੇ ਕਬਾਇਲੀ ਲੋਕ ਜੋ ਕਿ ਇੱਥੋਂ ਦੇ ਮੂਲ ਨਿਵਾਸੀ ਹਨ, ਦੀ ਵੱਡੀ ਗਿਣਤੀ ਅਨੇਕਾਂ ਸਮੂਹਾਂ ਵਿਚ ਰਹਿੰਦੀ ਹੈ ਜੋ ਕਿ ਅਜੋਕੇ ਤਕਨਾਲੋਜੀ ਅਤੇ ਪ੍ਰਚਾਰ ਪ੍ਰਸਾਰ ਦੇ ਯੁੱਗ ਵਿਚ ਹਾਲੇ ਵੀ ਆਪਣੇ ਆਲੇ-ਦੁਆਲੇ ਦੀ ਦੁਨੀਆ ਦੇ ਸੰਪਰਕ ਤੋਂ ਦੂਰ ਰਹਿੰਦੀ ਹੈ। ਜਿਵੇਂ ਕਿ ਆਮ ਕਲਪਨਾ ਇਹ ਕੀਤੀ ਜਾਂਦੀ ਹੈ ਕਿ ਨਿਊਜ਼ੀਲੈਂਡ ਦੇਸ਼, ਆਸਟ੍ਰੇਲੀਆ ਮਹਾਂਦੀਪ ਦਾ ਹਿੱਸਾ ਹੈ, ਇਹ ਇਕ ਗ਼ਲਤ ਧਾਰਨਾ ਹੈ। ਅਸਲ ਵਿਚ ਸੱਚਾਈ ਇਹ ਹੈ ਕਿ ਧਰਤੀ ਦੇ ਦੱਖਣੀ ਅਰਧ ਗੋਲੇ ਵਾਲੇ ਪਾਸੇ ਮੁੱਖ ਲੰਬਕਾਰੀ ਰੇਖਾ ਦੇ ਪੂਰਬ ਅਤੇ ਪੱਛਮੀ ਹਿੱਸਿਆਂ ਵਿਚ ਫੈਲੇ 'ਓਸ਼ੀਆਨੀਆ' ਨਾਂ ਦਾ ਅਜਿਹਾ ਭੂਗੋਲਿਕ ਖੇਤਰ ਹੈ ਜਿਸ ਵਿਚ ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਫਿਜ਼ੀ ਦੇਸ਼ਾਂ ਸਮੇਤ ਅਨੇਕਾਂ ਟਾਪੂਆਂ ਨੂੰ ਸ਼ਾਮਿਲ ਕੀਤਾ ਗਿਆ ਹੈ।

ਪਾਪੂਆ ਨਿਊ ਗਿਨੀਆ ਦੇਸ਼ ਦੀ ਇਕ ਖ਼ਾਸ ਗੱਲ ਇਹ ਹੈ ਕਿ ਇਸ ਦਾ ਇਕ ਹਿੱਸਾ ਪ੍ਰਸ਼ਾਂਤ ਮਹਾਂਸਾਗਰ ਵਿਚ ਸਥਿਤ 'ਰਿੰਗ ਆਫ਼ ਫਾਇਰ' ਨਾਂਅ ਦੇ ਜਵਾਲਾਮੁਖੀਆਂ ਤੋਂ ਪ੍ਰਭਾਵਿਤ ਖੇਤਰ ਨਾਲ ਲੱਗਦਾ ਹੈ, ਇਸ ਲਈ ਇੱਥੇ ਭੂਚਾਲ, ਜਵਾਲਾਮੁਖੀ ਅਤੇ ਸੁਨਾਮੀ ਆਦਿ ਆਉਣ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ। ਇਸ ਤੋਂ ਇਲਾਵਾ ਬਾਕੀ ਆਸਟ੍ਰੇਲੀਆ ਮਹਾਂਦੀਪ ਜਵਾਲਾਮੁਖੀਆਂ ਪੱਖੋਂ ਇਕ ਸ਼ਾਂਤ ਇਲਾਕਾ ਹੈ।

ਆਸਟ੍ਰੇਲੀਆ ਮਹਾਂਦੀਪ ਸਾਰੇ ਪਾਸਿਆਂ ਤੋਂ ਸਮੁੰਦਰਾਂ ਅਤੇ ਮਹਾਂਸਾਗਰਾਂ ਨਾਲ ਘਿਰਿਆ ਹੋਇਆ ਹੈ। ਇਸ ਨੂੰ 'ਦਿ ਲਾਸਟ ਲੈਂਡ' ਭਾਵ ਆਖ਼ਰੀ ਜ਼ਮੀਨ ਦੇ ਨਾਂ ਨਾਲ ਵੀ ਬੁਲਾਇਆ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਯੂਰਪੀ ਲੋਕਾਂ ਵੱਲੋਂ ਖੋਜ ਕੀਤੇ ਗਏ ਮਹਾਂਦੀਪਾਂ ਵਿਚੋਂ ਆਸਟ੍ਰੇਲੀਆ ਸਭ ਤੋਂ ਆਖ਼ਰੀ (ਅੰਟਾਰਕਟਿਕਾ ਨੂੰ ਛੱਡ ਕੇ) ਮਹਾਂਦੀਪ ਸੀ।

ਮਹਾਂਦੀਪ ਦਾ ਸਭ ਤੋਂ ਵੱਡਾ ਦੇਸ਼ ਆਸਟ੍ਰੇਲੀਆ ਹੈ ਜਿਸ ਨੂੰ ਪ੍ਰਸ਼ਾਸਕੀ ਕੰਮਾਂ ਲਈ ਛੇ ਰਾਜਾਂ ਨਿਊ ਸਾਊਥ ਵੇਲਜ਼, ਕਵੀਨਜ਼ਲੈਂਡ, ਦੱਖਣੀ ਆਸਟ੍ਰੇਲੀਆ, ਵਿਕਟੋਰੀਆ, ਪੱਛਮੀ ਆਸਟ੍ਰੇਲੀਆ ਅਤੇ ਤਸਮਾਨੀਆ ਦੇ ਨਾਲ ਤਿੰਨ ਹੋਰ ਅੰਦਰੂਨੀ ਖੇਤਰਾਂ ਵਿਚ ਵੰਡਿਆ ਗਿਆ ਹੈ। ਇਸ ਦੇਸ਼ ਦੀ ਆਬਾਦੀ ਦੀ ਇਕ ਖਾਸ ਗੱਲ ਇਹ ਹੈ ਕਿ ਮਹਿਜ਼ ਦੋ ਫ਼ੀਸਦੀ ਲੋਕ ਹੀ ਇਸ ਦੇਸ਼ ਦੇ ਮੂਲ ਨਿਵਾਸੀ ਹਨ ਜਦ ਕਿ 90 ਫ਼ੀਸਦੀ ਲੋਕਾਂ ਦਾ ਪਿਛੋਕੜ ਯੂਰਪੀ ਦੇਸ਼ਾਂ ਤੋਂ ਹੈ। ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਦੇਸ਼ ਦੀ ਮੌਜੂਦਾ ਅਬਾਦੀ ਦਾ ਇਕ ਚੌਥਾਈ ਹਿੱਸਾ ਅਜਿਹਾ ਹੈ ਜਿਸਦਾ ਕਿ ਜਨਮ ਦੂਸਰੇ ਦੇਸ਼ਾਂ ਵਿਚ ਹੋਇਆ ਸੀ। ਇਸ ਦੇਸ਼ ਦੇ ਕੁੱਲ ਜ਼ਮੀਨੀ ਖੇਤਰ ਦਾ ਜ਼ਿਆਦਾ ਹਿੱਸਾ ਮਾਰੂਥਲ ਹੈ। ਇਸ ਲਈ ਜ਼ਿਆਦਾਤਰ ਅਬਾਦੀ ਕੁਝ ਕੁ ਸ਼ਹਿਰਾਂ ਵਿਚ ਹੀ ਵੱਸੀ ਹੋਈ ਹੈ। ਸਿਡਨੀ, ਮੈਲਬਾਰਨ, ਪਰਥ, ਐਡੀਲੇਡ, ਬਰਿਸਬੇਨ ਅਤੇ ਰਾਜਧਾਨੀ ਕੈਨਬਰਾ ਹੀ ਕੁਝ ਚੋਣਵੇਂ ਸ਼ਹਿਰ ਹਨ ਜਿੱਥੇ ਕੁੱਲ ਆਬਾਦੀ ਦਾ ਵੱਡਾ ਹਿੱਸਾ ਨਿਵਾਸ ਕਰਦਾ ਹੈ। ਆਸਟ੍ਰੇਲੀਆ ਦੇ ਜਲਵਾਯੂ ਭਾਵ ਪੌਣ-ਪਾਣੀ ਵਿਚ ਵੱਡੀ ਭਿੰਨਤਾ ਪਾਈ ਜਾਂਦੀ ਹੈ। ਇਸ ਦੇ ਵਿਕਟੋਰੀਆ, ਤਸਮਾਨੀਆ ਅਤੇ ਨਿਊ ਸਾਊਥ ਵੇਲਜ਼ ਵਿਚ ਬਰਫ਼ਬਾਰੀ ਅਕਸਰ ਵੇਖੀ ਜਾਂਦੀ ਹੈ ਜਦ ਕਿ ਮਾਰੂਥਲੀ ਇਲਾਕਿਆਂ ਵਿਚ ਗਰਮੀਆਂ ਦੇ ਦਿਨਾਂ ਵਿਚ ਦਿਨ ਦਾ ਤਾਪਮਾਨ 50 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ। ਕਵੀਨਜ਼ਲੈਂਡ, ਪੱਛਮੀ ਆਸਟ੍ਰੇਲੀਆ ਅਤੇ ਦੱਖਣੀ ਆਸਟ੍ਰੇਲੀਆ ਦੇ ਸਮੁੰਦਰ ਕੰਢੇ ਇਲਾਕਿਆਂ ਦਾ ਪੌਣਪਾਣੀ ਨਮੀ ਵਾਲਾ ਹੁੰਦਾ ਹੈ। ਆਰਥਿਕ ਪ੍ਰਣਾਲੀ ਪੱਖੋਂ ਆਸਟ੍ਰੇਲੀਆ ਦੇ ਲੋਕਾਂ ਦੀ ਖਰੀਦ ਸ਼ਕਤੀ ਦੇ ਆਧਾਰ 'ਤੇ ਪ੍ਰਤੀ ਵਿਅਕਤੀ ਆਮਦਨ ਕਈ ਵਿਕਸਿਤ ਦੇਸ਼ਾਂ ਜਿਵੇਂ ਬਰਤਾਨੀਆ, ਕੈਨੇਡਾ, ਜਰਮਨੀ ਅਤੇ ਫ਼ਰਾਂਸ ਆਦਿ ਤੋਂ ਵੱਧ ਹੈ। ਇਕ ਸਰਵੇ ਅਨੁਸਾਰ ਰਹਿਣ-ਸਹਿਣ ਪੱਖੋਂ ਇਹ ਦੇਸ਼ ਦੁਨੀਆ ਦੇ ਪਹਿਲੇ ਦੱਸ ਦੇਸ਼ਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਅਜੋਕੇ ਸਮੇਂ ਵਿਚ ਆਸਟ੍ਰੇਲੀਆ ਦੀ ਕੌਮੀ ਆਮਦਨ ਵਿਚ ਸੈਰ ਸਪਾਟੇ ਤੋਂ ਆਉਂਦੀ ਕਮਾਈ ਦੀ ਵੱਡੀ ਭੂਮਿਕਾ ਹੈ। ਇਸ ਦੇਸ਼ ਦੀਆਂ ਸੈਰ-ਸਪਾਟੇ ਦੀਆਂ ਕੁਝ ਦਿਲਚਸਪ ਥਾਵਾਂ ਹਨ ਜਿਵੇਂ ਸਿਡਨੀ ਓਪੇਰਾ ਹਾਊਸ, ਗ੍ਰੇਟ ਬੈਰੀਅਰ ਰੀਫ਼, ਉਲੂਰੂ-ਕਾਟਾ ਕੌਮੀ ਪਾਰਕ ਅਤੇ ਸਿਡਨੀ ਹਾਰਬਰ ਪੁਲ ਆਦਿ ਜੋ ਕਿ ਸੈਲਾਨੀਆਂ ਲਈ ਆਕਰਸ਼ਨ ਦਾ ਕੇਂਦਰ ਬਣੀਆਂ ਰਹਿੰਦੀਆਂ ਹਨ।





ਪਾਪੂਆ ਨਿਊ ਗਿਨੀਆ ਦੇਸ਼ ਵਿਚ ਸਾਫਟਬਾਲ, ਵਾਲੀਬਾਲ, ਕ੍ਰਿਕਟ, ਫੁੱਟਬਾਲ ਅਤੇ ਬਾਸਕਟਬਾਲ ਖੇਡਾਂ ਕਾਫ਼ੀ ਪ੍ਰਚਲਿਤ ਹਨ ਜਦ ਕਿ ਆਸਟ੍ਰੇਲੀਆ ਦੇਸ਼ ਵਿਚ ਕ੍ਰਿਕਟ, ਫੁੱਟਬਾਲ, ਹਾਕੀ, ਬੈਡਮਿੰਟਨ, ਟੇਬਲ ਟੈਨਿਸ ਅਤੇ ਟੈਨਿਸ ਨਾਂ ਦੀਆਂ ਖੇਡਾਂ ਯੋਜਨਾਬੱਧ ਤਰੀਕੇ ਨਾਲ ਖੇਡੀਆਂ ਜਾਂਦੀਆਂ ਹਨ। ਆਸਟ੍ਰੇਲੀਆ ਹੁਣ ਤੱਕ ਦੋ ਵਾਰ ਓਲੰਪਿਕ ਖੇਡਾਂ (ਸੰਨ 1956 ਅਤੇ ਸੰਨ 2000) ਦਾ ਆਯੋਜਨ ਵੀ ਕਰ ਚੁੱਕਾ ਹੈ।

ਆਸਟ੍ਰੇਲੀਆ ਮਹਾਂਦੀਪ ਪੌਦੇ-ਪਸ਼ੂਆਂ ਪੱਖੋਂ ਇਕ ਵਿਲੱਖਣ ਮਹਾਂਦੀਪ ਹੈ। ਇੱਥੇ ਸਫੈਦੇ ਦੇ ਰੁੱਖ ਦੀਆਂ ਸੈਂਕੜੇ ਤਰ੍ਹਾਂ ਦੀਆਂ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ। ਬੱਤਖ਼ ਦੇ ਮੂੰਹ ਵਰਗੇ ਪਲੈਟੀਪਸ ਅਤੇ ਏਕਿਡਨਾ ਜੀਵ, ਜੋ ਕਿ ਆਂਡੇ ਦੇਣ ਵਾਲੇ ਥਣਧਾਰੀ ਜੀਵ ਹਨ ਤੇ ਸਮੁੱਚੇ ਵਿਸ਼ਵ ਵਿਚ ਸਿਰਫ਼ ਪੂਰਬੀ ਆਸਟ੍ਰੇਲੀਆ ਵਿਚ ਹੀ ਪਾਏ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਕੰਗਾਰੂ ਅਤੇ ਕੋਆਲਾ ਜੰਤੂ ਇਸ ਇਲਾਕੇ ਵਿਚ ਮਿਲਣ ਵਾਲੇ ਵਿਸ਼ੇਸ਼ ਪ੍ਰਾਣੀ ਹਨ।

ਉਕਤ ਤੋਂ ਇਲਾਵਾ ਆਸਟ੍ਰੇਲੀਆ ਮਹਾਂਦੀਪ ਦੀਆਂ ਕੁਝ ਦਿਲਚਸਪ ਗੱਲਾਂ ਇਸ ਤਰ੍ਹਾਂ ਹਨ : ਮਹਾਂਦੀਪ ਦੇ ਇਕ ਇਲਾਕੇ ਪਾਪੂਆ ਵਿਚ ਵਿਆਹ ਦੇ ਰੀਤੀ ਰਿਵਾਜ਼ਾਂ ਦੌਰਾਨ ਲਾੜੇ ਦੇ ਪਰਿਵਾਰ ਵੱਲੋਂ ਉਸ ਦੀ ਹੋਣ ਵਾਲੀ ਪਤਨੀ ਦੇ ਪਰਿਵਾਰ ਨੂੰ ਧਨ ਜਾਂ ਜਾਇਦਾਦ ਤੋਹਫ਼ੇ ਵਜੋਂ ਦਿੱਤੀ ਜਾਂਦੀ ਹੈ। ਕੰਗਾਰੂ ਨਾਂ ਦੇ ਜੀਵ ਸਿਰਫ਼ ਆਸਟ੍ਰੇਲੀਆ ਵਿਚ ਹੀ ਮਿਲਦੇ ਹਨ। ਆਸਟ੍ਰੇਲੀਆ ਦੀ 90 ਫ਼ੀਸਦੀ ਆਬਾਦੀ ਸਮੁੰਦਰ ਕੰਢੇ ਦੇ ਰਿਹਾਇਸ਼ੀ ਇਲਾਕਿਆਂ ਵਿਚ ਰਹਿੰਦੀ ਹੈ। ਤਸਮਾਨੀਆ ਇਲਾਕੇ ਦੀ ਹਵਾ ਵਿਸ਼ਵ ਭਰ ਦੇ ਜ਼ਿਆਦਾਤਰ ਇਲਾਕਿਆਂ ਤੋਂ ਸਾਫ਼ ਸੁਥਰੀ ਹੈ। ਆਸਟ੍ਰੇਲੀਆ ਵਿਚ ਭੇਡਾਂ ਦੀ ਗਿਣਤੀ ਮਨੁੱਖਾਂ ਦੀ ਗਿਣਤੀ ਤੋਂ ਤਿੰਨ ਗੁਣਾ ਜ਼ਿਆਦਾ ਹੈ। ਐਮੂ ਨਾਂ ਦਾ ਨਾ-ਉੱਡਣ ਵਾਲਾ ਪੰਛੀ, 45 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਦੌੜਣ ਵਾਲਾ ਜੀਵ, ਇਸ ਇਲਾਕੇ ਦਾ ਨਿਵਾਸੀ ਹੈ। ਆਸਟ੍ਰੇਲੀਆ ਵਿਚ ਹਰ ਸਾਲ ਲਗਪਗ ਇਕ ਲੱਖ ਕਰੋੜ ਬੋਤਲਾਂ ਸ਼ਰਾਬ ਤਿਆਰ ਕੀਤੀ ਜਾਂਦੀ ਹੈ। ਕਵੀਨਜ਼ਲੈਂਡ ਇਲਾਕੇ ਦਾ 'ਫਰੇਜ਼ਰ' ਨਾਂ ਦਾ ਟਾਪੂ ਦੁਨੀਆ ਦਾ ਸਭ ਤੋਂ ਵੱਡਾ ਰੇਤੀਲਾ ਟਾਪੂ ਹੈ। ਹਰ ਸਾਲ 10 ਮਿਲੀਅਨ ਭਾਵ ਇਕ ਕਰੋੜ ਲੋਕ 'ਸਿਡਨੀ ਓਪੇਰਾ ਹਾਊਸ' ਨੂੰ ਵੇਖਣ ਲਈ ਆਉਂਦੇ ਹਨ। ਆਸਟ੍ਰੇਲੀਆ ਵਿਚ ਗਿਆਰਾਂ ਹਜ਼ਾਰ ਦੇ ਕਰੀਬ 'ਬੀਚ' ਭਾਵ ਸਮੁੰਦਰ ਤਟ ਮੌਜੂਦ ਹਨ। ਬਰਿਸਬੇਨ ਵਿਚ ਹਰ ਸਾਲ 'ਕਾਕਰੋਚਾਂ ਦੀ ਦੌੜ' ਦਾ ਆਯੋਜਨ ਕੀਤਾ ਜਾਂਦਾ ਹੈ। ਆਸਟ੍ਰੇਲੀਆ ਵਿਚ ਅਵਾਰਾ ਊਠਾਂ ਦੀ ਗਿਣਤੀ 1.2 ਮਿਲੀਅਨ ਭਾਵ 12 ਲੱਖ ਹੈ। ਇੱਥੇ ਮੱਕੜੀਆਂ ਦੀਆਂ 1500 ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ। ਆਸਟ੍ਰੇਲੀਆਈ ਲੋਕ ਹਰ ਸਾਲ 680 ਬੋਤਲਾਂ ਬੀਅਰ ਪ੍ਰਤੀ ਵਿਅਕਤੀ ਪੀ ਜਾਂਦੇ ਹਨ। ਯੂਨਾਨ ਦੇਸ਼ ਤੋਂ ਬਾਹਰ ਯੂਨਾਨੀ ਲੋਕਾਂ ਦੀ ਸਭ ਤੋਂ ਵੱਡੀ ਗਿਣਤੀ ਮੈਲਬੌਰਨ ਸ਼ਹਿਰ ਵਿਚ ਹੈ। ਆਸਟ੍ਰੇਲੀਆ ਹੀ ਇਕ ਅਜਿਹਾ ਮਹਾਂਦੀਪ ਹੈ ਜਿਸ ਦੀ ਧਰਤੀ ਉੱਪਰ ਵੱਧ ਤੋਂ ਵੱਧ ਤਾਪਮਾਨ 50.7 ਡਿਗਰੀ ਸੈਲਸੀਅਸ ਅਤੇ ਨੀਵੇਂ ਤੋਂ ਨੀਵਾਂ ਤਾਪਮਾਨ ਮਨਫ਼ੀ 23.0 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਸੀ।

# ਰਾਜਸਥਾਨ ਵਿੱਚ ਸਿੱਖ ਵਿਰਾਸਤ ਬਾਰੇ ਖੋਜ ਕਰਨ ਦੀ ਲੋੜ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
98720-74322



ਰਾਜਸਥਾਨ ਦੇ ਰਾਜਪੂਤ ਰਾਜਿਆਂ ਦਾ ਗੁਰੂ ਸਾਹਿਬਾਨ, ਗੁਰੂ ਮਹਿਲ ਮਾਤਾ ਸੁੰਦਰੀ ਜੀ ਅਤੇ ਖ਼ਾਲਸਾ ਪੰਥ ਨਾਲ ਬਹੁਤ ਨੇੜਲਾ ਸਬੰਧ ਰਿਹਾ ਹੈ। ਇਸ ਦੇ ਨਾਲ ਹੀ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜਪੂਤ ਰਾਜਿਆਂ ਨਾਲ ਕੀਤਾ ਗਿਆ ਚਿੱਠੀ-ਪੱਤਰ ਵੀ ਇਤਿਹਾਸ ਦੀਆਂ ਘਟਨਾਵਾਂ ਨੂੰ ਸਮਝਣ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਇਸ ਦ੍ਰਿਸ਼ਟੀ ਤੋਂ ਰਾਜਸਥਾਨ ਦੀ ਸਿੱਖ ਵਿਰਾਸਤ ਨੂੰ ਦੇਖਣ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਕਿ ਸਿੱਖ ਇਤਿਹਾਸ ਨਾਲ ਸਬੰਧਤ ਖੋਜ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕੀਤਾ ਜਾ ਸਕੇ। ਗੁਰਧਾਮਾਂ ਨਾਲ ਸਬੰਧਤ ਪੁਸਤਕਾਂ ਪੜ੍ਹਦਿਆਂ ਅਕਸਰ ਇਹ ਵਿਚਾਰ ਮਨ ਵਿੱਚ ਆਉਂਦਾ ਸੀ ਕਿ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਰਾਜਸਥਾਨ ਦੀ ਯਾਤਰਾ ਕੀਤੀ ਹੈ ਪਰ ਉਨ੍ਹਾਂ ਨਾਲ ਸਬੰਧਤ ਅਸਥਾਨ ਬਹੁਤ ਘੱਟ ਨਜ਼ਰ ਆਉਂਦੇ ਹਨ। ਗੁਰੂ ਨਾਨਕ ਦੇਵ ਜੀ ਜਦੋਂ ਰਾਜਸਥਾਨ ਵਿੱਚੋਂ ਦੀ ਲੰਘੇ ਸਨ ਤਾਂ ਉਨ੍ਹਾਂ ਨੇ ਵੈਸ਼ਣਵ ਅਤੇ ਜੈਨ ਧਰਮ ਦੇ ਆਗੂਆਂ ਨਾਲ ਵਿਚਾਰ-ਚਰਚਾ ਕੀਤੀ ਸੀ। ਬੀਕਾਨੇਰ, ਕੋਲਾਇਤ ਤੇ ਪੋਖਰਨ ਆਦਿ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਅਸਥਾਨ ਬਣੇ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਦੋ ਵਾਰੀ ਰਾਜਸਥਾਨ ਵਿੱਚੋਂ ਲੰਘਣ ਦਾ ਜ਼ਿਕਰ ਇਤਿਹਾਸ ਦੀਆਂ ਪੁਸਤਕਾਂ ਵਿੱਚ ਆਉਂਦਾ ਹੈ। ਪਹਿਲੀ ਵਾਰੀ ਗੁਰੂ ਜੀ ਨੇ ਤਲਵੰਡੀ ਸਾਬੋ ਤੋਂ ਦੱਖਣ ਵੱਲ ਜਾਂਦਿਆਂ ਰਾਜਸਥਾਨ ਵਿੱਚੋਂ ਜਾਣ ਦਾ ਮਾਰਗ ਚੁਣਿਆ ਸੀ। ਦੂਜੀ ਵਾਰੀ ਬਾਦਸ਼ਾਹ ਬਹਾਦਰ ਸ਼ਾਹ ਨਾਲ ਗੁਰੂ ਜੀ ਆਗਰੇ ਤੋਂ ਦੱਖਣ ਵੱਲ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਆਪਣੀ ਪਹਿਲੀ ਯਾਤਰਾ ਦੌਰਾਨ 30 ਅਕਤੂਬਰ 1706 ਨੂੰ ਤਲਵੰਡੀ ਸਾਬੋ ਤੋਂ ਰਵਾਨਾ ਹੋਏ ਦੱਸੇ ਜਾਂਦੇ ਹਨ। 20 ਫਰਵਰੀ 1707 ਨੂੰ ਬਾਦਸ਼ਾਹ ਔਰੰਗਜ਼ੇਬ ਪਰਲੋਕ ਗਮਨ ਕਰ ਜਾਂਦਾ ਹੈ। ਬਾਦਸ਼ਾਹ ਦੀ ਮੌਤ ਦੀ ਖ਼ਬਰ ਲਗਭਗ 8-10 ਦਿਨ ਬਾਅਦ ਗੁਰੂ ਜੀ ਕੋਲ ਪੁੱਜਦੀ ਹੈ, ਉਸ ਸਮੇਂ ਗੁਰੂ ਜੀ ਬਘੌਰ ਵਿਖੇ ਸਨ। ਗੁਰੂ ਜੀ ਤਲਵੰਡੀ ਸਾਬੋ ਤੋਂ ਕੇਵਲ, ਝੋਰੜ, ਝੰਡਾ ਕਲਾਂ, ਸਰਸਾ ਅਤੇ ਮਾਧੋ ਸਿੰਘਾਣਾ ਤੋਂ ਹੁੰਦੇ ਹੋਏ ਰਾਜਸਥਾਨ ਵਿੱਚ ਦਾਖ਼ਲ ਹੋਏ ਸਨ। ਭਾਵੇਂਕਿ ਗੁਰੂ ਜੀ ਲਸ਼ਕਰ ਨਾਲ ਚੱਲ ਰਹੇ ਸਨ ਅਤੇ ਇਸ ਯਾਤਰਾ ਦੌਰਾਨ ਉਹ ਧਰਮ ਪ੍ਰਚਾਰ ਵੀ ਕਰ ਰਹੇ ਸਨ। ਲਗਭਗ ਸਾਢੇ ਤਿੰਨ ਮਹੀਨੇ ਗੁਰੂ ਜੀ ਰਾਜਸਥਾਨ ਵਿਖੇ ਰਹੇ ਹਨ। ਬਘੌਰ ਤੋਂ ਦਿੱਲੀ ਆਉਂਦੇ ਸਮੇਂ ਵੀ ਉਹ ਬਹੁਤਾ ਹਿੱਸਾ ਰਾਜਸਥਾਨ ਵਿੱਚੋਂ ਲੰਘੇ ਦੱਸੇ ਜਾਂਦੇ ਹਨ। ਕੁਝ ਅਸਥਾਨਾਂ ’ਤੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ ਗੁਰਧਾਮ ਸੁਸ਼ੋਭਿਤ ਹਨ ਜਿਵੇਂ ਨੌਹਰ, ਸਹਾਵਾ, ਚੁਰੂ, ਨਰਾਇਣਾ, ਬਘੌਰ, ਭੀਲਵਾੜਾ ਤੇ ਪੁਸ਼ਕਰ ਆਦਿ। ਇਨ੍ਹਾਂ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਬਘੌਰ ਤੋਂ ਦਿੱਲੀ ਵਿਖੇ ਕਿਸ ਮਾਰਗ ਤੋਂ ਆਏ ਸਨ, ਇਸ ਸਬੰਧੀ ਕੋਈ ਬਹੁਤੀ ਜਾਣਕਾਰੀ ਇਤਿਹਾਸ ਦੀਆਂ ਲਿਖਤਾਂ ਵਿੱਚ ਮੌਜੂਦ ਨਹੀਂ ਹੈ। ਗੁਰੂ ਸਾਹਿਬਾਨ ਦੇ ਰਾਜਪੂਤ ਰਾਜਿਆਂ ਨਾਲ ਕਿਹੋ ਜਿਹੇ ਸਬੰਧ ਸਨ ਇਸ ਸਬੰਧੀ ਵਿਸਤ੍ਰਿਤ ਵਿਚਾਰ ਹੋ ਸਕਦੀ ਹੈ। ਸੰਕੇਤ ਮਾਤਰ ਇੰਨਾ ਕਹਿਣਾ ਹੀ ਕਾਫ਼ੀ ਹੈ ਕਿ ਅੰਬੇਰ ਦੇ ਰਾਜਾ ਜੈ ਸਿੰਘ ਦੀ ਬੇਨਤੀ ’ਤੇ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਗਏ ਸਨ। ਦਿੱਲੀ ਵਿਖੇ ਰਾਜੇ ਨੇ ਆਪਣੇ ਬੰਗਲੇ ਵਿੱਚ ਗੁਰੂ ਜੀ ਦਾ ਨਿਵਾਸ ਕਰਵਾਇਆ ਸੀ, ਇਸ ਅਸਥਾਨ ’ਤੇ ਗੁਰਦੁਆਰਾ ਬੰਗਲਾ ਸਾਹਿਬ ਸਸ਼ੋਭਿਤ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਦਰਬਾਰ ਵੱਲੋਂ ਅਸਾਮ ਦੀ ਮੁਹਿੰਮ ’ਤੇ ਭੇਜੇ ਗਏ ਅੰਬੇਰ ਦੇ ਰਾਜਾ ਰਾਮ ਸਿੰਘ ਦੀ ਸਹਾਇਤਾ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਨਿਵਾਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕਰਨ ਉਪਰੰਤ ਸੰਥਿਆ ਕਰਵਾਈ ਸੀ। ਨਿਰੰਤਰ ਸੰਥਯਾ ਸ੍ਰਵਣ ਕਰਨ ਵਾਲੇ 48 ਸਿੱਖਾਂ ਦਾ ਨਾਂ ਸਿੱਖ ਇਤਿਹਾਸ ਵਿੱਚ ਦਰਜ ਹੈ। ਇਨ੍ਹਾਂ ਵਿਚ ਜੈਪੁਰ ਦੇ ਰਾਜਾ ਜੈ ਸਿੰਘ ਅਤੇ ਜੋਧਪੁਰ ਦੇ ਰਾਜਾ ਬਿਸ਼ਨ ਸਿੰਘ ਦਾ ਨਾਂ ਵੀ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਇਨ੍ਹਾਂ ਦੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਦਿੱਲੀ ਵਿਖੇ ਨਿਵਾਸ ਕਰਦੇ ਸਨ। ਦਿੱਲੀ ਵਿਖੇ ਉਨ੍ਹਾਂ ਨੂੰ ਜਦੋਂ ਕੋਈ ਸਮੱਸਿਆ ਨਜ਼ਰ ਆਉਂਦੀ ਤਾਂ ਉਹ ਦਿੱਲੀ ਤੋਂ ਬਾਹਰ ਮਥੁਰਾ ਜਾਂ ਬੁਰਹਾਨਪੁਰ ਵਿਖੇ ਚਲੇ ਜਾਇਆ ਕਰਦੀਆਂ ਸਨ। ਇਕ ਵਾਰੀ ਮਾਤਾ ਸੁੰਦਰੀ ਜੀ ਨੇ ਦੋ ਸਾਲ ਤੋਂ ਵਧੇਰੇ ਸਮਾਂ ਮਥੁਰਾ ਵਿਖੇ ਨਿਵਾਸ ਕੀਤਾ ਸੀ। ਉਸ ਸਮੇਂ ਜੈਪੁਰ ਦੇ ਰਾਜਾ ਜੈ ਸਿੰਘ ਨੇ ਮਾਤਾ ਜੀ ਦੇ ਨਿਵਾਸ ਦਾ ਪ੍ਰਬੰਧ ਕਰਨ ਦੇ ਨਾਲ ਨਾਲ ਲੰਗਰ ਲਈ ਦੋ ਪਿੰਡਾਂ ਦੀ ਜ਼ਮੀਨ ਲਵਾਈ ਦੱਸੀ ਜਾਂਦੀ ਹੈ। ਇਸ ਸਬੰਧੀ ਹੋਰ ਵਧੇਰੇ ਖੋਜ ਕਰਨ ਲਈ ਲੋੜ ਹੈ। ਗੁਰ-ਇਤਿਹਾਸ ਦੀਆਂ ਸ਼ਖ਼ਸੀਅਤਾਂ ਦੇ ਨਾਲ ਨਾਲ ਟਾਂਕ ਜ਼ਿਲ੍ਹੇ ਦੇ ਧੂੰਆਂ ਕਲਾਂ ਵਿਖੇ ਜਨਮੇ ਭਗਤ ਧੰਨਾ ਜੀ ਅਤੇ ਝਾਲਾਵਾੜ ਜ਼ਿਲ੍ਹੇ ਦੇ ਗਗਰੌਨ ਵਿਖੇ ਜਨਮੇ ਭਗਤ ਪੀਪਾ ਜੀ ਵੀ ਰਾਜਸਥਾਨ ਨਾਲ ਸਬੰਧਿਤ ਸਨ। ਇਨ੍ਹਾਂ ਭਗਤਾਂ ਦੇ ਸਥਾਨਕ ਪ੍ਰਭਾਵ ਨਾਲ ਸਬੰਧਤ ਸ਼ਰਧਾ ਅਤੇ ਸਾਖੀਆਂ ਖੋਜ ਦੇ ਵਿਸ਼ੇ ਦਾ ਹਿੱਸਾ ਹਨ। ਸਿੱਖਾਂ ਦੀ ਸੂਰਮਗਤੀ ਦੀਆਂ ਪੈੜਾਂ ਪਾਉਂਦੇ ਕੁਝ ਗੁਰਧਾਮ ਵੀ ਰਾਜਸਥਾਨ ਦੇ ਇਤਿਹਾਸ ਦਾ ਹਿੱਸਾ ਹਨ। ਅਠਾਰਵੀਂ ਸਦੀ ਵਿੱਚ ਸਿੱਖਾਂ ਦੀ ਇੱਕ ਪ੍ਰਮੁੱਖ ਸ਼ਰਨਗਾਹ ਬਣਿਆ ਬੁੱਢਾ ਜੌਹੜ ਇੱਕ ਅਜਿਹਾ ਅਸਥਾਨ ਹੈ ਜਿੱਥੋਂ ਬਾਹਰੀ ਹਮਲਾਵਰਾਂ ਦੀਆਂ ਗਤੀਵਿਧੀਆਂ ’ਤੇ ਨਜ਼ਰ ਰੱਖੀ ਜਾਂਦੀ ਰਹੀ ਹੈ। ਮੱਸਾ ਰੰਘੜ ਦਾ ਸਿਰ ਵੱਢ ਕੇ ਲਿਆਉਣ ਦਾ ਗੁਰਮਤਾ ਕਰਨਾ ਅਤੇ ਉਸ ਨੂੰ ਸਫ਼ਲਤਾਪੂਰਬਕ ਸਿਰੇ ਚੜ੍ਹਾਉਣਾ ਸਿੱਖ ਇਤਿਹਾਸ ਦੀ ਇੱਕ ਮਹੱਤਵਪੂਰਨ ਘਟਨਾ ਹੈ। ਰਾਜਸਥਾਨ ਦੇ ਗੁਰਧਾਮਾਂ ਨਾਲ ਸਬੰਧਤ ਇਤਿਹਾਸ ਦੇ ਪੰਨੇ ਫਰੋਲਣੇ ਹਾਲੇ ਬਾਕੀ ਹਨ। ਸੁਣੀਆਂ-ਸੁਣਾਈਆਂ ਸਾਖੀਆਂ ਦੇ ਆਸਰੇ ਗੁਰਧਾਮਾਂ ਦੇ ਸੇਵਾਦਾਰ ਕੰਮ ਚਲਾ ਰਹੇ ਹਨ। ਯੋਜਨਾਬੱਧ ਤਰੀਕੇ ਨਾਲ ਖੋਜ ਹਾਲੇ ਦੂਰ ਦੀ ਗੱਲ ਜਾਪਦੀ ਹੈ ਪਰ ਇਸ ਨੂੰ ਅਸੰਭਵ ਨਹੀਂ ਕਿਹਾ ਜਾ ਸਕਦਾ।



# ਵੱਡਾ ਘੱਲੂਘਾਰਾ ਕੁੱਪ ਰਹੀੜਾ (ਸੰਗਰੂਰ)

## 27 ਮਾਘ, 9 ਫਰਵਰੀ 1762 'ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਸਿੱਖ ਧਰਮ ਕੁਰਬਾਨੀਆਂ ਦਾ ਇਤਿਹਾਸ ਹੈ, ਜਿਸ ਵਿਚ ਮਾਨਵਤਾ ਦੀ ਭਲਾਈ ਅਤੇ ਧਰਮ ਦੀ ਰੱਖਿਆ ਲਈ ਲਾਸਾਨੀ ਸ਼ਹੀਦੀਆਂ ਦਰਜ ਹਨ। ਇਸ ਲੰਬੇ ਸੰਘਰਸ਼ ਵਿਚ ਸੰਨ 1716 ਵਿਚ ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਨ੍ਹਾਂ ਦੇ ਅੱਠ ਸੌ ਫੌਜੀ ਸਿੰਘਾਂ ਤੇ ਯੋਧਿਆਂ ਜਿਵੇਂ : ਬਾਜ ਸਿੰਘ, ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ, ਆਲੀ ਸਿੰਘ ਅਤੇ ਮਾਲੀ ਸਿੰਘ ਆਦਿ ਦੇ ਦਿੱਲੀ ਵਿਚ ਸ਼ਹੀਦ ਹੋਣ ਤੋਂ ਬਾਅਦ ਸਿੰਘਾਂ ਦੀਆਂ ਸਰਗਰਮੀਆਂ ਵਿਚ ਖੜੋਤ ਆ ਗਈ ਸੀ। ਬਾਬਾ ਵਿਨੋਦ ਸਿੰਘ ਅਤੇ ਕਾਹਨ ਸਿੰਘ ਨੇ ਮੁਗਲ ਹਕੂਮਤ ਨਾਲ ਸਮਝੌਤਾ ਕਰ ਲਿਆ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਚੜ੍ਹਾਵੇ ਕਰਕੇ ਬਾਬਾ ਜੀ ਦੇ ਬੰਦਈ ਪੈਰੋਕਾਰਾਂ ਅਤੇ ਬਾਵਿਆਂ ਨਾਲ ਝਗੜਾ ਹੋਣ ਤੇ ਬਾਵਿਆਂ ਦਾ ਪੱਖ ਭਾਰੂ ਰਿਹਾ। ਜਿਨ੍ਹਾਂ ਨੂੰ ਤੱਤ ਖ਼ਾਲਸਾ ਕਿਹਾ ਜਾਂਦਾ ਸੀ। ਸੰਨ 1721 ਵਿਚ ਮਾਤਾ ਸੁੰਦਰੀ ਜੀ ਵਲੋਂ ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਗ੍ਰੰਥੀ ਨਿਯੁਕਤ ਕੀਤਾ ਗਿਆ।

ਮੁਗਲਾਂ ਦੀ ਚਲਾਕੀ ਜਾਰੀ ਸੀ। ਉਹ ਸਮੇਂ ਸਮੇਂ ਪਿੰਡਾਂ ਵਿਚੋਂ ਸਿੰਘਾਂ ਨੂੰ ਲੱਭ ਲੱਭ ਕੇ ਸ਼ਹੀਦ ਕਰੀ ਜਾਂਦੇ ਸਨ। ਦੀਵਾਲੀ ਦੇ ਮੌਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਸਾਰੇ ਸਿੰਘਾਂ ਦਾ ਇਕੱਠ ਸੱਦਿਆ ਜਾਂਦਾ ਸੀ। ਇਸ ਸਮੇਂ ਇਕੱਠੇ ਹੋਏ ਚੜ੍ਹਾਵੇ ਦੀ ਰਕਮ ਵਿਚੋਂ ਇਕ ਬੱਝੀ ਰਕਮ ਮੁਗਲ ਹਕੂਮਤ ਨੂੰ ਸੁਰੱਖਿਆ ਲਈ ਅਦਾ ਕੀਤੀ ਜਾਂਦੀ ਸੀ। ਸਿੰਘਾਂ 'ਤੇ ਮੁਗਲਾਂ ਵਲੋਂ ਕੀਤੇ ਜਾਂਦੇ ਦਮਨ ਹੇਠ ਦੀਵਾਲੀ ਦੇ ਅਵਸਰ ਤੇ ਦਰਬਾਰ ਸਾਹਿਬ ਵਿਖੇ ਇਕੱਠੀਆਂ ਹੋਣ ਵਾਲੀਆਂ ਸੰਗਤਾਂ ਦੀ ਗਿਣਤੀ ਬਹੁਤ ਘੱਟ ਗਈ। ਸੰਨ 1733 ਵਿਚ ਹਾਲਾਤ ਅਜਿਹੇ ਬਣ ਗਏ ਕਿ ਮੁਗਲ ਹਕੂਮਤ ਨੂੰ ਅਦਾ ਕਰਨ ਜਿੰਨੀ ਰਕਮ ਦੇਣ ਜੋਗਾ ਵੀ ਚੜ੍ਹਾਵਾ ਨਾ ਚੜ੍ਹਿਆ। ਭਾਈ ਮਨੀ ਸਿੰਘ ਜੀ ਨੇ ਰਕਮ ਨਾ ਅਦਾ ਕਰ ਸਕਣ ਦੀ ਮਜਬੂਰੀ ਦੱਸ ਦਿੱਤੀ। ਮੁਗਲ ਹਕੂਮਤ ਨੇ ਇਸੇ ਬਹਾਨੇ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕਟਵਾ ਕੇ ਸ਼ਹੀਦ ਕਰ ਦਿੱਤਾ।

ਸਿੰਘਾਂ ਨੇ ਸੰਸਾਰ ਭਰ ਵਿਚ ਸਭ ਤੋਂ ਲੰਬੀ ਗੁਰੀਲਾ ਜੰਗ ਲੜੀ ਹੈ। ਜੋ ਮਾਰ ਕੇ ਭੱਜ ਜਾਣ ਲਈ ਸਿੰਘ ਜਥੇਬੰਦ ਹੋਣ ਲੱਗੇ। ਸਿੰਘਾਂ ਨੇ ਦਿੱਲੀ ਲੁੱਟ ਕੇ ਪਰਤ ਰਹੀ ਈਰਾਨੀ ਸਮਰਾਟ ਨਾਦਰ ਸ਼ਾਹ ਦੀ ਸੈਨਾ ਦਾ ਸਤਲੁਜ, ਬਿਆਸ ਤੇ ਰਾਵੀ ਦੇ ਪੱਤਣਾਂ ਤੇ ਗੁਰੀਲਾ ਜੰਗ ਵਿਚ ਜਾਨ ਮਾਲ ਦਾ ਨੁਕਸਾਨ ਕੀਤਾ। ਉਸ ਨੇ ਜਾਣ ਲਿਆ ਸੀ ਕਿ ਇਸ ਕੌਮ ਦੀ ਹਕੂਮਤ ਆਵੇਗੀ।

ਸੰਨ 1748 ਨੂੰ ਮਾਲਵੇ ਵਿਚ ਸਿੰਘਾਂ ਨੇ ਆਪਣੀ ਵਧਦੀ ਜਾਂਦੀ ਫੌਜੀ ਸ਼ਕਤੀ ਨਾਲ ਚੌਧਰੀ ਆਲਾ ਸਿੰਘ ਨੇ ਪਟਿਆਲਾ ਅਤੇ ਬਰਨਾਲਾ ਵਿੱਚ ਕਾਰਲੇ ਖੇਤਰ ਵਿੱਚ ਆਪਣਾ ਅਧਿਕਾਰਤ ਰਾਜ ਸਥਾਪਤ ਕਰ ਲਿਆ। ਨਾਦਰ ਸ਼ਾਹ ਦੇ ਕਤਲ ਤੋਂ ਬਾਅਦ ਈਰਾਨੀ ਸਹਿਨਸ਼ਾਹੀਆਂ ਦੀ ਵਾਗਡੋਰ ਇਕ ਅਫ਼ਗਾਨੀ ਸਾਲਾਰ ਅਹਿਮਦ ਸ਼ਾਹ ਦੁਰਾਨੀ ਅਬਦਾਲੀ ਦੇ ਹੱਥ ਆ ਗਈ। ਉਸ ਨੇ 1743-1763 ਤੱਕ ਪੰਜਾਬ ਅਤੇ ਦਿੱਲੀ 'ਤੇ ਜਬਰਦਸਤ ਹੱਲੇ ਕੀਤੇ। ਚੌਧਰੀ ਆਲਾ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸੁਨਾਮ ਦੇ ਕਿਲੇ ਵਿੱਚ ਕੈਦ ਕਰ ਲਿਆ ਗਿਆ। ਪਰ ਚੌਧਰੀ ਆਲਾ ਸਿੰਘ ਕਿਲੇ ਵਿੱਚੋਂ ਨਿਕਲ ਗਿਆ ਅਤੇ ਉਸ ਨੇ ਇਕ ਲੱਖ ਰੁਪਿਆ ਹਰਜਾਨਾ ਦੇ ਕੇ ਆਪਣੀ ਰਾਜ ਸ਼ਕਤੀ ਨੂੰ ਬਹਾਲ ਕਰ ਲਿਆ।

ਅਹਿਮਦ ਸ਼ਾਹ ਅਬਦਾਲੀ ਨੇ ਲਾਹੌਰ ਅਤੇ ਸਰਹਿੰਦ ਦੇ ਸੂਬਿਆਂ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਪਰ ਸਿੰਘਾਂ ਦਾ ਸੰਘਰਸ਼ ਜਾਰੀ ਸੀ। ਇਸ ਲਈ ਅਬਦਾਲੀ ਨੇ ਪੰਜਾਬ ਤੇ ਹੱਲੇ ਕੀਤੇ। ਇਨ੍ਹਾਂ ਹੱਲਿਆਂ ਵਿੱਚ ਸਿੰਘਾਂ ਨੂੰ ਦੋ ਵਾਰ ਭਾਰੀ ਨੁਕਸਾਨ ਉਠਾਉਣਾ ਪਿਆ। ਇਕ ਵਾਰੀ 1757 ਵਿੱਚ ਕਾਹਨੂੰਵਾਨ (ਗੁਰਦਾਸਪੁਰ), ਇਸ ਜੰਗ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। ਇਸ ਜੰਗ ਵਿਚ ਸਿੰਘਾਂ ਨਾਲ ਲੜਨ ਵਾਲਾ ਸਾਲਾਰ ਐਮਨਾਬਾਦ ਦਾ ਦੀਵਾਨ ਲਖਪਤ ਰਾਇ ਸੀ।

5 ਫਰਵਰੀ 1762 ਨੂੰ ਅਹਿਮਦ ਸ਼ਾਹ ਦੁਰਾਨੀ/ਅਬਦਾਲੀ ਅਤੇ ਖ਼ਾਲਸੇ ਵਿਚਕਾਰ ਜੰਗ ਹੋਈ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ। ਜਿਸ ਵਿਚ ਅਬਦਾਲੀ 60 ਹਜ਼ਾਰ ਦੀ ਫੌਜ ਲੈ ਕੇ ਪੰਜਾਬ 'ਤੇ ਚੜ੍ਹ ਆਇਆ। ਸਿੰਘਾਂ ਨੇ ਆਪਣੀ ਜੰਗੀ ਵਿਊਂਤਬੰਦੀ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੱਕਰਚਾਰੀਆ ਨੇ 3 ਫਰਵਰੀ 1762 ਨੂੰ ਲਾਹੌਰ ਛੱਡ ਦਿੱਤਾ, ਉਹ ਦੁਆਬੇ ਵਿਚੋਂ ਨਿਕਲ ਕੇ ਮੁਕਤਸਰ, ਬਠਿੰਡਾ, ਗੰਗਾਨਗਰ (ਰਾਜਸਥਾਨ) ਦੇ ਇਲਾਕੇ ਜਿਸ ਨੂੰ ਲੱਖੀ ਜੰਗਲ ਵੀ ਕਿਹਾ ਜਾਂਦਾ ਹੈ, ਵੱਲ ਵਧੇ। ਉਸ ਸਮੇਂ ਖ਼ਾਲਸੇ ਦੀ ਗਿਣਤੀ 40,000 ਸੀ। ਸਿੰਘ ਕਾਫਲਾ ਬਣਾ ਕੇ ਤੁਰ ਪਏ ਸਨ ਜਿਸ ਵਿਚ ਬੱਚੇ, ਬੁੱਢੇ ਅਤੇ ਇਸਤਰੀਆਂ ਸਨ। ਅਹਿਮਦ ਸ਼ਾਹ ਹੁਣ ਉਨ੍ਹਾਂ ਦਾ ਖੁਰਾ ਖੋਜ ਮਿਟਾਉਣ ਤੇ ਤੁਲਿਆ ਹੋਇਆ ਸੀ। ਸਿੰਘ ਪਰਿਵਾਰਾਂ ਨੂੰ ਸੁਰੱਖਿਅਤ ਬੀਕਾਨੇਰ ਪਹੁੰਚਾਉਣਾ ਚਾਹੁੰਦੇ ਸਨ। ਸਿੰਘਾਂ ਨੇ ਮਲੇਰਕੋਟਲੇ ਦੇ ਕੋਲ ਕੁੱਪ ਰਹੀੜੇ ਜਾ ਡੇਰੇ ਲਾਏ। ਜੈਨ ਖਾਨ ਸੂਬੇਦਾਰ ਸਰਹਿੰਦ ਅਤੇ ਭੀਖਣ ਸ਼ਾਹ, ਸੂਬੇਦਾਰ ਮਲੇਰਕੋਟਲਾ ਵੀ ਆਣ ਵਧੇ। ਸਿੰਘਾਂ ਨੇ ਇਨ੍ਹਾਂ ਹਮਲਿਆਂ ਦਾ ਟਾਕਰਾ ਬੜੀ ਬਹਾਦਰੀ ਨਾਲ ਕੀਤਾ।

ਹਮਲੇ ਵਾਲੇ ਦਿਨ 8 ਫਰਵਰੀ, 1762 ਨੂੰ ਅਬਦਾਲੀ ਵੀ 30,000 ਘੋੜ ਸਵਾਰ ਦੀ ਫੌਜ ਨਾਲ ਹਮਲੇ ਵਿਚ ਪਹੁੰਚ ਗਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੱਕਰਚੱਕੀਆ ਨੇ ਅਜਿਹੀ



ਰਣਨੀਤੀ ਬਣਾਈ ਕਿ ਕਾਫ਼ਲੇ ਨੂੰ ਬਚਾਉਣਾ ਹੈ ਅਤੇ ਦੁਸ਼ਮਣ ਨਾਲ ਲੜਨਾ ਵੀ ਹੈ। ਇਸੇ ਢੰਗ ਨਾਲ ਉਹ ਬਰਨਾਲੇ ਵਲ ਵਧੇ। ਦੁਸ਼ਮਣ ਦੀਆਂ ਫੌਜਾਂ ਵਿਚ ਲਛਮੀ ਸਹਾਏ, ਦੀਵਾਨ ਰਾਏਕੋਟ ਵੀ ਆਪਣੀ ਫੌਜ ਨਾਲ ਪਹੁੰਚਿਆ। ਸਿੰਘ ਚਾਰੇ ਪਾਸਿਆਂ ਤੋਂ ਘਿਰ ਚੁੱਕੇ ਸਨ। ਸਿੰਘਾਂ ਨੂੰ ਘੋਰ ਜੰਗ ਲੜਨਾ ਪਿਆ। ਸਿੰਘ ਫੈਸਲਾਕੁੰਨ ਜੰਗ ਹੇਠ ਸਿਰਧੜ ਦੀ ਬਾਜੀ ਲਾ ਕੇ ਜੰਗ ਦੇ ਮੈਦਾਨ ਵਿਚ ਜੂਝਣ ਲੱਗੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ, ਚੜ੍ਹਤ ਸਿੰਘ ਸ਼ੱਕਰਚੱਕੀਆ, ਡੱਲੇਵਾਲੀਆ ਅਤੇ ਸਰਦਾਰ ਨਿਸ਼ਾਨ ਸਿੰਘ ਵਾਲੀਆ ਦੀਆਂ ਫੌਜਾਂ ਦੁਸ਼ਮਣਾਂ ਨਾਲ ਜੂਝ ਰਹੀਆਂ ਸਨ। ਜਦੋਂ ਸਿੰਘ ਗਹਿਗੱਚ ਜੰਗ ਵਿਚ ਰੁੱਝੇ ਹੋਏ ਸਨ ਤਾਂ ਅਬਦਾਲੀ ਦੀ ਫੌਜ ਨੇ ਤਾੜ ਕੇ ਧੋਖੇ ਨਾਲ ਅੱਗੇ ਜਾ ਕੇ ਕਾਫ਼ਲੇ ਤੇ ਹਮਲਾ ਕਰ ਦਿੱਤਾ। ਉਸ ਨੇ ਵੱਡੀ ਗਿਣਤੀ ਵਿਚ ਕਤਲੇਆਮ ਸ਼ੁਰੂ ਕਰ ਦਿੱਤਾ। ਉਪਰੋਂ ਸਿੰਘ ਵੀ ਕਾਫਲੇ ਦੀ ਹਿਫਾਜਤ ਲਈ ਪਹੁੰਚ ਗਏ। ਸਿੰਘ ਕਾਫ਼ਲੇ ਦੇ ਦੁਆਲੇ ਸੁਰੱਖਿਆ ਚੱਕਰਨੁੰਮਾ ਫੌਜੀ ਕਿਲਾ ਬਣਾ ਕੇ ਜੂਝ ਰਹੇ ਸਨ। ਸ਼ਾਮ ਤੱਕ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ। ਇਸ ਆਹਮੋ ਸਾਹਮਣੇ ਦੀ ਜੰਗ ਵਿਚ ਸਿੰਘਾਂ ਦਾ ਕਾਫ਼ੀ ਜਾਨੀ ਨੁਕਸਾਨ ਹੋਇਆ। ਸਿੰਘਾਂ ਨੂੰ ਸਾਹਮਣਾ ਕਰਨਾ ਮੁਸ਼ਕਲ ਹੋ ਗਿਆ। ਮੀਲਾਂ ਤੱਕ ਲਾਸ਼ਾਂ ਦੇ ਢੇਰ ਲੱਗ ਗਏ। ਸਿੰਘਾਂ ਦਾ ਏਨਾ ਨੁਕਸਾਨ ਕਿਸੇ ਹੋਰ ਜੰਗ ਵਿਚ ਨਹੀਂ ਹੋਇਆ। ਸਿੰਘ ਰੱਬ ਦੇ ਭਾਣੇ ਵਿੱਚ ਰਹਿ ਕੇ ਨਿਸ਼ਚੈ ਅਤੇ ਚੜ੍ਹਦੀ ਕਲਾ ਵਿਚ ਸਨ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੱਕਰਚੱਕੀਆ ਦੇ ਸਰੀਰਾਂ ਤੇ ਅਨੇਕਾਂ ਜ਼ਖਮਾਂ ਦੇ ਨਿਸ਼ਾਨ ਸਨ। ਇਸ ਜੰਗ ਵਿਚ ਹਰ ਯੋਧਾ ਜਖ਼ਮੀ ਸੀ। ਵੱਡੇ ਘੱਲੂਘਾਰੇ ਵਿਚ 7000 ਸਿੰਘਾਂ ਨੇ ਸ਼ਹੀਦੀਆਂ ਪਾਈਆਂ।

ਸਿੰਘਾਂ ਨੇ ਜਾਣ ਲਿਆ ਕਿ ਦੁਸ਼ਮਣ ਦੀ ਮਾਰ ਤੋਂ ਬਚਣਾ ਮੁਸ਼ਕਲ ਹੈ। ਇਸ ਲਈ ਜੰਗ ਵਿਚ ਜੂਝ ਕੇ ਸ਼ਹੀਦ ਹੋਣਾ ਹੀ ਬੇਹਤਰ ਹੈ। ਸਿੰਘਾਂ ਨੇ ਪੂਰੀ ਵਾਹ ਲਾ ਕੇ ਤਕੜਾ ਹਮਲਾ ਕੀਤਾ। ਇਹ ਇਕ ਬੇਮਿਸਾਲ ਦਲੇਰੀ ਦੀ ਜੰਗ ਸੀ। ਅਬਦਾਲੀ ਦੀ ਫੌਜ ਦਾ ਵੀ ਪੂਰਾ ਜ਼ੋਰ ਲੱਗ ਚੁੱਕਾ ਸੀ। ਸਿੰਘਾਂ ਨੇ ਅਬਦਾਲੀ ਦੀ ਫੌਜੀ ਦੀ ਵੱਡੀ ਗਿਣਤੀ ਨੂੰ ਮਾਰ ਮੁਕਾਇਆ। ਇਸ ਘਮਸਾਨ ਦੀ ਜੰਗ ਵਿਚ ਅਬਦਾਲੀ ਦੇ ਪੈਰ ਥਿੜਕ ਗਏ। ਸੀਸ ਤਲੀ ਤੇ ਧਰ ਕੇ ਲੜਨ ਵਾਲੇ ਸਿੰਘਾਂ ਨੇ ਅਬਦਾਲੀ ਦੇ ਵੱਡੇ ਵੱਡੇ ਜਰਨੈਲਾਂ ਨੂੰ ਮਾਰ ਮੁਕਾਇਆ। ਅਬਦਾਲੀ ਦੇ ਫੌਜੀ ਸਿੰਘਾਂ ਦੀ ਦਲੇਰੀ ਅਤੇ ਜੰਗੀ ਪੈਂਤੜੇ ਨੂੰ ਵੇਖ ਕੇ ਝਾੜੀਆਂ ਵਿਚ ਲੁਕ ਲੁਕ ਕੇ ਜਾਨ ਬਚਾਉਣ ਲਈ ਭੱਜਣ ਲੱਗੇ। ਉਹ ਸੋਚਦੇ ਸਨ ਕਿ ਇਹ ਮਨੁੱਖ ਜਾਂ ਕੋਈ ਫੌਲਾਦ ਦੀ ਮਸ਼ੀਨ।

ਸਿੰਘ ਲੜਦੇ ਲੜਦੇ ਮਰਦੇ ਮਾਰਦੇ ਕੁਤਬ ਬਾਹਮਣੀਆਂ ਪਹੁੰਚ ਗਏ ਸਨ। ਸਿੰਘਾਂ ਨੇ ਢਾਬ ਤੋਂ ਪਾਣੀ ਪੀਤਾ ਅਤੇ ਢਾਬ ਤੇ ਕਬਜਾ ਕਰ ਲਿਆ। ਦੁਸ਼ਮਣ ਦੀ ਫੌਜ ਵੀ ਪਾਣੀ ਵਲ ਵਧੀ, ਸਿੰਘਾਂ ਨੇ ਰੋਕ ਲਿਆ। ਸਿੰਘਾਂ ਨੇ ਕਾਫ਼ਲੇ ਵਹੀਰ ਨੂੰ ਸੁਰੱਖਿਅਤ ਜਾਣ ਦਾ ਮੌਕਾ ਦਿੱਤਾ ਕਿ ਰਾਹ ਪੱਧਰਾ ਕਰ ਲਿਆ। ਸ਼ਾਮ ਹੋ ਚੁੱਕੀ ਸੀ। ਸਿੰਘ ਖਿੰਡ-ਪੁੰਡ ਚੁੱਕੇ ਸਨ। ਰਾਤ ਪੈ ਜਾਣ ਤੇ ਅਬਦਾਲੀ ਆਪਣੇ ਕੁਝ ਸਾਲਾਰਾਂ ਨੂੰ ਸਿੰਘਾਂ ਦਾ ਪਿੱਛਾ ਕਰਨ ਲਈ ਛੱਡ ਗਿਆ ਅਤੇ ਆਪ ਮਲੇਰਕੋਟਲਾ ਚਲਾ ਗਿਆ। ਅਹਿਮਦ ਸ਼ਾਹ ਦੇ ਸਲਾਰਾਂ ਨੇ ਵੀ ਸਿੰਘਾਂ ਦਾ ਬਹੁਤੀ ਦੇਰੀ ਪਿੱਛਾ ਨਾ ਕੀਤਾ। ਖਿੰਡੇ ਪੁੰਡੇ ਸਿੰਘ ਰਾਤੋ ਰਾਤ ਪਿੰਡਾਂ ਵਿਚ ਦੀ ਕਈ ਜਥਿਆਂ ਤੇ ਇਕੱਲੇ ਦੁਕੱਲੇ ਬਰਨਾਲਾ ਪਹੁੰਚ ਗਏ। ਜਿੱਥੇ ਆਲਾ ਸਿੰਘ ਕੋਲ ਜਾ ਠਹਿਰੇ।

ਇਹ ਜੰਗ ਸਿੰਘਾਂ ਦੀ ਦਲੇਰੀ ਦੀ ਹੈਰਾਨਕੁੰਨ ਮਿਸਾਲ ਹੈ ਜੋ ਸਿੰਘਾਂ ਨੇ ਚੜ੍ਹਦੀ ਕਲਾ ਵਿਚ ਰਹਿ ਕੇ ਜੰਗ ਦੇ ਮੈਦਾਨ ਵਿਚ ਜੂਝ ਕੇ ਸ਼ਹੀਦ ਹੋਣ ਦਾ ਨਿਸ਼ਚਾ ਰੱਖਿਆ। ਇਸ ਵੱਡੇ ਘੱਲੂਘਾਰੇ ਦੀ ਜੰਗ ਵਿਚ 30,000 ਸਿੰਘ ਇਕ ਹੀ ਦਿਨ ਵਿਚ ਸ਼ਹੀਦ ਹੋਏ। ਫਿਰ ਵੀ ਤੁਰਕਾਂ ਨੇ ਜਾਣ ਲਿਆ ਕਿ ਸਿੰਘਾਂ ਨਾਲ ਟੱਕਰ ਲੈਣੀ ਆਸਾਨ ਨਹੀਂ ਹੈ।

ਇਸ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਕਾਬਲ ਵਿਚ ਉੱਠੇ ਝਗੜਿਆਂ ਕਾਰਨ ਪੰਜਾਬ ਤੇ ਹੋਰ ਹੱਲੇ ਨਾ ਕੀਤੇ। ਸਿੰਘਾਂ ਨੇ 1763 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਲਾਹੌਰ ਤੇ ਕਬਜਾ ਕਰ ਲਿਆ। ਹੁਣ ਕਰਨਾਲ ਤੋਂ ਲੈ ਕੇ ਵਜੀਰਾਬਾਦ ਗੁਜਰਾਤ ਤੱਕ ਸਿੰਘਾਂ ਦਾ ਅਧਿਕਾਰ ਸਥਾਪਤ ਹੋ ਚੁੱਕਾ ਸੀ। ਮੁਗਲ ਅਤੇ ਅਫ਼ਗਾਨ ਫੌਜਦਾਰ ਸਿੰਘਾਂ ਦੀ ਈਨ ਮੰਨਣ ਲੱਗ ਪਏ ਕਿ ਉਹ ਲੜ ਕੇ ਥੱਕ ਚੁੱਕੇ ਸਨ। ਸਿੰਘਾਂ ਨੇ ਜੈਨ ਖਾਨ ਸਰਹਿੰਦ ਤੇ ਹਮਲਾ ਕੀਤਾ ਅਤੇ ਉਸ ਤੋਂ 50,000 ਸਲਾਨਾ ਦੀ ਰਾਖੀ ਵਸੂਲ ਕੀਤੀ। ਸਿੰਘਾਂ ਨੇ ਅਬਦਾਲੀ ਨੂੰ ਅੰਮ੍ਰਿਤਸਰ ਤੋਂ ਭਜਾ ਦਿੱਤਾ। ਇਸ ਤਰ੍ਹਾਂ ਘੱਲੂਘਾਰਿਆਂ ਦੀਆਂ ਸ਼ਹੀਦੀਆਂ ਅਤੇ ਜਿੱਤਾਂ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹਨ। ਜਿਨ੍ਹਾਂ ਨੇ ਸਿੱਖ ਸੰਘਰਸ਼ ਤੋਂ ਖ਼ਾਲਸਾ ਰਾਜ ਤੱਕ ਦੀਆਂ ਨੀਂਹਾਂ ਪੱਕੀਆਂ ਕੀਤੀਆਂ।

ਸਿੱਖ ਧਰਮ ਦੀ ਮੌਲਿਕ ਵਿਚਾਰਧਾਰਾ ਨੇ ਸਮਾਜ ਵਿਚ ਇਨਕਲਾਬ ਲਿਆਂਦਾ, ਸਮਾਜ ਨੂੰ ਅਧਿਆਤਮਕ ਤੌਰ 'ਤੇ ਨਾਮ ਜਪਣ, ਕ੍ਰਿਤ ਕਰਨ ਅਤੇ ਵੰਡ ਛਕਣ ਦੇ ਬੁਨਿਆਦੀ ਸਿਧਾਂਤ ਨਾਲ ਜੋੜਿਆ। ਚੜ੍ਹਦੀ ਕਲਾ ਵਿਚ ਰਹਿ ਕੇ ਜਿਊਣ ਦੀ ਜਾਚ ਸਿਖਾਈ। ਮੀਰੀ ਪੀਰੀ ਦੇ ਸੰਤ ਸਿਪਾਹੀ ਸਿਧਾਂਤ ਨਾਲ ਵੀ ਜੋੜਿਆ। ਸਿੱਖ ਕੌਮ ਵਿਚ ਧਾਰਮਿਕ ਅਤੇ ਰਾਜਸੀ ਚੇਤਨਾ ਆਈ। ਅੰਮ੍ਰਿਤ ਦੀ ਦਾਤ ਨੇ ਫੌਜੀ ਖ਼ਾਲਸਾ ਤਿਆਰ ਕੀਤਾ। ਜਿਸ ਨੇ ਧਰਮ ਯੁੱਧ ਵਿੱਚ ਲਾਸਾਨੀ ਸ਼ਹੀਦੀਆਂ ਦਰਜ ਕੀਤੀਆਂ। ਸਿੰਘਾਂ ਵਿਚ ਨਿਸ਼ਚੇ ਕਰ ਆਪਣੀ ਜੀਤ ਕਰੂੰ ਦਾ ਜੋਸ਼ ਭਰਿਆ। ਹਰ ਮੈਦਾਨੇ ਜੰਗ ਵਿਚ ਖ਼ਾਲਸਾ ਜਾਹੋ ਜਲਾਲ ਨਾਲ ਲੜਿਆ,

# ਮਸੀਹੀਅਤ ਅਤੇ ਥਿਆਲੋਜੀ : ਹਰਦੇਵ ਸਿੰਘ ਦੀ ਰਚਨਾ ਦੀ ਸਮੀਖਿਆ

ਡਾ. ਬਲਦੇਵ ਸਿੰਘ ਕੰਦੋਲਾ, ਪੰਜਾਬੀ ਵਿਕਾਸ ਮੰਚ ਯੂ.ਕੇ.

**ਅੰਤਿਮ ਕਿਸ਼ਤ**




(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

4. ਰੂੜ੍ਹੀਵਾਦੀ (conservative), ਉਦਾਰਵਾਦੀ (liberal) ਅਤੇ ਉੱਗਰਵਾਦੀ (radical)

ੳ. ਰੂੜ੍ਹੀਵਾਦੀ ਥਿਆਲੋਜੀ ਵਿੱਚ ਪਰੰਪਰਾ ਨੂੰ ਥਿਰ ਰੱਖਣ ਦੇ ਯਤਨ ਕੀਤੇ ਜਾਂਦੇ ਹਨ। ਇਸ ਵਿੱਚ ਸ਼ਾਮਲ ਹਨ : ਮਸੀਹੀ ਵਿਸ਼ਵਾਸ, ਧਾਰਨਾਵਾਂ, ਅਧਿਐਨ ਜੁਗਤਾਂ, ਸਿਰਜਕ ਤੱਤ, ਭਾਸ਼ਾ ਅਤੇ ਸੰਸਥਾਵਾਂ।

ਅ. ਉਦਾਰਵਾਦੀ ਥਿਆਲੋਜੀ ਵਿੱਚ ਪਰੰਪਰਾ ਦੇ ਮਹੱਤਵ ਨੂੰ ਪ੍ਰਵਾਨ ਕਰਦਿਆਂ ਬਦਲੇ ਹੋਏ ਹਾਲਾਤ ਅਨੁਸਾਰ ਇਸ ਵਿੱਚ ਨਵੇਂ ਗਿਆਨ-ਵਿਗਿਆਨ ਦੇ ਅਨੁਸ਼ਾਸਨਾਂ ਦੀ ਯੋਗ ਸਹਾਇਤਾ ਲੈਣ ਅਤੇ ਇਨ੍ਹਾਂ ਲਈ ਬਾਈਬਲ ਅੱਖਰ-ਅੱਖਰ ਪਵਿੱਤਰ ਨਹੀਂ ਸਗੋਂ ਹੋਰ ਪੁਸਤਕਾਂ ਵਾਂਗ ਇੱਕ ਪੁਸਤਕ ਹੀ ਹੈ।

ੲ. ਉਗਰਵਾਦੀ ਥਿਆਲੋਜੀਕਾਰਾਂ ਦਾ ਮੰਨਣਾ ਹੈ ਕਿ ਮਸੀਹੀਅਤ ਅੰਦਰ ਪਰੰਪਰਾਗਤ ਤੌਰ 'ਤੇ ਜਿਸ ਰੱਬ ਦੀ ਚਰਚਾ ਹੁੰਦੀ ਰਹੀ ਹੈ ਹੁਣ ਉਹ ਅਰਥਹੀਣ ਹੋ ਚੁੱਕਿਆ ਹੈ। ਇਸ ਦੀ ਥਾਂ ਹੁਣ ਸਿਰਫ ਈਸਾ ਨਾਲ ਹੀ ਕੰਮ ਚਲਾਇਆ ਜਾ ਸਕਦਾ ਹੈ। ਈਸਾ ਜੋ ਕਿਸੇ ਰੱਬ ਦਾ ਭੇਜਿਆ ਹੋਇਆ ਮਸੀਹਾ ਨਹੀਂ ਸਗੋਂ ਇੱਕ ਮਨੁੱਖ ਹੈ। ਇੱਕ ਆਦਰਸ਼ ਮਨੁੱਖ ਜਿਸ ਪਾਸੋਂ ਹਰੇਕ ਮਨੁੱਖ ਪ੍ਰੇਰਨਾ ਲੈ ਸਕਦਾ ਹੈ।

7 ਮਸੀਹੀ ਥਿਆਲੋਜੀ : ਸਿਰਜਕ ਤੱਤ, ਸੰਕਲਪ ਅਤੇ ਸੰਸਕਾਰ

ਥਿਆਲੋਜੀ ਦੇ ਸਿਰਜਕ ਤੱਤਾਂ ਨੂੰ ਸਮਝਣਾ ਜ਼ਰੂਰੀ ਹੈ। ਆਮ ਮੰਨੇ ਜਾਂਦੇ ਤੱਤ ਇਸ ਪ੍ਰਕਾਰ ਹਨ : ਅਨੁਭਵ (experience), ਇਲਹਾਮ (revelation), ਪਵਿੱਤਰ ਗ੍ਰੰਥ (scriptures), ਪਰੰਪਰਾ (tradition), ਸਭਿਆਚਾਰ (culture) ਅਤੇ ਤਰਕ (reason) ਇਨ੍ਹਾਂ ਸਾਰੇ ਤੱਤਾਂ ਨੂੰ ਸਮੁੱਚੇ ਤੌਰ ਤੇ ਲੈ ਕੇ ਹੀ ਥਿਆਲੋਜੀ ਨੂੰ ਸਮਝਿਆ ਜਾ ਸਕਦਾ ਹੈ। ਇਨ੍ਹਾਂ ਨੂੰ ਇੱਕ ਦੂਸਰੇ ਤੋਂ ਨਿਖੇੜਿਆ ਨਹੀਂ ਜਾ ਸਕਦਾ।

**ਬਾਈਬਲ**

ਮਸੀਹੀਅਤ ਅੰਦਰ ਬਾਈਬਲ ਇੱਕ ਖਾਸ ਮਹੱਤਤਾ ਰੱਖਦੀ ਹੈ। ਜੇਮਸ ਮੈਸੀ ਅਨੁਸਾਰ – ਪਵਿੱਤਰ ਬਾਈਬਲ ਅਸਲ ਵਿੱਚ ਮਸੀਹੀਅਤ ਦੇ ਹੋਰ ਸਿਧਾਂਤ, ਨੇਮ ਅਤੇ ਵਿਚਾਰ ਲਈ ਲਿਖਤੀ ਆਧਾਰ ਹੈ।' ਮਸੀਹੀ ਥਿਆਲੋਜੀ ਲਈ ਬਾਈਬਲ ਦਾ ਨੇੜਲਾ ਅਤੇ ਹਾਂ-ਵਾਚੀ ਸਬੰਧ ਲਾਜ਼ਮੀ ਹੈ। ਪਰ ਇਹ ਵੀ ਹਕੀਕਤ ਹੈ ਕਿ ਮਸੀਹੀ ਥਿਆਲੋਜੀ ਆਪਣੇ ਆਪ ਨੂੰ ਸਿਰਫ ਬਾਈਬਲ ਤੱਕ ਹੀ ਸੀਮਤ ਨਹੀਂ ਰੱਖ ਸਕਦੀ। ਦੂਸਰੇ ਤੱਤਾਂ ਦੀ ਅਹਿਮੀਅਤ ਵੀ ਇੰਨੀ ਹੀ ਜਰੂਰੀ ਹੈ। ਬਾਈਬਲ ਦੀਆਂ ਸਿੱਖਿਆਵਾਂ ਦਾ ਲੇਖਾ ਜੋਖਾ ਕਰਨਾ ਵੀ ਕਾਫੀ ਮਹੱਤਤਾ ਰੱਖਦਾ ਹੈ।

**ਪਰੰਪਰਾ**

ਪਰੰਪਰਾ ਉਹ ਅਮਲ ਹੈ ਜੋ ਵਿਚਾਰ ਅਤੇ ਸਿਧਾਂਤ ਨੂੰ ਅੱਗੇ ਪਹੁੰਚਾਉਂਦਾ ਜਾਂ ਭੇਦ ਖੋਲ੍ਹਦਾ ਹੈ। ਇਹ ਲੰਮੇ ਸਮੇਂ ਤੋਂ ਚਲੀ ਆਉਂਦੀ ਵਿਚਾਰ ਅਤੇ ਅਮਲ ਦੀ ਸ਼ੈਲੀ ਸਾਨੂੰ ਸਮਾਜ ਦੇ ਪੁਰਖਿਆਂ ਨਾਲ ਜੋੜਦੀ ਹੈ। ਇਸ ਪਰੰਪਰਾ ਤੋਂ ਭਾਵ ਉਹ ਨੇਮ, ਵਿਚਾਰ ਅਤੇ ਅਮਲ ਹੁੰਦੇ ਹਨ ਜੋ ਧਰਮ ਗ੍ਰੰਥਾਂ ਵਿੱਚ ਸ਼ਾਮਲ ਨਹੀਂ ਹੁੰਦੇ। ਮਸੀਹੀ ਪਰੰਪਰਾ ਵਿੱਚ ਚਰਚ ਅਤੇ ਬਾਈਬਲ ਦੀ ਅਥਾਰਿਟੀ ਖਾਸ ਅਹਿਮੀਅਤ ਰੱਖਦੀ ਹੈ। ਪਰੰਪਰਾ ਆਪਣੇ ਆਪ ਨੂੰ ਧਰਮ ਗ੍ਰੰਥਾਂ ਤੋਂ ਵੱਖਰਾ ਉਸਾਰਦੀ ਹੈ। ਮਸੀਹੀ ਵਿਸ਼ਵਾਸ ਅੰਦਰ ਬਾਈਬਲ ਦੀਆਂ ਘਟਨਾਵਾਂ ਅਤੇ ਸਿੱਖਿਆਵਾਂ ਦਾ ਬਾਅਦ ਵਿੱਚ ਕਥਾ ਵਿਸਤਾਰ ਹੁੰਦਾ ਰਿਹਾ ਹੈ ਜਿਸ ਨੂੰ ਮਸੀਹੀ ਪਰੰਪਰਾ ਵਜੋਂ ਜਾਣਿਆ ਜਾਂਦਾ ਹੈ। ਇਸ ਵਿੱਚ 'ਈਸਾ ਮਸੀਹ' ਦੇ ਚੇਲਿਆਂ ਦੀਆਂ ਕਥਾਵਾਂ ਵੀ ਸ਼ਾਮਲ ਹਨ। ਮਜਹਬੀ ਪਰੰਪਰਾ ਦੀ ਪੇਸ਼ਕਾਰੀ ਦਾ ਢਾਂਚਾ ਕਥਾਰੂਪੀ ਹੁੰਦਾ ਹੈ।

ਪਰੰਪਰਾ ਦੀ ਮਹੱਤਤਾ ਨੂੰ ਲੈ ਕੇ ਮਸੀਹੀ ਥਿਆਲੋਜੀ ਵਿੱਚ ਦੋ ਵੱਖ ਵੱਖ ਧਾਰਾਵਾਂ ਮਿਲਦੀਆਂ ਹਨ: 'ਕੈਥੋਲਿਕ' (ਸਰਵਵਿਆਪਕ, ਸਾਰਵਤ੍ਰਿਕ) ਅਤੇ 'ਪ੍ਰੋਟੈਸਟੈਂਟ' (ਪ੍ਰਤਿਵਾਦੀ)। ਕੈਥੋਲਿਕ ਥਿਆਲੋਜੀ ਵਿੱਚ ਬਾਈਬਲ ਦੇ ਨਾਲ ਨਾਲ ਪਰੰਪਰਾ ਨੂੰ ਵੀ ਥਿਆਲੋਜੀ ਦਾ ਹਿੱਸਾ ਮੰਨਿਆ ਗਿਆ ਹੈ। ਇਸ ਥਿਆਲੋਜੀ ਦਾ ਮੰਨਣਾ ਹੈ ਕਿ 'ਈਸਾ ਮਸੀਹ' ਦਾ ਇਲਹਾਮ ਸਾਡੇ ਤੱਕ ਬਾਈਬਲ ਅਤੇ ਮਸੀਹੀ ਪਰੰਪਰਾ ਰਾਹੀਂ ਪਹੁੰਚਿਆ ਹੈ। ਇਸ ਲਈ ਇਨ੍ਹਾਂ ਦੋਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ।

ਦੂਜੇ ਪਾਸੇ ਪ੍ਰੋਟੈਸਟੈਂਟ ਥਿਆਲੋਜੀ ਸਿਰਫ ਬਾਈਬਲ ਨੂੰ ਹੀ ਮਸੀਹੀ ਵਿਸ਼ਵਾਸ ਦੇ ਇੱਕ-ਮਾਤਰ ਸੋਮੇ ਵਜੋਂ ਪ੍ਰਵਾਨ ਕਰਦੀ ਹੈ। ਪ੍ਰਤਿਵਾਦੀ, ਅਸਲ ਵਿੱਚ 'ਕੈਥੋਲਿਕ ਚਰਚ' ਦੇ 'ਪੋਪਵਾਦ' ਦਾ ਵਿਰੋਧ ਕਰਦੇ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ 'ਕੈਥੋਲਿਕ ਚਰਚ' ਪਰੰਪਰਾ ਦੇ ਨਾਂ 'ਤੇ ਆਮ ਮਸੀਹੀ ਨੂੰ ਲੁੱਟਣਾ ਚਾਹੁੰਦੇ ਹਨ। ਇਸ ਲਈ ਪ੍ਰਤਿਵਾਦੀ ਵਿਦਵਾਨ ਪਰੰਪਰਾ ਨੂੰ ਰੱਦ ਕਰਕੇ 'ਨਿਰੋਲ ਬਾਈਬਲ' ਨੂੰ ਹੀ ਮਸੀਹੀ ਵਿਸ਼ਵਾਸ ਦਾ ਕੇਂਦਰ ਸਮਝਦੇ ਹਨ।

**ਸਭਿਆਚਾਰ**

ਥਿਆਲੋਜੀ ਵਿੱਚ ਸੱਭਿਆਚਾਰ ਦਾ ਵੀ ਮਹੱਤਵ ਸਥਾਨ ਹੈ। ਸੱਭਿਆਚਾਰ ਵਿੱਚ ਰਸਮਾਂ, ਰੀਤਾਂ, ਤਿਉਹਾਰ, ਖਾਣ-ਪੀਣ, ਸਾਹਿਤ, ਕਲਾ ਅਤੇ ਕਦਰਾਂ-ਕੀਮਤਾਂ ਸ਼ਾਮਲ ਹੁੰਦੇ ਹਨ। ਦੁਨੀਆ ਵਿਚ 'ਇਕ ਰੱਬ' ਨੂੰ ਮੰਨਣ ਵਾਲੇ ਕਈ ਮਜਹਬ ਹਨ ਅਤੇ ਉਨ੍ਹਾਂ ਵਿੱਚ ਕਈ ਵਿਸ਼ਵਾਸਾਂ ਦੀ ਸਾਂਝ ਹੋਣ ਦੇ ਵੀ ਉਨ੍ਹਾਂ ਵਿੱਚ ਸਭਿਆਚਾਰਕ ਵਖਰੇਵੇਂ ਮੌਜੂਦ ਹਨ। ਸੱਭਿਆਚਾਰ ਧਰਮ ਤੋਂ ਪ੍ਰਭਾਵਤ ਹੁੰਦਾ ਹੈ ਅਤੇ ਮੁੜ ਅਜਿਹੇ ਧਾਰਮਕ ਸੱਭਿਆਚਾਰ ਦਾ ਰੂਪ ਅਖਤਿਆਰ ਕਰਦਾ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਦੇ ਵਿਸ਼ਵਾਸ ਨੂੰ ਪ੍ਰਭਾਵਤ ਕਰਦਾ ਹੈ। ਹਰ ਧਰਮ ਆਪਣਾ ਸਭਿਆਚਾਰ ਉਸਾਰਦਾ ਹੈ ਜਿਸ ਵਿੱਚ ਆਏ ਦੁਆਲੇ ਅਤੇ ਸਾਂਝੇ ਵਿਰਸੇ ਦਾ ਅਹਿਮ ਯੋਗਦਾਨ ਹੁੰਦਾ ਹੈ।

**ਬਿਬੇਕ**

ਦਰੁਸਤ ਚਿੰਤਨ ਦੀ ਕਥਾ ਅਤੇ ਜੁਗਤ ਬਿਬੇਕ ਹੈ। ਸਮਾਜ ਉੱਪਰ ਅਸਰ ਪਾਉਣ ਲਈ ਤਰਕ ਅਤੇ ਬਿਬੇਕ ਥਿਆਲੋਜੀ ਲਈ ਲਾਜ਼ਮੀ ਹਨ। ਥਿਆਲੋਜੀਕਾਰ ਲਈ 'ਤਰਕ' ਉਸ ਦੇ ਮੂਲ ਵਿਸ਼ਵਾਸ ਨੂੰ ਪਰਖਣ ਦਾ ਨਹੀਂ ਸਗੋਂ ਉਸ ਨੂੰ ਪ੍ਰਮਾਣਤ ਕਰਨ ਅਤੇ ਪ੍ਰਚਾਰ ਦਾ ਵਸੀਲਾ ਹੈ ਭਾਵ ਥਿਆਲੋਜੀਕਾਰ ਆਪਣੇ ਵਿਸ਼ਵਾਸ ਨੂੰ ਪ੍ਰਚਾਰ ਕਰਨ ਲਈ ਤਰਕ ਨੂੰ ਵਰਤਦਾ ਹੈ। ਇਹ ਜ਼ਰੂਰੀ ਨਹੀਂ ਕਿ ਉਸ ਦਾ ਵਿਸ਼ਵਾਸ ਤਾਰਕਿਕ ਹੋਵੇ।

**ਅਨੁਭਵ**

ਇਹ ਮੰਨਿਆ ਜਾਂਦਾ ਹੈ ਕਿ ਚਰਚ ਦਾ ਇਤਿਹਾਸ ਅਨੁਭਵ ਨਾਲ ਭਰਪੂਰ ਹੈ। ਥਿਆਲੋਜੀ ਅਤੇ ਥਿਆਲੋਜੀਕਾਰ ਘਾੜਤ ਵਿੱਚ ਬਾਕੀ ਤੱਤਾਂ ਦੇ ਨਾਲ ਪਵਿਤਰਤਾ ਦਾ ਅਨੁਭਵ ਵੀ ਇੱਕ ਲਾਜ਼ਮੀ ਤੱਤ ਹੈ। ਥਿਆਲੋਜੀਕਾਰ ਦਾ ਅਨੁਭਵ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਨਾਲ ਜੁੜਿਆ ਹੋਣਾ ਚਾਹੀਦਾ ਹੈ।

**ਸੰਕਲਪ**

ਸਹੀ ਅਰਥਾਂ ਵਿੱਚ ਸੰਕਲਪ ਕਿਸੇ ਹੋਂਦ, ਧਾਰਨਾ ਅਤੇ ਵਿਸ਼ਵਾਸ ਨੂੰ ਸਟੀਕ ਰੂਪ ਦੇਣ ਵਿਚ ਸਮਝਣ ਅਤੇ ਪੇਸ਼ ਕਰਨ ਦੀ ਜੁਗਤ ਹੈ ਜਿਸ ਵਿੱਚ ਹਕੀਕਤ ਅਤੇ ਕਲਪਨਾ ਦਾ ਗੂੜ੍ਹਾ ਸੁਮੇਲ ਹੁੰਦਾ ਹੈ। ਧਾਰਮਿਕ ਸੋਚ ਵਿੱਚ ਵਿਸ਼ਵਾਸ, ਸੰਸਾਰ ਅਤੇ ਪਰਾ-ਸੰਸਾਰ ਨੂੰ ਸੰਕਲਪਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ।

**8. ਮਸੀਹੀ ਥਿਆਲੋਜੀ, ਨਿਕਾਸ ਅਤੇ ਵਿਕਾਸ**

ਮਸੀਹੀ ਥਿਆਲੋਜੀ ਨੂੰ ਚੰਗੀ ਤਰ੍ਹਾਂ ਸਮਝਣ ਲਈ ਮਸੀਹੀ ਪਰੰਪਰਾ ਦੀਆਂ ਚੋਣਵੀਆਂ ਇਤਿਹਾਸਕ ਘਟਨਾਵਾਂ ਅਤੇ ਸ਼ਖਸੀਅਤਾਂ ਨੂੰ ਸਮਝਣਾ ਵੀ ਲਾਜ਼ਮੀ ਹੈ। ਇਨ੍ਹਾਂ ਕਰਕੇ ਹੀ ਇਹ ਵਿਸ਼ਵਾਸ ਮੌਜੂਦਾ ਸਰੂਪ ਵਿੱਚ ਅੱਜ ਦੇ ਸਮੇਂ ਤੱਕ ਪਹੁੰਚਿਆ ਹੈ।

**ਮੁਢਲੇ ਰਸੂਲਾਂ ਦਾ ਸਮਾਂ**

ਸਭ ਤੋਂ ਪਹਿਲਾਂ ਅਸੀਂ 'ਈਸਾ ਮਸੀਹ' ਦੇ ਖਾਸ ਚੇਲਿਆਂ ਦਾ ਜ਼ਿਕਰ ਕਰਾਂਗੇ ਜਿਨ੍ਹਾਂ ਨੂੰ ਸਤਿਕਾਰ ਭਾਵਨਾ ਨਾਲ ਰਸੂਲ (apostles, ਦੇਵਦੂਤ ਜਾਂ ਸੰਦੇਸ਼ਹਾਰ) ਕਿਹਾ ਜਾਂਦਾ ਹੈ। ਇਨ੍ਹਾਂ ਦਾ ਮਸੀਹੀਅਤ ਅਤੇ ਮਸੀਹੀ ਥਿਆਲੋਜੀ ਵਿੱਚ ਅਹਿਮ ਯੋਗਦਾਨ ਹੈ। ਬਾਈਬਲ ਅਨੁਸਾਰ 'ਈਸਾ ਮਸੀਹ' ਦੀ ਮੁੜ ਸੁਰਜੀਤੀ ਪਿੱਛੇ ਮਸੀਹੀਅਤ ਦਾ ਭਵਿੱਖਤ ਕਾਰਜ ਆਪਣੇ ਚੇਲਿਆਂ ਨੂੰ ਇਹ ਕਹਿ ਕੇ ਸੌਂਪਿਆ ਗਿਆ, 'ਜਾਓ ਅਤੇ ਸਾਰੀਆਂ ਕੌਮਾਂ ਵਿੱਚ ਚੇਲੇ ਬਣਾਓ ਅਤੇ ਉਨ੍ਹਾਂ ਨੂੰ 'ਪਿਤਾ', 'ਪੁੱਤਰ' ਅਤੇ 'ਪਵਿੱਤਰ ਆਤਮਾ' ਦੇ ਨਾਮ ਵਿੱਚ ਬਿਪਤਿਸਮਾ ਦਿਓ ਅਤੇ ਉਨ੍ਹਾਂ ਨੂੰ ਸਿਖਾਓ ਕਿ ਉਨ੍ਹਾਂ ਗੱਲਾਂ ਦੀ ਪਾਲਣਾ ਕਰਨ ਜਿਨ੍ਹਾਂ ਦਾ ਮੈਂ ਹੁਕਮ ਦਿੱਤਾ ਹੈ ਅਤੇ ਦੇਖੋ ਮੈਂ ਸੰਸਾਰ ਦੇ ਅੰਤ ਤੱਕ ਹਰ ਵੇਲੇ ਤੁਹਾਡੇ ਨਾਲ ਹਾਂ।'

ਇਹ ਚੇਲੇ ਸਿਰਫ ਮਸੀਹੀ ਦੇ ਪ੍ਰਚਾਰਕ ਹੀ ਨਹੀਂ ਸਗੋਂ ਮਸੀਹੀ 'ਸ਼ਰਾਹ', ਜੀਵਨ ਅਨੁਭਵ ਦੇ ਵੀ ਵਾਹਕ ਸਨ। ਉਹ ਲੋਕਾਂ ਦਾ ਜੀਵਨ ਪੱਧਰ ਬਦਲਣ ਦੇ ਇੱਛੁਕ ਸਨ। ਈਸਾ ਨੇ ਆਪਣਾ ਸੰਦੇਸ਼ ਲੋਕਾਂ ਤੱਕ ਪਹੁੰਚਾਉਣ ਲਈ ਬਾਰਾਂ ਰਸੂਲਾਂ ਦੀ ਚੋਣ ਕੀਤੀ ਜਿਨ੍ਹਾਂ ਨੂੰ ਉਸ ਨੇ 'ਭੂਤਾਂ' ਅਤੇ 'ਰੋਗਾਂ' ਨੂੰ ਕੱਢਣ ਦਾ ਅਧਿਕਾਰ ਦਿੱਤਾ। ਈਸਾ ਦੇ ਪਹਿਲੇ ਦੋ ਚੇਲੇ 'ਸ਼ਮਊਨ' (ਪਤਰਸ) ਅਤੇ ਉਸ ਦੇ ਭਰਾ 'ਅੰਦ੍ਰਿਆਸ' ਬਣੇ ਜੋ ਪਹਿਲਾਂ ਯੂਹੰਨਾ ਦੇ ਚੇਲੇ ਸਨ। ਉਸ ਦੇ ਹੋਰ ਚੇਲੇ ਯਾਕੂਬ, ਯੂਹੰਨਾ (ਯਾਕੂਬ ਦਾ ਭਰਾ) ਫਿਲੀਪੁਸ, ਬਰਥੁਲਮਈ, ਥੋਮਾ, ਮੱਤੀ (ਮਸੂਲੀਆ) ਯਾਕੂਬ (ਹਲਫ਼ਈ ਦਾ ਪੱਤਰ) ਅਤੇ ਥੱਦਈ, ਸ਼ਮਊਨ ਕਨਾਨੀ ਅਤੇ ਯਹੂਦਾ ਇਸਕਰਯੋਤੀ ਸਨ।

ਇਹ ਰਸੂਲ ਚਰਚ ਸੰਸਥਾ ਦੇ ਮੋਢੀ ਵੀ ਸਨ ਅਤੇ ਉਨ੍ਹਾਂ ਕੋਲ 'ਪਵਿੱਤਰ ਆਤਮਾ' ਰਾਹੀਂ ਬਪਤਿਸਮਾ ਦੇਣ, ਲੋਕਾਂ ਨੂੰ 'ਪਰਮੇਸ਼ਰ ਦੇ ਰਾਜ' ਨਾਲ ਜੋੜਨ ਅਤੇ ਉਨ੍ਹਾਂ ਨੂੰ ਦੁੱਖ ਤੇ 'ਪਾਪ' ਤੋਂ ਮੁਕਤੀ ਦੇਣ ਦਾ ਅਖਤਿਆਰ ਵੀ ਸੀ। ਇਨ੍ਹਾਂ ਰਸੂਲਾਂ ਦੇ ਕਰਤੱਬਾਂ ਵਿੱਚ ਪੈਗੰਬਰ 'ਈਸਾ ਮਸੀਹ' ਵਾਂਗ 'ਕਰਾਮਾਤਾਂ' ਵੀ ਮੌਜੂਦ ਸਨ। ਇਨ੍ਹਾਂ ਚੇਲਿਆਂ ਦਾ ਇਹ ਦਾਅਵਾ ਸੀ ਕਿ ਈਸਾ ਸਦਾ ਲਈ ਜਿੰਦਾ ਹੈ। ਆਪਣੇ ਭੈਣ-ਭਾਈਆਂ ਦੇ ਨਾਲ ਨਾਲ ਆਪਣੇ ਦੁਸ਼ਮਣਾਂ ਨੂੰ ਵੀ ਪਿਆਰ ਕਰਨਾ ਇਨ੍ਹਾਂ ਦਾ ਜੀਵਨ ਅਮਲ ਹੋ ਚੁੱਕਾ ਸੀ।

**ਪਾਦਰੀਆਂ ਦਾ ਸਮਾਂ**

ਚਰਚ ਦੇ ਪਾਦਰੀਆਂ ਨਾਲ ਸੰਬੰਧ ਨੂੰ ਪੈਟਰਿਸਟਿਕ (ਪਿਤਾ) ਕਿਹਾ ਜਾਂਦਾ ਹੈ। ਮਸੀਹੀਅਤ ਦੇ ਇਤਿਹਾਸ ਅੰਦਰ ਉਹ ਦੌਰ ਜਦੋਂ ਵੱਖ-ਵੱਖ ਚਰਚਾਂ ਦੇ ਪਾਦਰੀਆਂ ਨੇ ਮਸੀਹੀ ਵਿਸ਼ਵਾਸ ਦੇ ਪ੍ਰਚਾਰ-ਪ੍ਰਸਾਰ ਅਤੇ ਦਸ਼ਾ ਦਿਸ਼ਾ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾਈ ਨੂੰ ਪੈਟਰਿਸਟਿਕ ਕਾਲ (ਪਿਤਰਮਈ) ਕਿਹਾ ਜਾਂਦਾ ਹੈ। ਮਸੀਹੀ ਵਿਸ਼ਵਾਸ ਨੂੰ ਪੱਛਮ ਵਿੱਚ ਪ੍ਰਧਾਨ ਵਿਸ਼ਵਾਸ ਬਣਾਉਣ ਵਿੱਚ ਚਰਚ ਪਾਦਰੀਆਂ ਦੇ ਯਤਨਾ ਦਾ ਅਹਿਮ ਯੋਗਦਾਨ ਹੈ। ਇਨ੍ਹਾਂ ਵਿੱਚ ਕਈ ਸ਼ਾਸਤਰੀ ਫਲਸਫੇ ਵਿੱਚ ਪ੍ਰਪੱਕ ਵਿਦਵਾਨ ਸਨ।

ਮੋਟੇ ਤੌਰ 'ਤੇ ਪੈਟਸਟਿਕ ਦੌਰ ਨੂੰ ਰਸੂਲਾਂ ਦੇ ਦੌਰ ਦੇ ਖਤਮ ਹੋਣ, ਭਾਵ 100 ਈਸਵੀ ਤੋਂ ਲੈ ਕੇ ਪਹਿਲੀ ਤੋਂ ਦੂਜੀ ਕੌਂਸਲ (451 ਈ: ਤੋਂ 787 ਈ:) ਤੱਕ ਦੇ ਦਰਮਿਆਨ ਦਾ ਸਮਾਂ ਮੰਨਿਆ ਜਾਂਦਾ ਹੈ। ਇਹ ਦੌੜ ਚਰਚ ਦੇ ਮਸੀਹੀ ਭਾਈਚਾਰੇ ਅਤੇ ਵਿਸ਼ਵਾਸ ਦੀ ਕੇਂਦਰੀ ਸੰਸਥਾ ਵਜੋਂ ਸਥਾਪਤੀ ਦਾ ਦੌਰ ਸੀ ਜਿਸ ਵਿੱਚ ਪਾਦਰੀ ਜਮਾਤ ਦੀ ਵੀ ਸਥਾਪਤੀ ਹੋ ਰਹੀ ਸੀ। ਪੈਟਰੀਸਟਿਕ ਕਾਲ ਦੇ ਰੁਝਾਨ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ:

1. ਮਸੀਹੀਅਤ ਦਾ ਯਹੂਦੀਅਤ ਨਾਲ ਸੰਬੰਧ ਸਪੱਸ਼ਟ ਕਰਨਾ,
2. ਨਵੇਂ ਮਸੀਹੀ ਅਹਿਦਨਾਮੇ ਦੀ ਸਥਾਪਤੀ ਕਰਨਾ,
3. ਮਸੀਹੀਅਤ ਦੀ ਰਾਖੀ ਲਈ ਵਿਆਖਿਆ ਅਤੇ ਮੌਕਿਆਂ ਦੇ ਜਵਾਬ ਦੇਣੇ ਅਤੇ
4. ਰੋਮਨ ਸਾਮਰਾਜ ਅੰਦਰ ਮਸੀਹੀ ਵਿਸ਼ਵਾਸ ਦੀ ਸਥਾਪਤੀ ਲਈ ਸਿਧਾਂਤਕ ਚਰਚਾ ਕਰਨੀ।

**ਰੋਮ ਵਿੱਚ ਮਸੀਹੀਅਤ ਦੀ ਸਥਾਪਤੀ**

ਰੋਮਨ ਸਾਮਰਾਜ ਅੰਦਰ ਮਸੀਹੀਅਤ ਪ੍ਰਚਾਰ ਦੇ ਸੰਦੇਸ਼ ਥੱਲੇ ਮਸੀਹੀ ਧਰਮ ਇੱਕ ਤੂਫਾਨ ਵਾਂਗ ਫੈਲ ਰਿਹਾ ਸੀ। ਇਸ ਸਾਮਰਾਜ ਵਿੱਚ ਵੱਡੀ ਗਿਣਤੀ ਵਿੱਚ ਮੌਜੂਦ ਨਿਰਾਸ਼, ਕਮਜ਼ੋਰ ਅਤੇ ਪੀੜਤ ਲੋਕਾਂ ਲਈ ਇਹ ਸਰਲ ਸੰਦੇਸ਼ ਕਿ 'ਮੇਰੇ ਕੋਲ ਆਓ ਤੁਸੀਂ ਜੋ ਮੁਸ਼ੱਕਤ ਦੇ ਤੇਰੇ ਬੋਝ ਹੇਠ ਦੱਬੇ ਹੋਏ ਹੋ,' ਬੜਾ ਪ੍ਰਭਾਵਸ਼ਾਲੀ ਸਾਬਤ ਹੋਇਆ। ਅਤਿਆਚਾਰਾਂ ਦੇ ਬਾਵਜੂਦ ਵੀ ਰੋਮਨ ਰੋਮਨ ਸਾਮਰਾਜ ਵਿੱਚ ਮਸੀਹੀਆਂ ਦੀ ਗਿਣਤੀ ਲਗਾਤਾਰ ਵਧਦੀ ਗਈ।

ਦੂਰ ਪੱਛਮ ਵਲ ਇੰਗਲੈਂਡ ਤੱਕ ਫੈਲੇ ਰੋਮਨ ਸਾਮਰਾਜ ਦਾ ਇੱਕ ਸਿਰਕੱਢ ਯੋਧਾ ਕੰਸਤਨਤੀਨ (Constantinus, 272-337 ਈ:) ਕਾਰਜਸ਼ੀਲ ਸੀ। ਇਸ ਸਮੇਂ ਤੱਕ ਅੰਦਰੂਨੀ ਵਿਰੋਧਤਾਈਆਂ ਕਾਰਨ ਰੋਮਨ ਸਾਮਰਾਜ ਖੇਰੂੰ ਖੇਰੂੰ ਹੋ ਰਿਹਾ ਸੀ। ਰੋਮਨ ਸਾਮਰਾਜ ਨੂੰ ਤਬਾਹੀ ਤੋਂ ਬਚਾਉਣ ਲਈ ਇਸ ਜਰਨੈਲ ਨੇ ਪੂਰੇ ਸਾਮਰਾਜ ਨੂੰ ਕਾਬੂ ਕਰਨ ਦਾ ਫੈਸਲਾ ਕੀਤਾ। ਉਸ ਵੇਲੇ ਰੋਮਨ ਸਾਮਰਾਜ ਖਾਨਾਜੰਗੀ ਦਾ ਸ਼ਿਕਾਰ ਸੀ। ਸੰਨ 312 ਈ: ਵਿੱਚ ਉਹ ਐਲਪਸ (Aps) ਪਹਾੜੀਆਂ ਨੂੰ ਪਾਰ ਕਰਕੇ ਇਟਲੀ ਨੂੰ ਫਤਹਿ ਕਰਦਾ ਹੋਇਆ ਰੋਮ ਦੀਆਂ ਬਰੂਹਾਂ 'ਤੇ ਜਾ ਪਹੁੰਚਾ। ਹੁਣ ਆਖਰੀ ਫੈਸਲਾਕੁਨ ਜੰਗ ਹੋਣੀ ਬਾਕੀ ਸੀ। ਇਸ ਥਾਂ ਕੰਸਤਨਤੀਨ ਨੂੰ ਅਗੰਮੀ ਪ੍ਰਕਾਸ਼ ਹੋਇਆ ਅਤੇ ਉਸਨੂੰ ਉਸ ਦੀ ਫਤਹਿ ਦੀ ਆਕਾਸ਼ਵਾਣੀ ਹੋਈ ਅਤੇ ਉਸ ਨੇ ਜੰਗ ਵਿੱਚ ਜਿੱਤ ਹਾਸਲ ਕੀਤੀ ਜਿਸ ਤੋਂ ਉਸ ਨੂੰ ਲੱਗਾ ਕਿ ਇਹ ਆਵਾਜ਼ 'ਈਸਾ ਮਸੀਹ' ਦੀ ਸੀ। ਇਸ ਘਟਨਾ ਨੇ ਸਮੁੱਚੇ ਰੋਮਨ ਸਾਮਰਾਜ, ਮਸੀਹੀ ਭਾਈਚਾਰੇ ਅਤੇ ਵਿਸ਼ਵ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ। ਇਸ ਆਖਰੀ ਜੰਗ ਵਿੱਚ 28 ਅਕਤੂਬਰ 312 ਈ: ਨੂੰ ਕੰਸਨਤਨਤੀਨ ਦੀ ਫਤਹਿ ਹੋਈ। ਉਹ ਸਮੁੱਚੇ ਪੱਛਮੀ ਰੋਮਨ ਸਾਮਰਾਜ ਦਾ ਸਮਰਾਟ ਬਣਿਆ। ਕੀਮਨਤੀਨ ਨੇ ਉਚੇਚੇ ਤੌਰ ਤੇ 313 ਈ. ਵਿੱਚ 'ਮਿਲਾਨ ਦੇ ਆਦੇਸ਼' ਮੁਤਾਬਕ ਸਮੁੱਚੇ ਰੋਮਨ ਸਾਮਰਾਜ ਅੰਦਰ ਮਸੀਹੀਆਂ ਪ੍ਰਤੀ ਸਹਿਣਸ਼ੀਲਤਾ ਦੇ ਵਿਹਾਰ ਲਈ ਆਦੇਸ਼ ਜਾਰੀ ਕਰ ਦਿੱਤੇ।

ਇਸ ਤੋਂ ਮਗਰੋਂ ਉਸ ਨੇ 323 ਈ: ਵਿੱਚ ਪੂਰਬੀ ਰੋਮਨ ਸਾਮਰਾਜ 'ਤੇ ਜਿੱਤ ਹਾਸਲ ਕਰਕੇ ਉਹ ਪੂਰਬੀ ਅਤੇ ਪੱਛਮੀ ਰੋਮਨ ਸਾਮਰਾਜ ਦਾ ਸਾਂਝਾ ਸਮਰਾਟ ਬਣਿਆ। ਆਪਣੇ ਆਖਰੀ ਸਮੇਂ ਵੇਲੇ ਕੰਸਨਤੀਨ ਵੀ ਬਪਤਿਸਮਾ ਲੈ ਕੇ ਮਸੀਹੀ ਬਣਿਆ। ਇਸ ਤੋਂ ਬਾਅਦ ਥੋੜ੍ਹੇ ਸਮੇਂ ਵਿਚ ਮਸੀਹੀਅਤ ਰੋਮਨ ਸਾਮਰਾਜ ਦਾ 'ਰਾਜ-ਧਰਮ' ਬਣ ਗਿਆ। ਹੇਠਲੇ ਵਰਗ ਅਤੇ ਗੁਲਾਮਾਂ ਦਾ ਧਰਮ ਮੰਨਿਆ ਜਾਣ ਵਾਲਾ ਮਸੀਹੀ ਵਿਸ਼ਵਾਸ ਅਗਲੇ ਦੋ ਦਹਾਕਿਆਂ ਅੰਦਰ ਪੂਰੇ ਰੋਮਨ ਸਾਮਰਾਜ ਵਿੱਚ ਹਰ ਆਮ ਅਤੇ ਖਾਸ ਵਿਸ਼ਵਾਸ ਬਣ ਚੁੱਕਿਆ ਸੀ।

ਇਸ ਤੋਂ ਬਾਅਦ ਮੱਧਕਾਲ ਦੇ ਸਮੇਂ ਦੌਰਾਨ (500 -1500 ਈ:) ਮਸੀਹੀਅਤ ਸਾਰੇ ਯੂਰਪ ਵਿੱਚ ਅਤੇ ਇਸ ਤੋਂ ਬਾਅਦ ਪੱਛਮੀ ਸਾਮਰਾਜ ਦੇ ਅਸਰ ਥੱਲੇ ਦੁਨੀਆਂ ਦੇ ਕੋਨੇ ਕੋਨੇ ਤੱਕ ਪਹੁੰਚਾ।

**9 ਨਿਸ਼ਕਰਸ਼**

'ਮਸੀਹੀ' ਵਿਸ਼ਵਾਸਾਂ ਅਤੇ ਇਨ੍ਹਾਂ ਦੇ ਗਿਰਦ ਸਦੀਆਂ ਤੋਂ ਉੱਭਰ ਰਹੇ 'ਈਸ਼ਵਰਵਾਦ' ਦਾ ਇਹ ਵੱਡਮੁੱਲਾ ਅਧਿਐਨ ਪੰਜਾਬੀ ਦੇ ਅਕਾਦਮਿਕ ਜਗਤ ਲਈ ਇੱਕ ਬੜੀ ਵੱਡੀ ਦੇਣ ਹੈ। ਡਾ. ਹਰਦੇਵ ਸਿੰਘ ਨੇ ਇਸ ਕਿਰਤ ਨਾਲ ਪੰਜਾਬੀ ਮਾਧਿਅਮ ਦੇ ਵਿਦਿਅਕ ਖੇਤਰ ਦਾ ਬਹੁਤ ਵੱਡਾ ਘਾਪਾ ਪੂਰਾ ਕੀਤਾ ਹੈ। ਸਮੇਂ ਸਮੇਂ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਸਾਰ ਲਈ ਮੁਹਿੰਮਾਂ ਚਲਦੀਆਂ ਰਹਿੰਦੀਆਂ ਹਨ ਪਰ ਆਖਰ ਨੂੰ ਸਾਰਥਿਕ ਰੂਪ ਵਿੱਚ ਹੁੰਦਾ ਕੁੱਝ ਵੀ ਨਹੀਂ। ਪੰਜਾਬੀ ਭਾਸ਼ਾ ਦਾ ਸਦੀਵੀ ਸਦਮਾ ਹੈ ਕਿ ਇਹ ਕਦੇ ਵੀ 'ਸਿੱਖਿਆ ਦਾ ਮਾਧਿਅਮ' ਨਹੀਂ ਬਣ ਸਕੀ। ਇਸ ਦਾ ਸਭ ਤੋਂ ਵੱਡਾ ਕਾਰਨ ਇਹੋ ਹੈ ਕਿ ਪੰਜਾਬੀ ਵਿਦਵਾਨ ਆਪਣੀ ਭਾਸ਼ਾ ਵਿੱਚ ਉੱਚ ਪੱਧਰ ਦਾ ਅਧਿਆਪਨ ਅਤੇ ਮੌਲਕ ਸਾਹਿਤ ਪੈਦਾ ਕਰਨ ਤੋਂ ਅਸਮਰੱਥ ਰਹੇ ਹਨ। ਇਸ ਦੇ ਨਾਲ ਹੀ ਸ੍ਰੋਤ ਸੰਪੰਨ ਧਾਰਮਿਕ ਅਤੇ ਸਰਕਾਰੀ ਅਦਾਰਿਆ ਨੇ ਵੀ ਇਸ ਪਾਸੇ ਵਲ ਕੋਈ ਧਿਆਨ ਨਹੀਂ ਦਿੱਤਾ। ਪੰਜਾਬੀ ਬੁੱਧੀਜੀਵੀਆਂ ਨੇ ਆਪਣੀਆਂ ਥੋੜੀਆਂ ਬਹੁਤ ਅਕਾਦਮਿਕ ਰਚਨਾਵਾਂ ਲਈ ਪਰਾਈ ਭਾਸ਼ਾਵਾਂ ਨੂੰ ਹੀ ਚੁਣਿਆ।

ਭਾਰਤ ਦੀ ਅਜ਼ਾਦੀ ਤੋਂ ਬਾਅਦ ਪੰਜਾਬ ਵਿੱਚ ਅਣਗਿਣਤ ਸਿੱਖਿਆ ਅਦਾਰੇ ਸਥਾਪਤ ਕੀਤੇ ਗਏ। ਸਕੂਲਾਂ ਤੋਂ ਲੈ ਕੇ ਉੱਚ ਵਿਦਿਆ ਦੀਆਂ ਯੂਨੀਵਰਸਿਟੀਆਂ ਕਾਇਮ ਕੀਤੀਆਂ ਗਈਆਂ ਪਰ ਇਨ੍ਹਾਂ ਦਾ ਸਿੱਖਿਆ ਮਾਧਿਅਮ ਪਰਾਈ ਭਾਸ਼ਾ ਹੀ ਰਿਹਾ। ਇਨ੍ਹਾਂ ਅਦਾਰਿਆਂ ਨਾਲ ਜੁੜੇ ਅਧਿਆਪਕ, 'ਪ੍ਰੋਫੈਸਰ' ਅਤੇ ਵਿਸ਼ੇਸ਼ੱਗ ਵੀ ਪੰਜਾਬੀ ਵਿੱਚ ਅਕਾਦਮਿਕ ਪੜ੍ਹਾਈ ਦਾ ਸਾਹਿਤ ਪੈਦਾ ਨਾ ਕਰ ਸਕੇ। ਉਹ ਇਹੋ ਸੋਚੀ ਬੈਠੇ ਹਨ ਕਿ ਪੰਜਾਬੀ ਵਿੱਚ ਆਧੁਨਿਕ ਅਧਿਆਪਨ ਸਾਹਿਤ ਨਹੀਂ ਲਿਖਿਆ ਜਾ ਸਕਦਾ। ਪਰ ਡਾ. ਹਰਦੇਵ ਸਿੰਘ ਜੀ ਨੇ ਇਸ ਉਪਰਾਲੇ ਨਾਲ ਇਹੋ ਜਿਹੀ ਪਰਾਵਾਦੀ ਅਤੇ ਨਿਰਾਸ਼ਾਵਾਦੀ ਮਾਨਸਿਕਤਾ ਨੂੰ ਗਲਤ ਸਾਬਤ ਕਰ ਦਿਖਾਇਆ ਹੈ।

ਪੰਜਾਬੀ ਭਾਸ਼ਾ ਦੀ ਸਰਬਪੱਖੀ ਤਰੱਕੀ ਲਈ ਅਕਾਦਮਿਕ ਜਗਤ ਦੇ ਬੁੱਧੀਜੀਵੀਆਂ ਦੀ ਇਹ ਪਾਵਨ ਜਿੰਮੇਵਾਰੀ ਬਣਦੀ ਹੈ ਕਿ ਉਹ ਆਪ-ਆਪਣੇ ਵਿਸ਼ਿਆਂ ਉੱਪਰ ਪੰਜਾਬੀ ਵਿੱਚ ਪਾਠ ਪੁਸਤਕਾਂ ਲਿਖਣ ਤਾਂ ਕਿ ਵਿਦਿਅਕ ਅਦਾਰਿਆਂ ਵਿੱਚ ਜੋ ਕਥਿਤ ਤੌਰ 'ਤੇ ਪੜ੍ਹਾਇਆ ਜਾਂਦਾ ਹੈ ਉਹ ਵਿਦਿਆਰਥੀਆਂ ਨੂੰ ਸਮਝ ਆ ਸਕੇ। ਵਿਸ਼ੇ ਦੀਆਂ ਡੂੰਘਾਈਆਂ ਨੂੰ ਸਹੀ ਗ੍ਰਹਿਣ ਅਤੇ ਬੋਧ ਕਰਨ ਨਾਲ ਹੀ ਉੱਚ ਦਰਜੇ ਦੇ ਚਿੰਤਕ, ਦਾਰਸ਼ਨਿਕ ਅਤੇ ਵਿਗਿਆਨੀ ਪੈਦਾ ਕੀਤੇ ਜਾ ਸਕਦੇ ਹਨ। ਖਾਲੀ ਮੁਹਿੰਮਾਂ ਚਲਾਉਣ ਨਾਲ ਜਾਂ ਮੁਜ਼ਾਹਰੇ ਕਰਨ ਨਾਲ ਪੰਜਾਬੀ ਭਾਸ਼ਾ ਦਾ ਵਿਕਾਸ ਨਹੀਂ ਹੋ ਸਕਦਾ। ਇਸ ਵੇਲੇ ਦੀ ਲੋੜ ਹੈ ਕਿ ਪੰਜਾਬੀ ਭਾਸ਼ਾ ਵਿੱਚ ਹਰ ਪੱਧਰ ਦੀ ਪੜ੍ਹਾਈ ਲਈ ਆਧੁਨਿਕ ਅਧਿਆਪਨ ਸਮੱਗਰੀ ਪੈਦਾ ਕੀਤੀ ਜਾਵੇ।

ਡਾ. ਹਰਦੇਵ ਸਿੰਘ ਦੀ ਇਹ ਪਾਠ ਪੁਸਤਕ ਤੁਲਨਾਤਮਿਕ ਧਰਮ ਅਧਿਐਨ ਦੇ ਵਿਦਿਆਰਥੀਆਂ ਇੱਕ ਬਹੁਤ ਅਹਿਮ ਤੋਹਫਾ ਹੈ। ਇਸ ਰਚਨਾ ਨਾਲ ਉਨ੍ਹਾਂ ਨੇ ਇਹ ਸਿੱਧ ਕਰ ਦਿਖਾਇਆ ਹੈ ਕਿ ਪੰਜਾਬੀ ਭਾਸ਼ਾ ਕੋਲ ਅਮੀਰ ਸ਼ਬਦਾਂ ਦਾ ਵੱਡਮੁੱਲਾ ਭੰਡਾਰ ਮੌਜੂਦ ਹੈ। ਲੋੜ ਸਿਰਫ ਇਸ ਭੰਡਾਰ ਨੂੰ ਵਰਤਣ ਅਤੇ ਖੋਜਣ ਦੀ ਹੈ। ਇਹ ਪੁਸਤਕ ਸਿਰਫ ਧਰਮ ਸ਼ਾਸਤਰ ਦੇ ਮਾਹਰਾਂ ਲਈ ਹੀ ਨਹੀਂ ਬਲਕਿ ਆਮ ਆਦਮੀ ਲਈ ਵੀ ਫਾਇਦੇਮੰਦ ਹੈ ਜੋ 'ਸਾਮੀ' ਮਜਹਬਾਂ ਬਾਰੇ ਹੋਰ ਜਾਣਕਾਰੀ ਦਾ ਚਾਹਵਾਨ ਹੈ।

# ਫ਼ੌਜੀ ਦੀ ਪਤਨੀ

ਸਰਬਜੀਤ ਸਿੰਘ ਜਰਮਨੀ

ਕਈ ਦਿਨ ਤੋਂ ਸਿਮਰ ਦੇ ਅਮਰੀਕਨ ਫ਼ੌਜੀ ਪਤੀ ਦਾ ਕੋਈ ਫੋਨ ਨਾ ਆਇਆ ਤਾਂ ਉਦਾਸ ਹੋਈ ਸਿਮਰ ਗੁਰੂ ਘਰ ਜਾ ਕੇ ਅਰਦਾਸ ਕਰਦੀ ਹੈ ਕਿ ਵਾਹਿਗੁਰੂ ਜੀ ਮੇਰੇ ਫ਼ੌਜੀ ਸਰਦਾਰ ਜੀ ਦੇ ਅੰਗ ਸੰਗ ਰਹਿਣਾ, ਕਈ ਦਿਨ ਹੋ ਗਏ ਕੋਈ ਸੁੱਖ ਸੁਨੇਹਾ ਨਹੀਂ ਆਇਆ, ਨਾ ਫੋਨ ਚੁੱਕਦੇ ਨੇ ਤੇ ਨਾ ਮੇਰਾ ਲਿਖਿਆ ਮੈਸੇਜ ਪੜ੍ਹ ਦੇ ਨੇ। ਜਿਸ ਦਿਨ ਗੱਲ ਹੋਈ ਸੀ ਤਾਂ ਕਹਿੰਦੇ ਸਨ ਯੂਕਰੇਨ ਤੇ ਰੂਸ ਦੀ ਲੜਾਈ ਵਿੱਚ ਉਨ੍ਹਾਂ ਦੀ ਅਮਰੀਕਨ ਫ਼ੌਜ ਵੀ ਰੂਸ ਦੇ ਖ਼ਿਲਾਫ਼ ਲੜਨ ਲਈ ਚਲੀ ਗਈ ਹੈ, ਵਾਰੀ ਆਉਣ 'ਤੇ ਉਨ੍ਹਾਂ ਨੂੰ ਵੀ ਜਾਣਾ ਪੈ ਸਕਦਾ ਹੈ। ਹੋ ਸਕਦਾ ਉਨ੍ਹਾਂ ਨੂੰ ਵੀ ਉੱਥੇ ਘੱਲ ਦਿੱਤਾ ਗਿਆ ਹੋਵੇ। ਇਸ ਚੰਦਰੀ ਲੜਾਈ ਨੇ ਪਤਾ ਨਹੀਂ ਕਿੰਨੇ ਮਾਪਿਆਂ ਦੇ ਪੁੱਤ, ਕਿੰਨੀਆਂ ਧੀਆਂ ਦੇ ਸੁਹਾਗ, ਕਿੰਨੇ ਬੱਚਿਆਂ ਦੇ ਮਾਪੇ ਖਾ ਲਏ, ਪਰ ਮੂਰਖ ਤੇ ਭ੍ਰਿਸ਼ਟ ਰਾਜਨੀਤਿਕ ਲੋਕ ਆਪਣੀ ਹੈਂਕੜਬਾਜੀ ਪੁਗਾਉਣ ਲਈ ਕਿੰਨੇ ਹੋਰ ਸੈਨਿਕਾਂ ਨੂੰ ਸ਼ਹੀਦ ਕਰਵਾਉਣਗੇ। ਵਾਹਿਗੁਰੂ ਜੀ ਲੜਾਈ ਚਾਹੇ ਕਿਸੇ ਘਰ ਵਿੱਚ ਹੋਵੇ ਜਾਂ ਪਿੰਡ ਵਿੱਚ, ਕਸਬੇ ਵਿੱਚ, ਆਪਣੇ ਮੁਲਕ ਵਿੱਚ, ਦੂਸਰੇ ਮੁਲਕ ਵਿੱਚ ਜੇਕਰ ਤੁਸੀਂ ਚਾਹੋ ਤਾਂ ਸਭ ਕੁਝ ਸਹਿਜ ਹੋ ਸਕਦਾ ਹੈ। ਬਸ ਮੇਰੀ ਅਰਦਾਸ ਸੁਣ ਲੈਣਾ ਤੇ ਮੇਰੇ ਫ਼ੌਜੀ ਸਰਦਾਰ ਜੀ ਨੂੰ, ਮੇਰੇ ਸਿਰ ਦੇ ਸਾਈ ਦੀ ਰੱਖਿਆ ਕਰਨਾ। ਉਹ ਜਿੱਤ ਕੇ ਤੰਦਰੁਸਤ ਘਰ ਨੂੰ ਆਉਣ। ਮੈਂ ਕੁਝ ਵੀ ਨਹੀਂ ਮੰਗਦੀ, ਬਸ ਆਪਣੇ ਸੁਹਾਗ ਦੀ ਚੜ੍ਹ ਦੀ ਕਲਾ ਮੰਗਦੀ ਹਾਂ। ਭਾਵੇਂ ਰੋਟੀ ਸੁੱਕੀ ਦੇਵੀਂ, ਭਾਵੇਂ ਲੂਣ ਨਾਲ ਦੇ ਦੇਵੀਂ ਬਸ ਬੇ-ਵਕਤ ਕਿਸੇ ਨੂੰ ਬੁਲਾਵਾ ਨਾ ਦੇਵੀਂ ਮੇਰੇ ਮਾਲਕਾ।

ਸਿਮਰ ਘਰ ਪਰਤਣ ਸਮੇਂ ਮਨ ਹੀ ਮਨ ਵਿੱਚ ਸੋਚਦੀ ਹੈ ਕਿ ਸਾਰੇ ਲੋਕ ਆਪਣੀ ਮਨਪਸੰਦ ਦਾ ਖਾ ਪੀ ਸਕਦੇ ਹਨ, ਮਨ ਪਸੰਦ ਦਾ ਕੰਮ ਕਰਕੇ, ਆਪਣੀ ਮਰਜ਼ੀ ਨਾਲ ਘਰ ਪਰਤ ਆਉਂਦੇ ਨੇ, ਮਰਜ਼ੀ ਨਾਲ ਲੋੜ ਪੈਣ 'ਤੇ ਕੰਮ ਤੋਂ ਛੁੱਟੀ ਵੀ ਲੈ ਸਕਦੇ ਨੇ, ਆਪਣੇ ਪਰਿਵਾਰ ਦੀ ਖਾਤਰ ਸਭ ਕੁਝ ਕਰ ਸਕਦੇ ਨੇ, ਕੋਈ ਵਿਆਹ ਸ਼ਾਦੀ ਜਾਂ ਤਿਉਹਾਰ ਹੋਵੇ, ਸਭ ਆਪਣੇ ਪਰਿਵਾਰ ਵਿੱਚ ਹੁੰਦੇ ਹਨ ਪਰ ਫ਼ੌਜ ਇਨ੍ਹਾਂ ਸਭ ਕਾਰਜਾਂ ਤੋਂ ਨਿਵੇਕਲੀ ਹੈ। ਫ਼ੌਜੀ ਜਵਾਨ ਸਿਰਫ ਤੇ ਸਿਰਫ ਉਹ ਹੀ ਖਾ ਪੀ ਸਕਦੇ ਹਨ ਜੋ ਉਨ੍ਹਾਂ ਨੂੰ ਇਜਾਜ਼ਤ ਹੋਵੇ, ਕਾਨੂੰਨ ਦੇ ਹੁਕਮ ਅਨੁਸਾਰ ਹੀ ਘਰ ਆ ਸਕਦੇ ਨੇ, ਕਾਨੂੰਨ ਦੀ ਇਜਾਜ਼ਤ ਅਨੁਸਾਰ ਹੀ ਛੁੱਟੀ ਲੈ ਸਕਦੇ ਨੇ ਤੇ ਫ਼ੌਜੀ ਜਵਾਨਾਂ ਨੂੰ ਤਾਂ ਕਾਨੂੰਨ ਅਨੁਸਾਰ ਹੀ ਸਭ ਕੁਝ ਕਰਨਾ ਪੈਂਦਾ ਹੈ।

ਕਈ ਵਾਰ ਫ਼ੌਜੀਆਂ ਦਾ ਕਈ ਕਈ ਸਾਲ ਘਰ ਨਾ ਆਉਣ ਕਰਕੇ ਘਰ ਵਾਰ ਸਭ ਛੁੱਟ ਜਾਂਦਾ ਹੈ। ਪਰਿਵਾਰ ਖਰਾਬ ਹੋ ਜਾਂਦੇ ਨੇ, ਭੈਣ ਭਰਾ ਸਭ ਰਿਸ਼ਤੇਦਾਰ ਮੁੱਖ ਮੋੜ ਲੈਂਦੇ ਨੇ, ਹੋਰ ਤਾਂ ਹੋਰ ਕਈ ਵਿਚਾਰੇ ਫ਼ੌਜੀਆਂ ਦੀਆਂ ਜ਼ਮੀਨਾਂ ਜਾਇਦਾਦਾਂ ਵੀ ਸ਼ਰੀਕ ਹੀ ਕਬਜ਼ਾ ਕਰ ਖੋਹ ਲੈਂਦੇ ਹਨ। ਇਨ੍ਹਾਂ ਫ਼ੌਜੀਆਂ ਦੀ ਜ਼ਿੰਦਗੀ ਬਹੁਤ ਔਖੀ ਤੇ ਮੁਸ਼ਕਲਾਂ ਭਰੀ ਹੁੰਦੀ ਹੈ। ਫ਼ੌਜੀ ਜਵਾਨਾਂ ਦੇ ਮੁਸ਼ਕਲਾਂ ਸਹਿਣ ਕਰਕੇ ਹੀ ਅਸੀਂ ਆਪਣੇ ਦੇਸ਼ ਦੀਆਂ ਹੱਦਾਂ ਸਰਹੱਦਾਂਅੰਦਰ ਸੁਰੱਖਿਅਤ ਹੁੰਦੇ ਹਾਂ। ਇਨ੍ਹਾਂ ਦੀਆਂ ਕੁਰਬਾਨੀਆਂ ਕਰਕੇ ਹੀ ਅਸੀਂ ਆਪਣੇ ਘਰਾਂ ਵਿੱਚ ਸੁਰੱਖਿਅਤ ਹਾਂ ਤੇ ਸੁੱਖ ਸ਼ਾਂਤੀ ਦਾ ਜੀਵਨ ਬਤੀਤ ਕਰਦੇ ਹਾਂ। ਫ਼ੌਜ ਭਾਵੇਂ ਕਿਸੇ ਦੇਸ਼ ਦੀ ਅਬਾਦੀ ਦਾ 1% ਹੁੰਦੀ ਹੈ ਤੇ ਬਾਕੀ ਦੀ 99% ਅਬਾਦੀ ਇਨ੍ਹਾਂ ਦੇ ਜਾਗਦੇ ਰਹਿਣ ਨਾਲ ਆਪਣੇ ਘਰਾਂ ਵਿੱਚ ਸੁੱਖ ਦੀ ਨੀਂਦ ਸੌਂਦੀ ਹੈ। ਦਿਲੋਂ ਸਲਾਮ ਤੇ ਸਿਜਦਾ ਹੈ ਦੁਨੀਆ ਦੇ ਸਭ ਫ਼ੌਜੀ ਜਵਾਨਾਂ ਨੂੰ, ਵਾਹਿਗੁਰੂ ਇਨ੍ਹਾਂ ਦੇ ਹਰ ਪਲ ਅੰਗ ਸੰਗ ਰਹੇ।

# ਫੱਗਣ ਫੁੱਲੇ ਖੇਤ ਜਿਉਂ ਬਣ ਤਿਣ ਫੂਲ ਸਿੰਗਾਰ...



ਕਲਮਾਂ ਦੇ ਜਜ਼ਬਾਤ

ਹਰਮਨਪ੍ਰੀਤ ਸਿੰਘ
ਮੋ. ਨੰ. 9855010005

ਫੱਗਣ ਮਹੀਨਾ ਸਾਲ ਦਾ ਦੇਸੀ ਮਹੀਨਾ ਬਾਰ੍ਹਵਾਂ ਬਣਦਾ ਹੈ। ਇਸ ਮਹੀਨੇ ਨੂੰ ਫਲਗੁਣਿ ਵੀ ਕਿਹਾ ਜਾਂਦਾ ਹੈ। ਇਸ ਮਹੀਨੇ ਅੰਬੀਆ ਨੂੰ ਬੂਰ, ਕਣਕਾਂ ਨੂੰ ਸਿੱਟੇ ਤੇ ਫੁੱਲ ਬੂਟਿਆਂ ਨੂੰ ਨਵੀਆਂ ਕਰੂੰਬਲਾ ਫੁੱਟ ਕੁਦਰਤ ਪ੍ਰਤੀ ਆਪਣੀ ਮੁਹੱਬਤ ਦਾ ਇਜ਼ਹਾਰ ਕਰਦੀਆਂ ਨਜ਼ਰੀ ਆਉਂਦੀਆਂ ਹਨ। ਇਸ ਮਹੀਨੇ ਸਰ੍ਹੋਂ ਦੇ ਖੇਤ ਇਸ ਤਰ੍ਹਾਂ ਨਜ਼ਰੀਂ ਪੈਂਦੇ ਹਨ ਜਿਵੇਂ ਕੁਦਰਤ ਦੀ ਇਸ ਕਾਇਨਾਤ ਨਾਲ ਕੋਈ ਗੁਫ਼ਤਗੂ ਕਰ ਰਹੇ ਹੋਣ। ਇਸ ਫੱਗਣ ਮਹੀਨੇ ਦੀ ਆਮਦ ਨਾਲ ਫੁੱਲ, ਬੂਟਿਆਂ ਤੇ ਬਹਾਰ ਆਉਣ ਨਾਲ ਚੌਗਿਰਦਾ ਮਹਿਕ ਉਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ। ਫੱਗਣ ਮਹੀਨੇ ਸਰਦ ਰੁੱਤ ਨੂੰ ਅਲਵਿਦਾ ਕਰ ਮੌਸਮ ਗਰਮ ਰੁੱਤ ਵੱਲ ਵਧਣ ਲੱਗਦਾ ਹੈ। ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ ਤੇ ਮਹਾਸ਼ਿਵਰਾਤਰੀ ਦਾ ਤਿਉਹਾਰ ਵੀ ਇਸੇ ਮਹੀਨੇ ਆਉਂਦਾ ਹੈ। ਗਰਮ ਰੁੱਤ ਵੱਲ ਵਧਦੇ ਫੱਗਣ ਮਹੀਨੇ ਦੇ ਅਖੀਰ ਹੁੰਦੇ-ਹੁੰਦੇ ਭਾਰਤ ਦੇ ਕਈ ਹਿੱਸਿਆਂ 'ਚ ਹੋਲੀ ਦੀ ਸ਼ੁਰੂਆਤ ਹੋ ਜਾਂਦੀ ਹੈ ਤੇ ਫੱਗਣ ਦੇ ਮਹੀਨੇ ਇਹ ਜਾਂਦੀ-ਜਾਂਦੀ ਸਿਆਲੂ ਰੁੱਤ ਮਨੁੱਖੀ ਮਨ 'ਚ ਮਿਲਾਪ ਦੀ ਤਾਂਘ ਪੈਦਾ ਕਰਦੀ ਜਾਪਦੀ ਹੈ। ਜਿਨ੍ਹਾਂ ਮੁਟਿਆਰਾਂ ਦੇ ਮਾਹੀ ਪ੍ਰਦੇਸੀ ਹੋਏ ਹੋਣ, ਉਹ ਮੁਟਿਆਰਾਂ ਮਾਹੀ ਦੇ ਮਿਲਾਪ ਦੀ ਤਾਂਘ 'ਚ ਤੜਪਦੀਆਂ ਜਾਪਦੀਆਂ ਹਨ ਤੇ ਬਾਰਾਂਮਾਹ 'ਚ ਹਿਦਾਇਤਉਲਾ ਜੀ ਕਹਿੰਦੇ ਹਨ:

ਚੜ੍ਹਿਆ ਫੱਗਣ ਕੰਧੀ ਲੱਗਣ ਉਮਰ ਰਹੀ ਦਿਨ ਥੋੜੇ ਨੀਂ।
ਨਾਲ ਪੀਆ ਦੇ ਖੇਡਾਂ ਹੋਲੀ ਏਹ ਮੇਰਾ ਦਿਲ ਲੋੜੇ ਨੀਂ।
ਐਸਾ ਕੌਣ ਕੱਢਾਂ ਮੈਂ ਦਰਦੀ ਜਾ ਉਸ ਨੂੰ ਹੱਥ ਜੋੜੇ ਨੀਂ।
ਤਾਂ ਸੁਹਾਗਣ ਬਣਾਂ ਹਿਦਾਇਤ ਜੇ ਸ਼ਹੁ ਵਾਗਾਂ ਮੋੜੇ ਨੀਂ ॥੧੨॥੧॥

ਅੱਧ ਫਰਵਰੀ ਤੋਂ ਅੱਧ ਮਾਰਚ ਮਹੀਨੇ ਦਾ ਇਹ ਫੱਗਣ ਮਹੀਨਾ ਕਿਸੇ ਸਾਲ 30 ਦਿਨਾਂ ਦਾ ਤੇ ਕਿਸੇ ਸਾਲ 31 ਦਿਨਾਂ ਦਾ ਹੋ ਨਿੱਬੜਦਾ ਹੈ। ਇਸ ਮਹੀਨੇ ਜਿੱਥੇ ਦਿਨੇ ਸੂਰਜ ਦੀਆਂ ਕਿਰਨਾਂ ਨਾਲ ਫੁੱਲ, ਬੂਟਿਆਂ ਤੇ ਨਿਖਾਰ ਆਉਣ ਨਾਲ ਚੌਗਿਰਦਾ ਮਹਿਕ ਉਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ, ਉਥੇ ਹੀ ਰਾਤਾਂ ਨੂੰ ਮਿੰਨੀ-ਮਿੰਨੀ ਚੱਲਦੀ ਹਵਾ, ਖੁੱਲ੍ਹੇ ਅਸਮਾਨ 'ਚ ਕਿਤੇ ਬੱਦਲੀ ਦਾ ਟੋਟਾ, ਅਸਮਾਨੀ ਟਿਮ-ਟਿਮਾਉਂਦਾ ਕੋਈ-ਕੋਈ ਤਾਰਾ ਤੇ ਸ਼ਾਂਤ ਟਿਕੀ ਰਾਤ ਇਉਂ ਜਾਪਦੀ ਹੈ ਜਿਵੇਂ ਧਰਤ ਨੂੰ ਆਪਣੇ ਕਲਾਵੇ 'ਚ ਲੈ ਲੋਰੀਆਂ ਸੁਣਾਉਂਦੀ ਹੋਵੇ। ਫੱਗਣ ਮਹੀਨੇ ਦੇ ਇਹ ਕੁਦਰਤੀ ਨਜ਼ਾਰੇ ਮਨੁੱਖੀ ਮਨ ਅੰਦਰ ਵੀ ਕੁਦਰਤੀ ਨਿਖਾਰ ਲਿਆਉਣ ਦਾ ਕੰਮ ਕਰਦੇ ਹਨ, ਬਸ਼ਰਤੇ ਮਨੁੱਖੀ ਮਨ ਨੂੰ ਮਨ ਨਾਲ ਇਹ ਕੁਦਰਤ ਦੀ ਕਾਇਨਾਤ ਨਾਲ ਮੋਹ 'ਪਾ ਇਕ-ਮਿਕ ਹੋਣਾ ਪਵੇਗਾ, ਬਾਰਾਂਮਾਹ 'ਚ ਬਾਬਾ ਬੁੱਲ੍ਹੇ ਸ਼ਾਹ ਜੀ ਕਹਿੰਦੇ ਹਨ :-

ਫੱਗਣ ਫੁਲੇ ਖੇਤ ਜਿਉਂ ਬਣ ਤਿਣ ਫੂਲ ਸਿੰਗਾਰ,
ਹਰ ਡਾਲੀ ਫੁੱਲ ਪੱਤੀਆਂ ਗਲ ਫੂਲਣ ਦੇ ਹਾਰ,
ਹੋਰੀ ਖੇਲਣ ਸਈਆਂ ਫੱਗਣ, ਮੇਰੇ ਨੈਣ ਝਲਾਰੀਂ ਵੱਗਣ,
ਔਖੇ ਜਿਉਂਦਿਆਂ ਦੇ ਦਿਨ ਤੱਗਣ, ਸੀਨੇ ਬਾਣ ਪ੍ਰੇਮ ਦੇ ਲੱਗਣ,
ਜੋ ਕੁਝ ਰੋਜ਼ ਅਜ਼ਲ ਥੀਂ ਹੋਈ, ਲਿਖੀ ਕਲਮ ਨਾ ਮੇਟੇ ਕੋਈ,
ਦੁੱਖਾਂ ਸੂਲਾਂ ਦਿੱਤੀ ਢੋਈ, ਬੁੱਲ੍ਹਾ ਸ਼ੌਹ ਨੂੰ ਆਖੋ ਕੋਈ, ਜਿਸ ਨੂੰ ਰੋ ਰਹੀ ।੬।

ਭਾਰਤ ਦੀਆਂ ਮੁੱਖ ਛੇ ਰੁੱਤਾਂ 'ਚੋਂ ਬਸੰਤ ਰੁੱਤ ਨੂੰ ਸਭ ਤੋਂ ਮਨਮੋਹਣੀ ਰੁੱਤ ਮੰਨਿਆ ਜਾਂਦਾ ਹੈ ਤੇ ਇਹ ਬਾਹਰ ਦੀ ਰੁੱਤ ਇਸ ਫੱਗਣ ਮਹੀਨੇ 'ਚ ਹੀ ਆਉਂਦੀ ਹੈ। ਸਾਡੇ ਪੰਜਾਬੀਆਂ ਦੇ ਦਿਨ, ਮਹੀਨੇ, ਰੁੱਤਾਂ, ਤਿੱਥ, ਤਿਉਹਾਰ, ਅਖਾਣ, ਕਹਾਣੀਆਂ, ਕਹਾਵਤਾਂ, ਟੱਪੇ, ਛੰਦ, ਬੈਂਤ, ਬੋਲੀਆਂ ਤੇ ਲੋਕ ਗੀਤ ਸਭ ਆਪਸ ਵਿਚ ਜੁੜੇ ਹੋਏ ਨੇ, ਸਾਡੇ ਕਈਂ ਸੂਫੀ-ਸੰਤ-ਫ਼ਕੀਰ, ਸਾਹਿਤਕਾਰਾਂ ਨੇ ਤਿੱਥ ਤੇ ਤਿਉਹਾਰਾਂ ਤੋਂ ਇਲਾਵਾ ਸਾਲ 'ਚ ਆਉਂਦੇ ਦੇਸੀ ਮਹੀਨਿਆਂ 'ਤੇ ਵੀ ਬਹੁਤ ਕੁਝ ਕਿਹਾ ਹੈ। ਉਨ੍ਹਾਂ ਦੀਆਂ ਲਿਖੀਆਂ ਤੇ ਕਹੀਆਂ ਗੱਲਾਂ 'ਚ ਇਕ ਅਲੱਗ ਹੀ ਕਿਸਮ ਦਾ ਨਿੱਘ ਅੱਜ ਵੀ ਮਿਲਦਾ ਹੈ। ਰੁੱਤਾਂ, ਬਹਾਰਾਂ, ਮੌਸਮ ਤੇ ਤਿਉਹਾਰ ਦੇ ਆਪਸੀ ਸਬੰਧ ਉਨ੍ਹਾਂ ਬੜੀ ਸੁਝ-ਬੁਝ ਨਾਲ ਆਪਣੇ ਢੰਗ ਨਾਲ ਬਿਆਨ ਕੀਤੇ ਹਨ, ਜਿਵੇਂ ਚੱਲ ਰਹੇ ਬਾਹਰ ਦੀ ਰੁੱਤ ਫੱਗਣ ਦੇ ਮਹੀਨੇ ਤੇ ਅੰਮ੍ਰਿਤਾ ਪ੍ਰੀਤਮ ਜੀ ਆਪਣੀ ਇਕ ਕਵਿਤਾ 'ਚ ਕਹਿੰਦੇ ਹਨ:

ਰੰਗ ਦੇ ਦੁਪੱਟਾ ਮੇਰਾ, ਰੁੱਤੇ ਨੀਂ ਲਲਾਰਣੇ।
ਅੱਜ ਮੈਂ ਲੋਕਾਈ, ਉਤੇ ਸਾਰੇ ਰੰਗ ਵਾਰਨੇ।
ਇਕ ਸੁਪਨੇ ਵਰਗਾ ਰੰਗ, ਕਿ ਰੰਗ ਗੁਲਾਬ ਦਾ।
ਇਕ ਕੱਚਾ ਸੂਹਾ ਰੰਗ, ਸੋਹਲਵੇਂ ਸਾਲ ਦਾ।
ਇਕ ਪੱਕਾ ਸੂਹਾ ਰੰਗ, ਕਿ ਰੰਗ ਖਿਆਲ ਦਾ।
ਇਹ ਦੋ ਰੁਤਾਂ ਦਾ ਮੇਲ, ਹੁਨਾਲ ਸਿਆਲ ਦਾ।






TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's
FUEL CARDS
NO CREDIT - NO PROBLEM
BEST CUSTOMER SERVICE
QUIKQ WEX
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
ROAD SQUAD
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035




# ਬੱਚਿਆਂ ਦੀ ਸਿੱਖਣ ਕਲਾ ਦਾ ਆਗਾਜ਼ ਤੇ ਵਿਕਾਸ

**ਸਰਬਜੀਤ ਕੌਰ ਸਰਬ**

ਜਦੋਂ ਬੱਚੇ ਸਿੱਖਦੇ ਹਨ,ਉਸ ਸਮੇਂ ਇਹ ਜਾਪਦਾ ਹੈ ਕਿ ਜਾਦੂ ਉਨ੍ਹਾਂ ਦੇ ਦਿਮਾਗ ਵਿਚ ਹੈ। ਅਚਾਨਕ ਉਨ੍ਹਾਂ ਨੂੰ ਉਹ ਕੁਝ ਮਹਿਸੂਸ ਹੁੰਦਾ ਹੈ ਜੋ ਉਹ ਸਿੱਖ ਰਹੇ ਹਨ ਅਤੇ ਉਸ ਜਾਣਕਾਰੀ ਨੂੰ ਅੰਦਰੂਨੀ ਬਣਾਉਂਦੇ ਹਨ। ਬੱਚੇ ਅਤੇ ਨੌਜਵਾਨ ਹਮੇਸ਼ਾ ਨਿਰੀਖਣ, ਸੁਣਨ, ਪੜਚੋਲ ਕਰਨ, ਪ੍ਰਯੋਗ ਕਰਨ ਅਤੇ ਪ੍ਰਸ਼ਨ ਪੁੱਛ ਕੇ ਸਿੱਖਦੇ ਹਨ। ਸਕੂਲ ਸ਼ੁਰੂ ਕਰਨ ਸਮੇਂ ਇਹ ਮਹੱਤਵਪੂਰਨ ਹੁੰਦਾ ਹੈ। ਜਿਉਂ ਜਿਉਂ ਬੱਚਾ ਵੱਡਾ ਹੁੰਦਾ ਜਾਂਦਾ ਹੈ, ਉਸ ਦੀ ਸਿੱਖਣ ਦੀ 'ਰੁਚੀ' ਵਧੇਰੇ ਹੁੰਦੀ ਜਾਂਦੀ ਹੈ ।

ਬੱਚਿਆਂ ਦੀ ਸਿਖਲਾਈ ਵਿੱਚ ਮਾਪਿਆਂ ਦੀ ਭੂਮਿਕਾ

ਬੇਸ਼ੱਕ ਮਾਪਿਆਂ ਨੂੰ ਲਗਦਾ ਹੈ ਕਿ ਸਿੱਖਣ ਅਤੇ ਸਿਖਾਉਣ ਬਾਰੇ ਉਹ ਜ਼ਿਆਦਾ ਨਹੀਂ ਜਾਣਦੇ, ਪਰ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਬੱਚੇ ਦੀ ਸਿੱਖਣ ਸ਼ਕਤੀ ਦਾ ਵਿਕਾਸ ਉਸਦੇ ਸ਼ੁਰੂਆਤੀ ਪਲਾਂ ਤੋਂ ਸ਼ੁਰੂ ਹੋ ਜਾਂਦਾ ਹੈ। ਉਸ ਤੋਂ ਬਾਅਦ ਬੱਚਾ ਲਗਾਤਾਰ ਸਿੱਖਣਾ ਜਾਰੀ ਰੱਖਦਾ ਹੈ। ਜਦੋਂ ਬੱਚਾ ਐਲੀਮੈਂਟਰੀ ਸਕੂਲ ਅਤੇ ਫਿਰ ਹਾਈ ਸਕੂਲ ਜਾਂਦਾ ਹੈ ਤਾਂ ਉਸ ਨੂੰ ਸਿੱਖਣ ਪ੍ਰਤੀ ਸਕੂਲ ਹਮੇਸ਼ਾ ਸਕਾਰਾਤਮਕ ਰਵੱਈਆ ਰੱਖਣ ਵਿਚ ਸਹਾਇਤਾ ਕਰ ਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਜੇਕਰ ਉਹ ਆਪਣੇ ਬੱਚਿਆਂ ਵਿਚ ਸਕਾਰਾਤਮਕ ਗੁਣ ਭਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸਕੂਲ ਅਤੇ ਅਧਿਆਪਕਾ ਨਾਲ ਚੰਗਾ ਰਿਸ਼ਤਾ ਕਾਇਮ ਕਰਨਾ ਅਤੇ ਅਧਿਆਪਕਾਂ ਨਾਲ ਬਕਾਇਦਾ ਵਿਚਾਰਾਂ ਦਾ ਸੰਚਾਰ ਕਰਨਾ।

ਬੱਚੇ ਸਿੱਖਣ ਦੇ ਵੱਖ-ਵੱਖ ਪੜਾਵਾਂ ਵਿੱਚੋਂ ਕਿਵੇਂ ਲੰਘਦੇ ਹਨ

ਜਿਵੇਂ ਜਿਵੇਂ ਬੱਚੇ ਵੱਡੇ ਹੁੰਦੇ ਹਨ, ਉਹ ਸਿੱਖਣ ਦੇ ਵੱਖੋ-ਵੱਖਰੇ ਪੜਾਵਾਂ ਵਿੱਚੋਂ ਲੰਘਦੇ ਹਨ, ਉਨ੍ਹਾਂ ਦੇ ਜੀਵਨ ਨੂੰ ਸਹੀ ਸੇਧ ਦਿੱਤੀ ਜਾਵੇ ਉਸ ਦੇ ਲਈ ਹੇਠ ਲਿਖਿਆਂ ਧਿਆਨ ਦੇਣ ਯੋਗ ਕੁਝ ਗੱਲਾਂ ਹਨ :- ਜਿਵੇਂ, ਇਕ ਬੱਚਾ ਆਪਣੀਆਂ ਗਿਆਨ ਇੰਦਰੀਆਂ ਦੁਆਰਾ ਦੁਨੀਆ ਬਾਰੇ ਸਿੱਖਦਾ ਹੈ।

ਲਗਭਗ ਦੋ ਤੋਂ ਸੱਤ ਸਾਲ ਦੀ ਉਮਰ ਤੋਂ ਬੱਚਾ ਤਰਕ ਕਰਨ ਅਤੇ ਸੋਚਣ ਦੀ ਯੋਗਤਾ ਦਾ ਵਿਕਾਸ ਕਰਨਾ ਸ਼ੁਰੂ ਕਰਦਾ ਹੈ, ਪਰ ਅਜੇ ਵੀ ਉਹ ਸਵੈ-ਕੇਂਦ੍ਰਿਤ ਹੈ। ਸੱਤ ਸਾਲ ਦੀ ਉਮਰ ਤੋਂ ਬਾਅਦ, ਇਕ ਬੱਚਾ ਆਮ ਤੌਰ 'ਤੇ ਘੱਟ ਸਵੈ-ਕੇਂਦ੍ਰਿਤ ਹੋ ਜਾਂਦਾ ਹੈ ਅਤੇ ਆਪਣੇ ਆਪ ਤੋਂ ਬਾਹਰ ਦੇਖ ਸਕਦਾ ਹੈ।

12 ਸਾਲ ਦੀ ਉਮਰ ਤੱਕ, ਜ਼ਿਆਦਾਤਰ ਬੱਚੇ ਦੁਨੀਆਂ ਬਾਰੇ ਆਪਣੇ ਵਿਚਾਰਾਂ ਦਾ ਤਰਕ ਦੇ ਸਕਦੇ ਹਨ ਅਤੇ ਪਰਖ ਸਕਦੇ ਹਨ। ਇਸਦਾ ਅਰਥ ਇਹ ਹੈ ਕਿ ਛੋਟੇ ਬੱਚਿਆਂ ਦੇ ਨਾਲ ਸਾਨੂੰ ਆਪਣੇ ਆਪ ਨਾਲ ਸਬੰਧਤ ਉਦਾਹਰਣਾਂ ਨੂੰ ਵਿਅਕਤੀਗਤ ਬਣਾਉਣ ਨਾਲ ਉਨ੍ਹਾਂ ਨੂੰ ਸੇਧ ਦੇਣ ਦੀ ਜ਼ਰੂਰਤ ਹੈ, ਜਦੋਂਕਿ ਵੱਡੇ ਬੱਚਿਆਂ ਨੂੰ ਆਪਣੇ ਆਲੇ ਦੁਆਲੇ ਦੀ ਦੁਨੀਆ ਨੂੰ ਸਮਝਣ ਲਈ ਆਪਣੀ ਗਿਆਨ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ। ਇਸਦਾ ਇਹ ਵੀ ਅਰਥ ਹੈ ਕਿ ਬੱਚਿਆਂ ਨੂੰ ਸਿਖਲਾਈ ਦੇ ਸਹੀ ਪੜਾਅ 'ਤੇ ਹੋਣਾ ਚਾਹੀਦਾ ਹੈ। ਉਦਾਹਰਣ ਲਈ ਛੋਟੇ ਬੱਚੇ ਸੰਖਿਆਵਾਂ, ਰੰਗਾਂ ਅਤੇ ਆਕਾਰਾਂ ਬਾਰੇ ਸਿੱਖਣ ਲਈ ਤਿਆਰ ਹਨ, ਪਰ ਉਹ ਵਿਆਕਰਣ ਦੇ ਸੰਖੇਪ ਨਿਯਮਾਂ ਲਈ ਤਿਆਰ ਨਹੀਂ ਹਨ।



ਬੱਚਿਆਂ ਦੀ ਸਿੱਖਣ ਕਲਾ ਸਮਾਜਿਕ ਹੁਨਰਾਂ ਨਾਲ ਪੈਦਾ ਨਹੀਂ ਹੁੰਦੀ

ਸਮਾਜ ਸਿਰਫ਼ ਬੱਚਿਆਂ ਨੂੰ ਸੇਧ ਦੇ ਸਕਦਾ ਹੈ ਪਰ ਉਨ੍ਹਾਂ ਦੀ ਸਿੱਖਣ ਕਲਾ ਹੀ ਚੰਗੇ ਵਿਚਾਰ ਪ੍ਰਦਾਨ ਕਰੇਗੀ। ਸਿੱਖਣ ਦੇ ਨਾਲ ਹੀ ਉਹ ਲਿਖਣਾ, ਪੜ੍ਹਨਾ ਤੇ ਖੇਡਣਾ ਸਿੱਖਦੇ ਹਨ। ਇਸ ਲਈ ਹਰ ਮਾਂ ਬਾਪ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਦੂਸਰੇ ਬੱਚਿਆਂ ਨਾਲ ਖੇਡਣ ਦਾ ਮੌਕਾ ਦੇਣਾ ਤਾਂ ਜੋ ਉਨ੍ਹਾਂ ਹੁਨਰਾਂ ਨੂੰ ਵਿਕਸਿਤ ਕਰਨ ਦਾ ਇਕ ਵਧੀਆ ਢੰਗ ਤਰੀਕਾ ਮਿਲ ਸਕੇ ਹੈ।





ਤੁਹਾਡੇ ਬੱਚੇ ਦੇ ਕਮਿਊਨਿਟੀ ਕੁਨੈਕਸ਼ਨ ਸਿੱਖਣ ਦੇ ਮਹੱਤਵਪੂਰਨ ਤਜਰਬੇ ਨੂੰ ਵੀ ਪੇਸ਼ ਕਰਦੇ ਹਨ। ਉਦਾਹਰਣ ਦੇ ਲਈ, ਸਥਾਨਕ ਸਟੋਰਾਂ, ਪਾਰਕਾਂ, ਖੇਡ ਦੇ ਮੈਦਾਨਾਂ ਅਤੇ ਲਾਇਬ੍ਰੇਰੀਆਂ ਦਾ ਦੌਰਾ ਕਰਨਾ ਜਾਂ ਆਲੇ ਦੁਆਲੇ ਘੁੰਮਣਾ ਹੀ ਤੁਹਾਡੇ ਬੱਚੇ ਨੂੰ ਸਮਝਣ ਵਿੱਚ ਸਹਾਇਤਾ ਕਰਦਾ ਹੈ ਕਿ ਕਮਿਊਨਿਟੀ ਕਿਵੇਂ ਕੰਮ ਕਰਦੀ ਹੈ।

ਜੇ ਤੁਹਾਡਾ ਪਰਿਵਾਰ ਘਰ ਵਿਚ ਆਪਣੀ ਮਾਂ-ਬੋਲੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦਾ ਹੈ ਤਾਂ ਇਹ ਤੁਹਾਡੇ ਬੱਚੇ ਲਈ ਇਕ ਦੋ-ਭਾਸ਼ੀ ਸਿੱਖਿਅਕ ਬਣਨ ਦਾ ਇਕ ਵਧੀਆ ਢੰਗ ਪ੍ਰਦਾਨ ਕਰ ਸਕਦਾ ਹੈ। ਦੋ ਜਾਂ ਦੋ ਤੋਂ ਵੱਧ ਭਾਸ਼ਾਵਾਂ ਸਿੱਖਣਾ ਬੱਚਿਆਂ ਦੇ ਵਿਕਾਸ ਨੂੰ ਨੁਕਸਾਨ ਜਾਂ ਹੌਲੀ ਨਹੀਂ ਕਰਦਾ ਸਗੋਂ ਦੋ ਭਾਸ਼ਾਵਾਂ ਬੋਲਣ ਵਾਲੇ ਬੱਚੇ ਨੂੰ ਬਹੁਤ ਸਾਰੇ ਫਾਇਦੇ ਹੋ ਸਕਦੇ ਹਨ, ਉਦਾਹਰਣ ਲਈ ਬਿਹਤਰ ਪੜ੍ਹਨ ਅਤੇ ਲਿਖਣ ਦੇ ਹੁਨਰ ਦਾ ਵਿਕਾਸ ਹੋਣਾ ।

ਜਦੋਂ ਤੁਸੀਂ ਜਾਣਦੇ ਹੋ ਕਿ ਤੁਹਾਡਾ ਬੱਚਾ ਸਭ ਤੋਂ ਵਧੀਆ ਕਿਵੇਂ ਸਿੱਖਦਾ ਹੈ ਤਾਂ ਤੁਸੀਂ ਉਸਦੀ ਸਿਖਲਾਈ ਦੇ ਸਾਰੇ ਖੇਤਰਾਂ ਵਿੱਚ ਸਹਾਇਤਾ ਕਰ ਸਕਦੇ ਹੋ। ਉਦਾਹਰਣ ਵਜੋਂ ਜੇ ਤੁਹਾਡਾ ਬੱਚਾ ਵੇਖਣ ਅਤੇ ਕਰਨ ਨਾਲ ਬਿਹਤਰ ਸਿੱਖਦਾ ਹੈ ਤਾਂ ਤੁਸੀਂ ਅਜਿਹਾ ਮਾਹੌਲ ਬਣਾਓ ਕਿ ਉਸ ਦੀ ਸਿੱਖਣ ਸ਼ਕਤੀ ਹੋਰ ਵਧ ਸਕੇ।

ਐਲੀਮੈਂਟਰੀ ਸਕੂਲ ਵਿਚ ਸਿੱਖਣ ਲਈ ਸੁਝਾਅ

ਐਲੀਮੈਂਟਰੀ ਸਕੂਲ ਦੇ ਬੱਚੇ ਨੂੰ ਸਿੱਖਣ ਵਿੱਚ ਸਹਾਇਤਾ ਕਰਨ ਲਈ ਇੱਥੇ ਕੁਝ ਵਿਵਹਾਰਕ ਸੁਝਾਅ ਹਨ :- ਸਕੂਲ ਬਾਰੇ ਗੱਲ ਕਰਕੇ ਤੁਹਾਡਾ ਬੱਚਾ ਕੀ ਕਰ ਰਿਹਾ ਹੈ ਅਤੇ ਕੀ ਸਿੱਖ ਰਿਹਾ ਹੈ ਇਸ ਵਿੱਚ ਦਿਲਚਸਪੀ ਦਿਖਾਓ।

ਆਪਣੇ ਬੱਚੇ ਨਾਲ ਰਾਇਮਿੰਗ ਗੇਮਜ਼, ਲੈਟਰ ਗੇਮਜ਼ ਅਤੇ ਸ਼ਕਲ ਅਤੇ ਨੰਬਰ ਗੇਮਜ਼ ਖੇਡੋ ਅਤੇ ਖੇਡਾਂ ਅਤੇ ਗਤੀਵਿਧੀਆਂ ਵਿਚ ਬਦਲਾਓ ਲਿਆਉਣ ਦਾ ਯਤਨ ਕਰੋ।

ਸਾਧਾਰਨ ਭਾਸ਼ਾ ਦੀ ਵਰਤੋਂ ਕਰੋ ਅਤੇ ਸ਼ਬਦਾਂ ਅਤੇ ਸ਼ਬਦ ਦੇ ਅਰਥਾਂ ਨਾਲ ਖੇਡੋ, ਉਦਾਹਰਣ ਵਜੋਂ, ਤੁਸੀਂ ਸ਼ਬਦਾਂ ਵਿਚ ਤਾੜੀਆਂ-ਤਾੜੀਆਂ ਪਾ ਸਕਦੇ ਹੋ ਜਾਂ ਸ਼ਬਦ ਐਸੋਸੀਏਸ਼ਨ ਗੇਮਜ਼ ਖੇਡ ਸਕਦੇ ਹੋ।

ਆਪਣੇ ਬੱਚੇ ਨੂੰ ਖੁਦ ਪੜ੍ਹਾਉਣ ਜਾਰੀ ਰੱਖੋ ਭਾਵੇਂ ਉਹ ਆਪਣੇ ਆਪ ਪੜ੍ਹ ਸਕਦਾ ਹੋਵੇ।

ਆਪਣੇ ਬੱਚੇ ਨੂੰ ਕਿਤਾਬਾਂ, ਟੈਲੀਵੀਯਨ, ਜਾਂ ਸਾਧਾਰਨ ਗੱਲਬਾਤ ਵਿੱਚ ਬਹੁਤ ਸਾਰੇ ਨਵੇਂ ਸ਼ਬਦ ਸੁਣਨ ਅਤੇ ਵੇਖਣ ਦਿਓ, ਪਰ ਸ਼ਬਦਾਂ ਦੇ ਅਰਥਾਂ ਬਾਰੇ ਉਨ੍ਹਾਂ ਨਾਲ ਖੁੱਲ੍ਹ ਕੇ ਗੱਲ ਕਰੋ।

ਇਹ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਕੋਲ ਗੈਰ ਸੰਗਠਿਤ ਖੇਡਣ ਦਾ ਸਮਾਂ ਹੈ। ਆਪਣੇ ਬੱਚੇ ਨੂੰ ਬਹੁਤ ਸਾਰੀਆਂ ਵੱਖਰੀਆਂ ਗਤੀਵਿਧੀਆਂ ਨੂੰ ਅਜ਼ਮਾਉਣ ਲਈ ਉਤਸ਼ਾਹਿਤ ਕਰ ਕੇ ਉਸਦੀ ਖੋਜਣ ਸ਼ਕਤੀ ਨੂੰ ਵਧਾਉਣ ਲਈ ਸਹਾਇਤਾ ਕਰੋ।

**ਬੱਚੇ ਵੱਡੇ ਹੋਣ ਜਾਂ ਛੋਟੇ, ਜਦੋਂ ਤੱਕ ਉਹ ਆਪਣੇ ਮਾਪਿਆਂ ਦੀ ਛਾਂ ਹੇਠ ਹਨ ਉਦੋਂ ਤੱਕ ਉਹ ਆਪਣੇ ਆਪ ਨੂੰ ਮਹਿਫੂਜ ਸਮਝਦੇ ਹਨ, ਪਰ ਜਦੋਂ ਉਹ ਸਮਾਜ ਵਿਚ ਵਿਚਰਨਾ ਸ਼ੁਰੂ ਕਰ ਦਿੰਦੇ ਹਨ ਤਦ ਸਮਾਜ ਦਾ ਚੰਗਾ ਮਾੜਾ ਪ੍ਰਭਾਵ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਵਿੱਚ ਨਵਾਂ ਮੋੜ ਆ ਜਾਂਦਾ ਹੈ। ਕੁਝ ਤਾਂ ਬੱਚੇ ਸਹੀ ਰਸਤਾ ਅਪਣਾ ਲੈਂਦੇ ਹਨ ਪਰ ਕੁਝ ਆਪਣੇ ਜੀਵਨ ਦਾ ਅਸਲ ਮਕਸਦ ਭੁੱਲ ਕੇ ਨਸ਼ਿਆਂ ਅਤੇ ਜ਼ੁਲਮ ਦੀ ਦੁਨੀਆਂ ਨੂੰ ਅਪਣਾ ਲੈਂਦੇ ਹਨ। ਇਥੇ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕੋਈ ਵੀ ਮਾਂ-ਬਾਪ ਆਪਣੇ ਬੱਚਿਆਂ ਨੂੰ ਗਲਤ ਰਸਤੇ ਜਾਂਦਾ ਦੇਖ ਕੇ ਖ਼ੁਸ਼ੀ ਮਹਿਸੂਸ ਨਹੀਂ ਕਰਦੇ। ਸੋ, ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਬੱਚਿਆਂ ਵਿਚ ਸ਼ੁਰੂਆਤੀ ਦਿਨਾਂ ਵਿੱਚ ਹੀ ਉਨ੍ਹਾਂ ਦੇ ਅੰਦਰ ਸਬਰ ਸਹਿਣ-ਸ਼ਕਤੀ ਅਤੇ ਸਮਝਣ ਦੀ ਕਲਾ ਦਾ ਵਿਕਾਸ ਕਰ ਦੇਈਏ ਤਾਂ ਜੋ ਚੰਗੇ ਮਾੜੇ ਸਮਾਜ ਵਿੱਚ ਉਹ ਆਪਣੇ ਆਪ ਨੂੰ ਮਹਿਫੂਜ ਰੱਖ ਕੇ ਹਮੇਸ਼ਾ ਸਹੀ ਨਿਰਣਾ ਲੈ ਸਕਣ ਅਤੇ ਆਪਣੀ ਜ਼ਿੰਦਗੀ ਨੂੰ ਖੂਬਸੂਰਤ ਬਣਾ ਸਕਣ।**

ਪ੍ਰਾਇਮਰੀ ਸਕੂਲਾਂ ਵਿਚ ਸਿੱਖਣ ਦੇ ਤਰੀਕੇ

ਬੱਚੇ ਵੱਖੋ-ਵੱਖਰੇ ਤਰੀਕਿਆਂ ਨਾਲ ਸਿੱਖਦੇ ਹਨ। ਕੁਝ ਵੇਖ ਕੇ ਸਿੱਖਦੇ ਹਨ, ਕੁਝ ਸੁਣ ਕੇ, ਕੁਝ ਪੜ੍ਹ ਕੇ, ਤੇ ਕੁਝ ਆਪਣੇ ਕੰਮ ਕਰ ਕੇ ਸਿੱਖਦੇ ਹਨ। ਉਮਰ ਦੇ ਇਸ ਪੜਾਅ 'ਤੇ, ਬੱਚੇ ਅਜੇ ਵੀ ਖੇਡ ਕੇ ਸਿੱਖਦੇ ਹਨ, ਬਹੁਤ ਸਾਰੇ ਗੈਰ-ਸੰਗਠਿਤ ਮੁਫਤ ਖੇਡ ਸਕੂਲ ਵਿਚ ਸਿੱਖਦੇ ਹਨ। ਇਹ ਬੱਚਿਆਂ ਨੂੰ ਕਲਾਸ ਦੀਆਂ ਰੁਟੀਨ ਅਤੇ ਨਿਯਮਾਂ ਦੇ ਬਾਅਦ ਆਰਾਮ ਕਰਨ ਦਾ ਮੌਕਾ ਵੀ ਦਿੰਦਾ ਹੈ। ਬੱਚੇ ਚੀਜ਼ਾਂ ਨੂੰ ਕਈ ਵੱਖ-ਵੱਖ ਤਰੀਕਿਆਂ ਨਾਲ ਵਰਤ ਕੇ ਵੀ ਸਿੱਖਦੇ ਹਨ। ਜਦੋਂ ਬੱਚਾ ਕਈ ਤਰ੍ਹਾਂ ਦੀਆਂ ਸਮੱਗਰੀਆਂ ਦੀ ਵਰਤੋਂ ਕਰ ਰਿਹਾ ਹੈ, ਪੜਚੋਲ ਕਰ ਰਿਹਾ ਹੈ ਅਤੇ ਤਿਆਰ ਕਰ ਰਿਹਾ ਹੈ ਤਾਂ ਉਹ ਅਜਿਹੀਆਂ ਸਥਿਤੀਆਂ ਵਿੱਚ ਸਮੱਸਿਆ ਦੇ ਹੱਲ ਬਾਰੇ ਸਿੱਖ ਰਿਹਾ ਹੈ ਜਿੱਥੇ ਕੋਈ ਨਿਰਧਾਰਿਤ ਜਾਂ 'ਸਹੀ' ਉੱਤਰ ਨਹੀਂ ਹਨ।





ਅਪਰ ਪ੍ਰਾਇਮਰੀ ਅਤੇ ਸੈਕੰਡਰੀ ਵਿਚ ਸਿੱਖਣਾ

ਬੱਚਾ ਵੱਡਾ ਹੋਣ ਤੇ ਵਧੇਰੇ ਸੁਤੰਤਰ ਹੋ ਜਾਵੇਗਾ। ਸ਼ਾਇਦ ਇਹ ਹੀ ਕਾਰਨ ਹੈ ਕਿ ਉਸ ਨੂੰ ਜਾਪਦਾ ਹੈ ਕਿ ਉਸ ਦੀ ਸੋਚਣ ਤੇ ਸਮਝਣ ਸ਼ਕਤੀ ਦੂਜਿਆਂ ਨਾਲੋਂ ਜ਼ਾਈਦਾ ਹੈ, ਉਸਦੀ ਅਜਿਹੀ ਸੋਚ ਹੋਣ ਦੇ ਬਾਵਜੂਦ ਉਸ ਨੂੰ ਫਿਰ ਵੀ ਤੁਹਾਡੀ ਭਾਗੀਦਾਰੀ ਅਤੇ ਉਤਸ਼ਾਹ ਦੀ ਲੋੜ ਹੈ, ਜੋ ਸਿਰਫ ਵੱਖੋ-ਵੱਖਰੇ ਤਰੀਕਿਆਂ ਨਾਲ ਪ੍ਰਦਾਨ ਕੀਤੀ ਜਾਂਦੀ ਹੈ।

ਭਾਵੇਂ ਤੁਹਾਡਾ ਬੱਚਾ ਤੁਹਾਡੇ ਨਾਲ ਘੱਟ ਜਾਣਕਾਰੀ ਸਾਂਝੀ ਕਰਦਾ ਹੈ, ਤੁਸੀਂ ਉਸਨੂੰ ਦੱਸ ਸਕਦੇ ਹੋ ਕਿ ਜਦੋਂ ਤੁਸੀਂ ਗੱਲ ਕਰਨਾ ਚਾਹੁੰਦੇ ਹੋ ਤਾਂ ਸਰਗਰਮੀ ਨਾਲ ਸੁਣ ਕੇ ਉਹ ਜੋ ਸਿੱਖ ਰਿਹਾ ਹੈ ਉਸ ਵਿੱਚ ਤੁਸੀਂ ਦਿਲਚਸਪੀ ਰੱਖਦੇ ਹੋ। ਇਸ ਗੱਲ ਦਾ ਇਹ ਸੁਨੇਹਾ ਜਾਂਦਾ ਹੈ ਕਿ ਉਨ੍ਹਾਂ ਦੀ ਸਿਖਲਾਈ ਤੁਹਾਡੇ ਲਈ ਮਹੱਤਵਪੂਰਣ ਹੈ ਅਤੇ ਤੁਸੀਂ ਉਨ੍ਹਾਂ ਦੀ ਸਹਾਇਤਾ ਲਈ ਉਪਲਬਧ ਹੋ।

ਐਲੀਮੈਂਟਰੀ ਅਤੇ ਅਪਰ ਸੈਕੰਡਰੀ ਸਕੂਲ ਵਿਚ ਸਿਖਲਾਈ ਲਈ ਸੁਝਾਅ

ਆਪਣੇ ਬੱਚੇ ਨੂੰ ਨਵੀਆਂ ਚੀਜ਼ਾਂ ਅਜ਼ਮਾਉਣ, ਗਲਤੀਆਂ ਕਰਨ ਅਤੇ ਨਵੇਂ ਤਜਰਬਿਆਂ ਰਾਹੀਂ ਸਿੱਖਣ ਦਿਓ। ਆਪਣੇ ਬੱਚੇ ਦੀਆਂ ਗਤੀਵਿਧੀਆਂ ਵਿੱਚ ਦਿਲਚਸਪੀ ਦਿਖਾਓ। ਇਕੱਠੀਆਂ ਖਬਰਾਂ ਵੇਖੋ ਅਤੇ ਇਸ ਬਾਰੇ ਗੱਲ ਕਰੋ ਕਿ ਦੁਨੀਆ ਵਿੱਚ ਕੀ ਹੋ ਰਿਹਾ ਹੈ।

ਜੇ ਤੁਹਾਡੇ ਬੱਚੇ ਦਾ ਹੋਮਵਰਕ ਹੈ ਤਾਂ ਉਸਨੂੰ ਹਰ ਰੋਜ਼ ਅਤੇ ਕਿਸੇ ਖ਼ਾਸ ਖੇਤਰ ਵਿਚ, ਉਸੇ ਤਰ੍ਹਾਂ ਟੈਲੀਵਿਜ਼ਨ ਜਾਂ ਸੈੱਲ ਫੋਨ ਵਰਗੀਆਂ ਰੁਕਾਵਟਾਂ ਤੋਂ ਦੂਰ ਕਰਨ ਲਈ ਉਤਸ਼ਾਹਿਤ ਕਰੋ।

ਇਹ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਕੋਲ ਆਰਾਮ ਕਰਨ ਅਤੇ ਖੇਡਣ ਦਾ ਸਮਾਂ ਹੈ।

ਚੰਗੀ ਨੀਂਦ ਲਿਆਉਣ ਵਿਚ ਬੱਚੇ ਦੀ ਮਦਦ ਕਰੋ। ਜਦੋਂ ਉਹ ਕੁਝ ਖੇਤਰਾਂ ਵਿੱਚ ਸੰਘਰਸ਼ ਕਰ ਰਿਹਾ ਹੈ ਤਾਂ ਇਸ ਪ੍ਰਤੀ ਸੰਵੇਦਨਸ਼ੀਲ ਬਣੋ ਅਤੇ ਹਮਦਰਦੀ ਦੀ ਵਰਤੋਂ ਕਰੋ। ਆਪਣੇ ਬੱਚੇ 'ਤੇ ਭਰੋਸਾ ਕਰੋ, ਉਸਨੂੰ ਉਵੇਂ ਹੀ ਸਵੀਕਾਰੋ ਜਿਵੇਂ ਉਹ ਹੈ। ਉਨ੍ਹਾਂ ਦੀਆਂ ਭਾਵਨਾਵਾਂ ਦਾ ਜਵਾਬ ਦਿਓ ਅਤੇ ਆਪਣੇ ਖੁਦ ਦੇ ਸਿੱਖਣ ਦੇ ਤਜਰਬਿਆਂ ਨੂੰ ਯਾਦ ਕਰੋ ਤਾਂ ਜੋ ਤੁਸੀਂ ਆਪਣੇ ਬੱਚੇ ਨੂੰ ਸਮਝ ਸਕੋ।

ਨਾਵਲ

ਕਿਸ਼ਤ-16

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ



ਹਰਦੇਵ ਗਰੇਵਾਲ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

'ਹੈਲੋ, ਹਾਂ ਜੀ ਬਿੰਦ ਸਾਹਬ, ਮੈਂ ਤੇਜਵੀਰ ਬੋਲ ਰਿਹਾਂ ਜੀ ਬਿਲਕੁਲ ਉਹੀ ਬਿੰਦ ਸਾਹਬ ਆਪਣੇ ਮਿਸਟਰੀ ਮੈਨ ਦੀ ਮਿਸਟਰੀ ਸੌਲਵ ਹੋ ਗਈ। ਬਿਲਕੁਲ ਠੀਕ ਸਮਝਿਆ ਸਰ, ਉਸਦਾ ਨਾਂ ਏ ਸੰਨੀ ਬਾਜਵਾ, ਕੈਬਨਿਟ ਮਿਨਿਸਟਰ ਕੁਲਜੀਤ ਸਿੰਘ ਬਾਜਵਾ ਦਾ ਸਪੁਤ। ਬਿਲਕੁਲ ਬਿੰਦ ਸਾਹਬ, ਇੱਕਦਮ ਪੱਕੀ ਗੱਲ।ਸਰ ਤੁਸੀਂ ਉਸਨੂੰ ਤਲਬ ਕਰਕੇ ਉਸਦੇ ਫ਼ਿੰਗਰ ਪ੍ਰਿੰਟਸ ਤੇ ਡੀ.ਐਨ.ਏ. ਚੈੱਕ ਕਰਵਾਓ, ਆਪਣੇ ਆਪ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਏਗਾ। ਮੈਂ ਵੀ ਦੋ-ਤਿੰਨ ਘੰਟੇ 'ਚ ਹਾਜ਼ਰ ਹੁੰਨਾ।'

'ਪਰ ਕਾਕਾ ਜੀ, ਉਹ ਇੱਕ ਕੈਬਨਿਟ ਮਿਨਿਸਟਰ ਦਾ ਪੁੱਤਰ ਏ, ਕੋਈ ਮਾਮੂਲੀ ਜੇਬਕਤਰਾ ਨਹੀਂ, ਬਈ ਮੈਂ ਇਉਂ ਤਲਬ ਕਰਲਾਂ ਉਸਨੂੰ। ਤੁਸੀਂ ਸ਼ੱਕ ਦੀ ਬੁਨਿਆਦ ਤਾਂ ਦੱਸੋ? ਤੁਹਾਨੂੰ ਕਿਵੇਂ ਪਤਾ ਲੱਗਾ ਇਸ ਬਾਰੇ 'ਚ? ਜੇ ਕੋਈ ਗਵਾਹ ਏ ਤਾਂ ਮੇਰੇ ਕੋਲ ਲੈ ਆਓ, ਜਾਂ ਮੈਨੂੰ ਨਾਂ ਹੀ ਦੱਸ ਦਿਓ। ਤਸਦੀਕ ਕਰਕੇ ਹੀ ਤਾਂ ਕਾਰਵਾਈ ਹੋਵੇਗੀ ਕਾਕਾ ਜੀ।'

ਬਿੰਦ ਠੀਕ ਆਖ ਰਿਹਾ ਸੀ।

ਹਵਾ 'ਚ ਗੱਲ ਕੀਤਿਆਂ ਤਾਂ ਗੱਲ ਨਹੀਂ ਬਣਨੀ।

ਸ਼ੱਕ ਦੀ ਠੋਸ ਵਜ੍ਹਾ ਤਾਂ ਬਿਆਨ ਕਰਨੀ ਹੀ ਪਏਗੀ।

ਕੀ ਉਹ ਸਿੰਮੀ ਦਾ ਨਾਂ ਲੈ ਦਵੇ?

ਪਰ ਇਉਂ ਦਿੱਤੇ ਹੋਏ ਭਰੋਸੇ ਨੂੰ ਤੋੜਨਾ ਤੇਜਵੀਰ ਨੂੰ ਗਵਾਰਾ ਨਾ ਹੋਇਆ। ਤਾਂ ਫਿਰ ਉਹ ਬਿੰਦ ਨੂੰ ਕੀ ਜਵਾਬ ਦਏ?

'ਹੈਲੋ? ਤੇਜਵੀਰ? ਲਾਈਨ ਤੇ ਤਾਂ ਹੈਂ ਬਈ?'

ਤੇਜਵੀਰ ਨੂੰ ਜਵਾਬ ਸੁੱਝ ਚੁੱਕਾ ਸੀ।

'ਬਿੰਦ ਸਾਹਬ, ਤੁਹਾਨੂੰ ਯਾਦ ਹੋਣਾਂ ਬਈ ਅੱਜ ਮੈਂ ਮਿੱਠਾ ਪਾਨ ਖਾਣ ਗਿਆ ਸੀ?'

'ਕਾਕਾ ਜੀ, ਮੇਰੇ ਨਾਲ ਮਜ਼ਾਕ ਕਰਨ ਲਈ ਫ਼ੋਨ ਕੀਤਾ ਤੁਸੀਂ?'

'ਨਹੀਂ-ਨਹੀਂ ਬਿੰਦ ਸਾਹਬ, ਪਲੀਜ਼ ਡੋਂਟ ਗੈੱਟ ਮੀ ਰੌਂਗ, ਆਈ ਐਮ ਨਾੱਟ ਜੋਕਿੰਗ ਐਟ ਆੱਲ, ਆਈ ਐਮ ਸੀਰੀਅਸ।'

'ਹਾਂ, ਮੈਨੂੰ ਯਾਦ ਏ।'

'ਬੱਸ ਤੁਸੀਂ ਇੱਕ ਵਾਰ ਉਸ ਪਨਵਾੜੀ ਦਾ ਸਾਹਮਣਾ ਸੰਨੀ ਬਾਜਵਾ ਨਾਲ ਕਰਵਾ ਦਿਓ। ਉਹ ਸੰਨੀ ਬਾਜਵਾ ਨੂੰ, ਕਤਲ ਦੀ ਰਾਤ ਕੰਧ ਟੱਪ ਕੇ ਹੋਸਟਲ 'ਚ ਫੇਰਾ ਲਾਉਣ ਵਾਲੇ, ਉਸ ਰੂਟ ਦੇ ਰੈਗੂਲਰ ਵਿਜ਼ਿਟਰ ਦੇ ਰੂਪ ਵਿੱਚ ਸ਼ਰਤੀਆ ਪਹਿਚਾਣ ਲਏਗਾ। ਇਸ ਬੁਨਿਆਦ 'ਤੇ ਤੁਸੀਂ ਸੰਨੀ ਬਾਜਵਾ ਨੂੰ ਘੱਟੋ-ਘੱਟ ਪੁੱਛ-ਗਿੱਛ ਲਈ ਤਾਂ ਬੁਲਾ ਹੀ ਸਕਦੇ ਹੋ? ਬਾਕੀ ਤੁਸੀਂ ਖ਼ੁਦ ਸਮਝਦਾਰ ਹੋ ਬਿੰਦ ਸਾਹਬ।'

ਅੱਗੇ ਤੇਜਵੀਰ ਨੂੰ ਨਾ ਕੁਝ ਕਹਿਣ ਦੀ ਲੋੜ ਪਈ, ਨਾ ਬਿੰਦ ਨੂੰ ਸੁਣਨ ਦੀ।

ਰਾਏਕੋਟ ਤੋਂ ਚੱਲ ਕੇ ਪਹਿਲਾਂ ਉਹ 'ਰੋਜ਼ਾਨਾ ਖ਼ਬਰਨਾਮਾ' ਦੇ ਦਫ਼ਤਰ ਪਹੁੰਚੇ। ਭੋਗਲ ਸਾਹਬ ਆਪਣੇ ਕੈਬਿਨ 'ਚ ਮੌਜੂਦ ਸਨ। ਤੇਜਵੀਰ ਨੇ ਸਾਰੀ ਸੂਰਤੇ-ਹਾਲ ਬਿਆਨ ਕੀਤੀ।

ਭੋਗਲ ਸਾਹਬ ਨੇ ਉਨ੍ਹਾਂ ਦੀ ਪ੍ਰੋਗਰੈੱਸ ਰਿਪੋਰਟ 'ਤੇ ਤਸੱਲੀ ਪ੍ਰਗਟਾਈ। ਪਰ ਨਾਲ ਹੀ ਇਹ ਵੀ ਚੇਤਾਇਆ ਕਿ ਬਿਨਾਂ ਠੋਸ ਸਬੂਤਾਂ ਦੀ ਤਸਦੀਕ ਕੀਤਿਆਂ, ਕਿਸੇ ਦਾ ਨਾਂ ਪਬਲਿਕ 'ਚ ਉਛਾਲਣਾ 'ਰੋਜ਼ਾਨਾ ਖ਼ਬਰਨਾਮਾ' ਦੀ ਪਾਲਿਸੀ ਵਿਚ ਸ਼ੁਮਾਰ ਨਹੀਂ। ਸੋ ਜਦੋਂ ਤੱਕ ਪੁਲਿਸ ਪੂਰੀ ਤਰ੍ਹਾਂ ਜਾਂਚ-ਪੜਤਾਲ ਕਰ ਕੇ ਸੰਨੀ ਬਾਜਵਾ ਨੂੰ ਗ੍ਰਿਫ਼ਤਾਰ ਨਹੀਂ ਕਰ ਲੈਂਦੀ, ਇਸ ਖ਼ਬਰ ਨੂੰ ਹੋਲਡ 'ਤੇ ਰੱਖਣਾ ਚਾਹੀਦਾ ਹੈ। ਬਿੰਦ ਦੀ ਕਾਬਲੀਅਤ ਅਤੇ ਇਮਾਨਦਾਰੀ 'ਤੇ ਭਰੋਸਾ ਜਤਾਉਂਦਿਆਂ ਉਨ੍ਹਾਂ ਕਿਹਾ ਕਿ ਉਸ ਵੱਲੋਂ ਕੋਈ ਸਿਆਸੀ ਦਬਾਅ ਥੱਲੇ ਆ ਕੇ ਕਿਸੇ ਕਿਸਮ ਦੀ ਢਿੱਲ ਵਰਤਣ ਦੀ ਕੋਈ ਉਮੀਦ ਨਹੀਂ, ਸੋ ਨਤੀਜਾ ਜਲਦੀ ਹੀ ਨਿਕਲੇਗਾ। ਅਤੇ ਨਾਲ ਹੀ ਦਿਖਾਈ ਫੁਰਤੀ ਦੇ ਮੱਦੇਨਜ਼ਰ ਉਨ੍ਹਾਂ ਤੇਜਵੀਰ ਅਤੇ ਗਗਨ ਦੀ ਬਕਾਇਦਾ ਪਿੱਠ ਠੋਕੀ। ਉਥੋਂ ਫ਼ਾਰਿਗ ਹੋ ਉਹ ਦੋਵੇਂ ਪੁਲਿਸ ਹੈੱਡਕੁਆਰਟਰ ਪਹੁੰਚੇ। ਬਿੰਦ ਦੇ ਆਫ਼ਿਸ ਦੇ ਦਰਵਾਜ਼ੇ ਦੇ ਬਾਹਰ ਖੜ੍ਹੇ ਸਿਪਾਹੀ ਨੇ ਪਰਿਚੈ ਪਾ, ਉਨ੍ਹਾਂ ਨੂੰ ਬੇਹਿਚਕ ਅੰਦਰ ਜਾਣ ਦਾ ਸੰਕੇਤ ਕੀਤਾ। ਜ਼ਰੂਰ ਉਨ੍ਹਾਂ ਦੀ ਆਮਦ ਸੰਬੰਧੀ ਬਿੰਦ ਵੱਲੋਂ ਉਸ ਨੂੰ ਪਹਿਲਾਂ ਹੀ ਨਿਰਦੇਸ਼ ਪ੍ਰਾਪਤ ਹੋ ਚੁੱਕੇ ਸਨ।

ਆਫ਼ਿਸ ਅੰਦਰ ਪ੍ਰਵੇਸ਼ ਕਰਦਿਆਂ ਹੀ ਤੇਜਵੀਰ ਨੂੰ ਅੰਦਰਲੇ ਮਾਹੌਲ ਦੀ ਗਰਮੀ ਦਾ ਅਹਿਸਾਸ ਹੋ ਗਿਆ।

'ਪਰ ਇੰਸਪੈਕਟਰ ਸਾਹਬ, ਸੰਨੀ ਦਾ ਇਸ ਮਾਮਲੇ ਨਾਲ ਕੀ ਲੈਣਾ-ਦੇਣਾ? ਫਿਰ ਆਖ਼ਿਰ ਇਸ ਇਲਜ਼ਾਮ ਦੀ ਕੋਈ ਵਜ੍ਹਾ ਵੀ ਤਾਂ ਹੋਵੇ?'

ਦੁੱਧ-ਚਿੱਟੇ ਰੰਗ ਦੇ ਕੁੜਤੇ-ਪਜਾਮੇ ਅਤੇ ਉਸੇ ਰੰਗ ਦੀ ਹੀ ਪਗੜੀ ਪਹਿਨੇ, ਅੱਧਖੜ੍ਹ ਉਮਰ ਨੂੰ ਪਾਰ ਕਰਦੇ ਵਿਅਕਤੀ ਦੇ ਮੂੰਹੋਂ ਨਿਕਲੇ ਇਹ ਅਲਫ਼ਾਜ਼ ਸੁਣਦਿਆਂ ਸਾਰ ਹੀ, ਤੇਜਵੀਰ ਨੂੰ ਝੱਟ ਇਹ ਅੰਦਾਜ਼ਾ ਹੋ ਗਿਆ ਕਿ ਹੋਵੇ ਨਾ ਹੋਵੇ ਇਹ ਸ਼ਖ਼ਸ ਜ਼ਰੂਰ ਬਜ਼ਾਤੇ-ਖ਼ੁਦ ਕੈਬਨਿਟ ਮਨਿਸਟਰ ਕੁਲਜੀਤ ਸਿੰਘ ਬਾਜਵਾ ਹੀ ਸੀ।

ਫਿਰ ਤਾਂ ਜ਼ਰੂਰ ਉਸਦੇ ਨਾਲ ਵਾਲੀ ਕੁਰਸੀ 'ਤੇ ਬੈਠਾ ਅਲਟਰਾ ਮਾਡਰਨ ਪਹਿਰਾਵੇ ਵਾਲਾ ਗੋਰਾ ਚਿੱਟਾ ਲੜਕਾ, ਸੰਨੀ ਬਾਜਵਾ ਹੀ ਸੀ। ਤੇਜਵੀਰ ਬਿੰਦ ਦੀ ਮੁਸਤੈਦੀ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਿਆ।

ਬਿੰਦ ਦੀ ਨਜ਼ਰ ਉਨ੍ਹਾਂ 'ਤੇ ਪਈ ਤਾਂ ਦਰਵਾਜ਼ੇ 'ਤੇ ਖੜ੍ਹੇ-ਖੜ੍ਹੇ ਹੀ ਉਨ੍ਹਾਂ ਸਿਰ ਨਿਵਾਇਆ। ਉਸਨੇ ਉਨ੍ਹਾਂ ਨੂੰ ਆਪਣੇ ਆਫ਼ਿਸ ਟੇਬਲ ਦੇ ਸੱਜੇ ਪਾਸੇ ਪਈਆਂ ਦੋ ਕੁਰਸੀਆਂ ਉੱਪਰ ਬੈਠਣ ਦਾ ਇਸ਼ਾਰਾ ਕਰਦਿਆਂ-ਕਰਦਿਆਂ, ਮੰਤਰੀ ਸਾਹਬ ਨੂੰ ਜਵਾਬ ਦੇਣਾ ਸ਼ੁਰੂ ਕੀਤਾ।

'ਮਨਿਸਟਰ ਸਾਹਬ, ਤੁਸੀਂ ਗ਼ਲਤ ਸਮਝ ਰਹੇ ਹੋ। ਮੈਂ ਕੋਈ ਇਲਜ਼ਾਮ ਨਹੀਂ ਲਾ ਰਿਹਾ। ਇਹ ਤਾਂ ਬੱਸ ਇਸ ਮਾਮੂਲੀ ਜਿਹੀ ਰੁਟੀਨ ਪੁੱਛਗਿੱਛ ਲਈ ਹੀ ਬੁਲਾਇਆ ਗਿਆ ਸੀ ਸੰਨੀ ਸਾਹਬ ਨੂੰ। ਇਹ ਕੋਈ ਗ੍ਰਿਫ਼ਤਾਰੀ ਨਹੀਂ, ਬਲਕਿ ਮਹਿਜ਼ ਇੱਕ ਰੁਟੀਨ ਇਨਕੁਆਰੀ ਏ।'

ਪਰ ਉਸਦੇ ਜਵਾਬ ਵੱਲ ਗ਼ੈਰ-ਦਿਲਚਸਪੀ ਦਿਖਾਉਂਦੇ ਹੋਏ ਮੰਤਰੀ ਸਾਹਬ ਦਾ ਸਾਰਾ ਧਿਆਨ ਹੁਣ ਤੇਜਵੀਰ ਅਤੇ ਗਗਨ ਵੱਲ ਕੇਂਦਰਿਤ ਹੋ ਗਿਆ।

'ਇਹ ਲੋਕ ਕੌਣ ਨੇ? ਨਾਲ਼ੇ ਐਥੇ ਕੀ ਕਰ ਰਹੇ ਨੇ?'

ਗੁੱਸੇ ਅਤੇ ਹੈਰਾਨੀ ਦੀ ਮਿਲੀ-ਜੁਲੀ ਸੁਰ 'ਚ, ਪੈਂਦੀ ਸੱਟੇ ਹੀ ਮੰਤਰੀ ਸਾਹਬ ਨੇ ਸਵਾਲ ਦਾਗਿਆ।

ਬਿੰਦ ਨੇ ਜਾਣ-ਪਛਾਣ ਕਰਾਈ ਤਾਂ ਤੇਜਵੀਰ ਅਤੇ ਗਗਨ ਨੇ ਸਿਰ ਨਿਵਾ ਕੇ ਅਭਿਵਾਦਨ ਕੀਤਾ, ਪਰ ਉਨ੍ਹਾਂ ਦੇ ਅਭਿਵਾਦਨ ਨੂੰ ਉੱਕਾ ਹੀ ਅੱਖੋਂ-ਪਰੋਖੇ ਕਰ, ਮੰਤਰੀ ਸਾਹਬ ਨੇ ਔਗ ਉਗ਼ਲੀ।

'ਇੰਸਪੈਕਟਰਾ, ਤੂੰ ਪੱਤਰਕਾਰਾਂ ਨੂੰ ਵੀ ਬੁਲਾ ਲਿਆ ਐਥੇ? ਮੇਰੀ ਇਮੇਜ ਨੂੰ ਖ਼ਰਾਬ ਕਰਨ ਦੀ ਕੀ ਸਾਜ਼ਿਸ਼ ਹੋ ਰਹੀ ਐ ਐਥੇ? ਇਹ ਤੂੰ ਚੰਗੀ ਗੱਲ ਨੀਂ ਕੀਤੀ। ਇਹਦਾ ਨਤੀਜਾ ਠੀਕ ਨਹੀਂ ਨਿਕਲਣਾ।' ਮੰਤਰੀ ਸਾਹਬ ਦੀ ਭਾਸ਼ਾ 'ਤੂੰ-ਤਕਾਰ' 'ਤੇ ਉੱਤਰ ਆਈ ਸੀ। ਬਿੰਦ ਨੇ ਬੜੇ ਠਰੰਮੇ ਨਾਲ ਉੱਤਰ ਦਿੱਤਾ।

'ਮਨਿਸਟਰ ਸਾਹਬ, ਤੁਸੀਂ ਫਿਰ ਗ਼ਲਤ ਸਮਝ ਰਹੇ ਓ। ਐਸੀ ਕੋਈ ਗੱਲ ਨਹੀਂ। ਦਰਅਸਲ ਇਹ ਦੋਵੇਂ ਤਾਂ ਸ਼ੁਰੂ ਤੋਂ ਹੀ ਇਸ ਕੇਸ ਦੀ ਤਹਿਕੀਕਾਤ ਨਾਲ ਜੁੜੇ ਹੋਏ ਨੇ। ਜੇ ਤੁਸੀਂ ਗ਼ੌਰ ਕੀਤਾ ਹੋਵੇ ਤਾਂ ਤੇਜਵੀਰ ਨੇ ਹੀ ਆਪਣੀ ਖ਼ਬਰ ਰਾਹੀਂ ਇਸ ਕੇਸ ਦਾ ਇਹ ਨਵਾਂ ਐਂਗਲ ਸਾਹਮਣੇ ਰੱਖਿਆ ਸੀ ਕਿ ਇਹ ਕੋਈ ਖ਼ੁਦਕੁਸ਼ੀ ਨਹੀਂ ਬਲਕਿ ਕਤਲ ਹੈ।'

'ਅੱਛਾ, ਹੁਣ ਮੈਂ ਸਮਝਿਆ,' ਜ਼ਹਿਰ ਬੁਝੇ ਸ਼ਬਦਾਂ ਦੇ ਤੀਰ ਛੱਡਦਿਆਂ ਮੰਤਰੀ ਸਾਹਬ ਨੇ ਮੂੰਹ ਤੇਜਵੀਰ ਵੱਲ ਘੁੰਮਾਇਆ।

'ਕਾਕਾ, ਆਪੋਜ਼ੀਸ਼ਨ ਨੇ ਕਿੰਨਾ ਚੜ੍ਹਾਵਾ ਚੜ੍ਹਾਇਆ? ਮੈਂ ਵੀ ਕਹਾਂ ਬਈ ਇਹ ਸਾਲ਼ਾ ਡਰਾਮਾ ਜਿਹਾ ਕੀ ਹੋਈ ਜਾਂਦਾ, ਤਾਂ ਮੇਰੀ ਪਬਲਿਕ ਇਮੇਜ ਨੂੰ ਸੱਟ ਮਾਰਨ ਲਈ, ਹੁਣ ਮੇਰੇ ਮੁੰਡੇ ਨੂੰ ਇਸ ਕੇਸ ਵਿੱਚ ਘੜੀਸਣ ਦੀ ਸਾਜ਼ਿਸ਼ ਹੋ ਰਹੀ ਏ, ਐਥੇ, ਪਰ ਮੈਂ ਇਹ ਸਾਜ਼ਿਸ਼ ਕਾਮਯਾਬ ਨੀਂ ਹੋਣ ਦੇਣੀ, ਇਹ ਗੱਲ ਯਾਦ ਰੱਖਿਓ ਤੁਸੀਂ ਲੋਕ।'

ਮੰਤਰੀ ਸਾਹਬ ਦੀ 'ਤੁਸੀਂ' ਵਿੱਚ ਬਿੰਦ ਵੀ ਸ਼ਾਮਿਲ ਸੀ। ਏਨੀ ਦੇਰ ਨੂੰ, ਅਚਨਚੇਤ ਹੀ, ਸੰਨੀ ਬਾਜਵਾ ਨੇ ਬੜੀ ਅਣਕਿਆਸੀ ਹਰਕਤ ਕਰ ਦਿੱਤੀ।

ਉਸਨੇ ਬੜੀ ਫੁਰਤੀ ਨਾਲ ਉੱਠ ਕੇ ਤੇਜਵੀਰ ਦਾ ਗਿਰੇਬਾਨ ਫੜ ਲਿਆ ਅਤੇ ਦਹਾੜ ਛੱਡੀ।

'ਤੈਨੂੰ ਤਾਂ ਮੈਂ ਦੇਖੂੰ ਸਾਲਿਆ ਵੱਡੇ ਪੱਤਰਕਾਰ ਨੂੰ, ਸੰਨੀ ਬਾਜਵਾ ਨਾਉਂ ਐ ਮੇਰਾ, ਸੰਨੀ ਬਾਜਵਾ।'

ਕੁਝ ਪਲਾਂ ਲਈ ਤਾਂ ਤੇਜਵੀਰ ਸਮੇਤ ਸਭ ਸੁੰਨ ਹੋ ਗਏ। 'ਗਲਾਵਾਂ ਛੱਡ ਅਮੀਰਜ਼ਾਦੇ।' ਸੰਭਲਦੇ ਸਾਰ ਹੀ, ਗਿਣੇ-ਚੁਣੇ ਪਰ ਅਤਿਅੰਤ ਦ੍ਰਿੜ ਸ਼ਬਦ ਤੇਜਵੀਰ ਦੇ ਮੂੰਹੋਂ ਨਿਕਲੇ।

ਅੰਗਾਰੇ ਵਰ੍ਹਾਉਂਦੀਆਂ ਅੱਖਾਂ ਕੱਢਦੇ ਸੰਨੀ ਉੱਤੇ ਕੋਈ ਅਸਰ ਨਾ ਹੁੰਦਾ ਦੇਖ, ਬਿੰਦ ਆਪਣੀ ਕੁਰਸੀ ਤੋਂ ਉੱਠ ਖਲੋਇਆ।

ਪਰ ਇਸ ਤੋਂ ਪਹਿਲਾਂ ਕਿ ਉਹ ਸੰਨੀ ਵੱਲ ਲਪਕਦਾ, ਮੰਤਰੀ ਸਾਹਬ ਦਾ ਸਿਆਸੀ ਦਿਮਾਗ਼ ਮੌਕੇ ਦੀ ਗੰਭੀਰਤਾ ਦਾ ਜਾਇਜ਼ਾ ਲੈ ਚੁੱਕਾ ਸੀ।

'ਸੰਨੀ!'

ਮੰਤਰੀ ਸਾਹਬ ਦੀ ਜ਼ੋਰਦਾਰ ਦਹਾੜ ਪੂਰੇ ਕਮਰੇ ਵਿੱਚ ਗੂੰਜੀ।

ਗਗਨ ਦਾ ਘਸੁੰਨ ਸੰਨੀ ਦੀ ਗਿੱਚੀ 'ਤੇ ਪੈਣ ਤੋਂ ਪਹਿਲਾਂ ਹੀ ਹਵਾ 'ਚ ਫ੍ਰੀਜ਼ ਹੋ ਗਿਆ।

ਸ਼ੇਰ ਵਾਂਗੂੰ ਦਹਾੜਦਾ ਸੰਨੀ ਬਾਜਵਾ, ਪਿਓ ਦਾ ਦਬਕਾ ਸੁਣਦੇ ਸਾਰ ਹੀ ਤੇਜਵੀਰ ਦਾ ਗਿਰੇਬਾਨ ਛੱਡ, ਭਿੱਜੀ ਬਿੱਲੀ ਵਾਂਗੂੰ ਆਪਣੀ ਕੁਰਸੀ 'ਚ ਜਾ ਦੁਬਕਿਆ।

ਪਰ ਉਸਨੇ ਆਪਣੀਆਂ ਤੀਰ-ਬਰਛੇ ਵਰ੍ਹਾਉਂਦੀਆਂ ਨਜ਼ਰਾਂ ਤੇਜਵੀਰ 'ਤੋਂ ਨਾ ਹਟਾਈਆਂ।

ਗਗਨ ਵੀ ਢਿੱਲਾ ਪੈ ਕੇ ਆਪਣੀ ਜਗ੍ਹਾ 'ਤੇ ਜਾ ਬੈਠਾ।

ਬਿੰਦ ਨੇ ਵਾਪਿਸ ਆਪਣੀ ਕੁਰਸੀ ਮੱਲਦਿਆਂ ਸੰਨੀ ਨੂੰ ਆਖਿਆ, 'ਮਿਸਟਰ ਸੰਨੀ, ਸੇ ਸਾਰੀ ਟੂ ਮਿਸਟਰ ਤੇਜਵੀਰ।'

'ਹੋਸ਼ ਦੀ ਦਵਾ ਕਰ ਇੰਸਪੈਕਟਰ,' ਮੰਤਰੀ ਸਾਹਬ ਦੀ ਗਰਜ ਫਿਰ ਗੂੰਜੀ।

'ਹੋਸ਼ ਦੀ ਦਵਾ ਦੀ ਤੁਹਾਨੂੰ ਅਤੇ ਤੁਹਾਡੇ ਸਾਹਬਜ਼ਾਦੇ ਨੂੰ ਜ਼ਿਆਦਾ ਜ਼ਰੂਰਤ ਹੈ ਮਨਿਸਟਰ ਸਾਹਬ।' ਇਸ ਵਾਰ ਬਿੰਦ ਦੀ ਆਵਾਜ਼ 'ਚ ਦ੍ਰਿੜਤਾ ਦੇ ਨਾਲ-ਨਾਲ ਕਠੋਰਤਾ ਵੀ ਝਲਕ ਉੱਠੀ, 'ਤੁਸੀਂ ਇੱਕ ਪੜ੍ਹੇ-ਲਿਖੇ ਬਾ-ਰਸੂਖ ਸ਼ਹਿਰੀ ਓ, ਜਨਤਾ ਦੀ ਨੁਮਾਇੰਦਗੀ ਕਰਨ ਵਾਲੇ ਕੈਬਨਿਟ ਮਨਿਸਟਰ ਓ, ਇੱਕ ਪਬਲਿਕ ਫ਼ਿੱਗਰ ਓ, ਜਨਤਾ ਲਈ ਆਦਰਸ਼ ਓ। ਤੁਹਾਨੂੰ ਅਤੇ ਤੁਹਾਡੇ ਫ਼ਰਜ਼ੰਦ ਨੂੰ ਇਹ ਵਿਵਹਾਰ ਸ਼ੋਭਾ ਨਹੀਂ ਦਿੰਦਾ। ਮੈਂ ਤੁਹਾਡੇ ਨਾਲ ਬੜੇ ਅਦਬ ਨਾਲ ਪੇਸ਼ ਆ ਰਿਹਾਂ। ਪਰ ਤੁਸੀਂ ਏਨੀ ਜ਼ਿੰਮੇਵਾਰ ਸ਼ਖ਼ਸੀਅਤ ਹੋਣ ਦੇ ਬਾਵਜੂਦ, ਦੋ ਪੱਤਰਕਾਰਾਂ ਦੀ ਮੌਜੂਦਗੀ 'ਚ, ਇੱਕ ਆਨ ਡਿਊਟੀ ਪੁਲਿਸ ਅਫ਼ਸਰ ਨਾਲ ਅਸੱਭਿਅਕ ਭਾਸ਼ਾ ਦਾ ਪ੍ਰਯੋਗ ਕੀਤਾ, ਬੇਇੱਜ਼ਤੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਤੁਹਾਡੇ ਖ਼ਿਲਾਫ਼ ਸਾਜ਼ਿਸ਼ ਰਚਣ ਦਾ ਨਾਜਾਇਜ਼ ਇਲਜ਼ਾਮ ਲਗਾਇਆ, ਜਦਕਿ ਮੈਂ ਸਿਰਫ਼ ਆਪਣੀ ਡਿਊਟੀ ਨੂੰ ਅੰਜਾਮ ਦੇ ਰਿਹਾਂ। ਤੁਸੀਂ ਮੇਰੇ ਨਾਲ ਬਦਸਲੂਕੀ ਕੀਤੀ, ਚਲੋ ਕੋਈ ਗੱਲ ਨਹੀਂ। ਪਰ ਤੁਹਾਡੇ ਇਸ ਫ਼ਰਜ਼ੰਦ ਨੇ ਪੁਲਿਸ ਹੈੱਡਕੁਆਰਟਰ ਦੀ ਛੱਤ ਹੇਠ, ਇੱਕ ਕੈਬਨਿਟ ਮਨਿਸਟਰ, ਇੱਕ ਪੁਲਿਸ ਇੰਸਪੈਕਟਰ ਅਤੇ ਇੱਕ ਪੱਤਰਕਾਰ ਦੀ ਮੌਜੂਦਗੀ ਵਿੱਚ, ਇੱਕ ਪੱਤਰਕਾਰ ਦੇ ਗਲਾਵੇਂ ਨੂੰ ਹੱਥ ਪਾਇਆ, ਉਸਨੂੰ ਗਾਲ੍ਹਾਂ ਕੱਢੀਆਂ ਅਤੇ ਦੇਖ ਲੈਣ ਦੀ ਧਮਕੀ ਵੀ ਦਿੱਤੀ। ਕਾਨੂੰਨ ਦਾ ਮੁਹਾਫ਼ਿਜ਼ ਹੋਣ ਦੇ ਨਾਤੇ, ਤੁਹਾਡੇ ਫ਼ਰਜ਼ੰਦ ਦੀ ਇਸ ਗ਼ੈਰਕਾਨੂੰਨੀ ਹਰਕਤ ਨੂੰ ਮੈਂ ਅੱਖੋਂ-ਪਰੋਖੇ ਨਹੀਂ ਕਰ ਸਕਦਾ, ਮਨਿਸਟਰ ਸਾਹਬ।'

ਮੰਤਰੀ ਸਾਹਬ ਨੇ ਕੁਝ ਕਹਿਣ ਲਈ ਮੂੰਹ ਖੋਲ੍ਹਿਆ, ਪਰ ਫਿਰ ਕੁਝ ਸੋਚ ਕੇ ਆਪਣਾ ਇਰਾਦਾ ਬਦਲ ਦਿੱਤਾ।

'ਮਨਿਸਟਰ ਸਾਹਬ, ਆਸਕ ਮਿਸਟਰ ਸੰਨੀ ਫ਼ਾਰ ਸੇ ਸਾੱਰੀ ਟੂ ਮਿਸਟਰ ਤੇਜਵੀਰ। ਐਂਡ ਬਿਲੀਵ ਮੀ, ਇਹ ਮੈਂ ਤੁਹਾਡੇ ਭਲੇ ਲਈ ਹੀ ਕਹਿ ਰਿਹਾਂ।'

ਬਿੰਦ ਇੱਕ ਇਮਾਨਦਾਰ ਅਤੇ ਬੇਖ਼ੌਫ਼ ਪੁਲਿਸ ਅਫ਼ਸਰ ਹੋਣ ਦਾ ਨਾਲ-ਨਾਲ ਇੱਕ ਜ਼ਹੀਨ ਇਨਸਾਨ ਵੀ ਸੀ, ਤੇਜਵੀਰ ਨੇ ਇਸਦਾ ਮੁਜ਼ਾਹਰਾ ਵੀ ਦੇਖ ਲਿਆ ਸੀ। ਉਸਨੇ ਮੰਤਰੀ ਸਾਹਬ ਦੀ ਦੁਖਦੀ ਰਗ 'ਤੇ, ਬੜੇ ਪੋਲੇ ਜਿਹੇ, ਪਰ ਬੜੀ ਮਜ਼ਬੂਤ ਚੋਟ ਕੀਤੀ ਸੀ। ਸ਼ਾਇਦ ਏਸੇ ਲਈ ਹੀ ਇੱਕ ਇਮਾਨਦਾਰ ਪੁਲਿਸ ਅਫ਼ਸਰ ਹੋਣ ਦੇ ਬਾਵਜੂਦ ਵੀ, ਉਹ ਇਸ ਮਹਿਕਮੇ 'ਚ ਏਨੀ ਦ੍ਰਿੜਤਾ ਨਾਲ ਟਿਕਿਆ ਹੋਇਆ ਸੀ।

ਮੰਤਰੀ ਸਾਹਬ ਨੇ ਸਥਿਤੀ ਦਾ ਫ਼ਾਇਦਾ-ਨੁਕਸਾਨ ਬੜੀ ਜਲਦੀ ਤੋਲ ਲਿਆ।

ਆਖ਼ਿਰ ਇੱਕ ਰਾਜਨੀਤੀਵਾਨ ਦਾ ਦਿਮਾਗ਼ ਸੀ।

'ਸੰਨੀ, ਸੇ ਸਾੱਰੀ ਟੂ ਮਿਸਟਰ ਤੇਜਵੀਰ।'

ਆਪਣੇ ਤਾਕਤਵਰ ਹਾਕਮ ਬਾਪ ਦੇ ਮੂੰਹੋਂ ਇਹ ਅਲਫ਼ਾਜ਼ ਸੁਣ, ਸੰਨੀ ਦਾ ਮੂੰਹ ਹੈਰਾਨੀ ਨਾਲ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ।

'ਪਰ ਡੈਡੀ?'

'ਸ਼ੱਟਅੱਪ।' ਮੰਤਰੀ ਸਾਹਬ ਦੀ ਗਰਜ ਫਿਰ ਗੂੰਜੀ, 'ਸੁਣਿਆ ਨੀਂ ਤੈਨੂੰ ਮੈਂ ਕੀ ਕਿਹਾ?'

ਸੰਨੀ ਦੀ ਕੋਹੜ ਕਿਰਲੇ ਵਾਂਗੂੰ ਆਕੜੀ ਗਰਦਨ, ਤੋਰੀ ਵਾਂਗੂੰ ਲਟਕ ਗਈ।

ਸਾਹਬਜ਼ਾਦੇ ਨੂੰ ਹੁਣ ਥੁੱਕ ਕੇ ਚੱਟਣ ਲਈ ਮਜਬੂਰ ਜੋ ਹੋਣਾ ਪੈ ਰਿਹਾ ਸੀ।

'ਦੇਖ ਸਾਲ਼ਾ ਕਿਵੇਂ ਮੂਤ ਦੀ ਝੱਗ ਆਂਗੂ ਬੈਠ ਗਿਆ ਹੁਣ।'

ਗਗਨ ਮਨ ਹੀ ਮਨ ਬਦਲੀ ਸਥਿਤੀ ਉੱਤੇ ਸੰਤੋਖ ਪ੍ਰਗਟ ਕਰ ਰਿਹਾ ਸੀ।

'ਸਾੱਰੀ।'

ਤੇਜਵੀਰ ਵੱਲ ਦੇਖੇ ਬਿਨਾਂ ਹੀ, ਸੰਨੀ ਫਸੀ ਜਿਹੀ ਆਵਾਜ਼ 'ਚ ਬੋਲਿਆ।

'ਸਾੱਰੀ ਕਿਹਾ ਕਿ ਉਲਾਂਭਾ ਦਿੱਤਾ?'

ਗਗਨ ਵੀ ਟਪਲਾ ਲਾ ਕੇ ਮੌਜੂਦਗੀ ਦਰਜ ਕਰਾ ਹੀ ਗਿਆ।

ਪਰ ਤੇਜਵੀਰ ਨੇ ਇਸ ਮਾਮਲੇ ਨੂੰ ਹੁਣ ਹੋਰ ਤੂਲ ਦੇਣਾ ਜ਼ਰੂਰੀ ਨਾ ਸਮਝਿਆ।

'ਇਟਸ ਓ ਕੇ ਗਗਨ, ਸੰਨੀ ਸਾਹਬ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਚੁੱਕਾ ਏ।'

ਤੇਜਵੀਰ ਦੇ ਇਸ ਕਥਨ ਨਾਲ ਸੰਨੀ ਦਾ ਪਹਿਲਾਂ ਤੋਂ ਹੀ ਲਟਕਿਆ ਮੂੰਹ, ਹੋਰ ਲਟਕ ਗਿਆ।

'ਹੁਣ ਹੋਰ ਕੋਈ ਕਸਰ ਬਾਕੀ ਰਹਿ ਗਈ ਤਾਂ ਉਹ ਵੀ ਪੂਰੀ ਕਰ ਲਓ ਇੰਸਪੈਕਟਰ 'ਸਾਹਬ'।'

'ਸਾਹਬ' ਸ਼ਬਦ 'ਤੇ ਜ਼ੋਰ ਦਿੰਦਿਆਂ ਮੰਤਰੀ ਸਾਹਬ ਨੇ ਉਲਾਂਭਾ ਜਿਹਾ ਦੇ ਮਾਰਿਆ।

'ਜੋ ਮੈਂ ਪੁੱਛਣਾ ਸੀ, ਉਹ ਮੈਂ ਪੁੱਛ ਹੀ ਲਿਆ ਮਨਿਸਟਰ ਸਾਹਬ। ਸੰਨੀ ਸਾਹਬ ਦਾ ਜਵਾਬ ਵੀ ਸੁਣ ਲਿਆ। ਤੁਸੀਂ ਹੁਣ ਬੇਸ਼ੱਕ ਜਾ ਸਕਦੇ ਹੋ, ਪਰ ਜੇ ਫਿਰ ਇਨ੍ਹਾਂ ਦੀ ਲੋੜ ਪਈ, ਤਾਂ ਮੈਨੂੰ ਆਸ ਹੈ ਕਿ ਸੰਨੀ ਸਾਹਬ ਪੁਲਿਸ ਨੂੰ ਪੂਰਾ ਸਹਿਯੋਗ ਦੇਣਗੇ। ਇੱਕ ਗੱਲ ਹੋਰ, ਕਿ ਮੈਨੂੰ ਸੂਚਿਤ ਕੀਤੇ ਬਗ਼ੈਰ ਇਹ ਸ਼ਹਿਰੋਂ ਬਾਹਰ ਨਾ ਜਾਣ।'

ਬਿਨਾਂ ਕੁਝ ਆਖੇ ਮੰਤਰੀ ਸਾਹਬ ਨੇ ਢਿੱਲੇ ਜਿਹੇ ਪੈ ਚੁੱਕੇ ਸੰਨੀ ਦਾ ਹੱਥ ਫੜਿਆ ਅਤੇ ਤੇਜ਼ ਕਦਮ ਵਧਾ ਦਿੱਤੇ।

ਸੰਨੀ ਮੂੰਹ ਲਟਕਾਈ, ਮੰਤਰੀ ਸਾਹਬ ਦੇ ਪਿੱਛੇ-ਪਿੱਛੇ, ਕਿਸੇ ਮਰੀਅਲ ਜਿਹੇ ਕਤੂਰੇ ਵਾਂਗੂੰ ਘਿਸਟਦਾ ਚਲਾ ਗਿਆ।

'ਚੰਗਾ ਮੱਕੂ ਠੱਪਿਆ ਬਿੰਦ ਸਾਹਬ,' ਗਗਨ ਨੇ ਪ੍ਰਸ਼ੰਸਾਤਮਕ ਸੁਰ ਵਿੱਚ ਕਿਹਾ।

'ਕਾਕਾ ਜੀ, ਕਾਇਦਾ-ਕਾਨੂੰਨ ਸਭ ਲਈ ਬਰਾਬਰ ਏ।'

'ਪਰ ਬੜੀ ਮੁਸਤੈਦੀ ਦਿਖਾਈ ਬਿੰਦ ਸਾਹਬ, ਐਨੇ ਘੱਟ ਸਮੇਂ ਦੇ ਅੰਦਰ-ਅੰਦਰ ਹੀ ਤੁਸੀਂ ਤਲਬ ਵੀ ਕਰ ਲਿਆ ਪਿਉ-ਪੁੱਤਰ ਨੂੰ? ਕਮਾਲ ਏ, ਤੇ ਉਹ ਵੀ ਸਿਰਫ਼ ਮੇਰੀ ਇੱਕ ਇਨਫ਼ਾਰਮੇਸ਼ਨ 'ਤੇ,' ਤੇਜਵੀਰ ਦੇ ਸੁਰ ਵਿੱਚ ਵੀ ਭਰਪੂਰ ਪ੍ਰਸ਼ੰਸਾ ਦੀ ਪੁੱਠ ਸੀ।

'ਸਿਰਫ਼ ਤੁਹਾਡੀ ਇਨਫ਼ਾਰਮੇਸ਼ਨ 'ਤੇ ਨਹੀਂ ਕਾਕਾ ਜੀ! ਪਰ ਹਾਂ ਕੁਝ ਤੁਹਾਡੇ ਦੱਸੇ ਤੱਥਾਂ ਦੀ ਪੁਸ਼ਟੀ ਕਰਕੇ ਅਤੇ ਕੁਝ ਦੀ ਪੁਸ਼ਟੀ ਕਰਨ ਲਈ ਵੈਸੇ ਸੱਦਿਆ ਤਾਂ ਮੈਂ ਇਕੱਲੇ ਸਾਹਬਜ਼ਾਦੇ ਨੂੰ ਹੀ ਸੀ। ਮਨਿਸਟਰ ਸਾਹਬ ਤਾਂ ਆਪਣੀ ਮਰਜ਼ੀ ਨਾਲ ਹੀ ਚਲੇ ਆਏ, ਆਪਣੇ ਆਪਣੇ ਲਖ਼ਤੇ-ਜਿਗਰ ਦੀ ਮਾੱਰਲ ਸਪੋਰਟ ਲਈ। ਪਰ ਲੜਕਾ ਹੈ ਬੜਾ ਸ਼ਾੱਰਟ ਟੈਂਪਰਡ। ਜੇ ਇਕੱਲਾ ਆਉਂਦਾ ਤਾਂ ਸ਼ਾਇਦ ਉਹ ਹਰਕਤ ਨਾ ਕਰਦਾ, ਜੋ ਉਸਨੇ ਕੀਤੀ ਏ।'

'ਪਰ ਇਹ ਵੀ ਤਾਂ ਹੋ ਸਕਦਾ ਸੀ ਬਿੰਦ ਸਾਹਬ, ਬਈ ਹੱਦੋਂ ਵੱਧ ਈ ਕਰ ਬਹਿੰਦਾ ਸਾਹਬਜ਼ਾਦਾ?' ਗਗਨ ਬੋਲਿਆ।



(ਚਲਦਾ)



ਮਨਜੀਤ ਮਾਨ
ਮੋ. 7009898044

ਕਹਾਣੀ

# ਮੁਫ਼ਤ ਦਾ ਸਫ਼ਰ




ਅੱਡੇ ਵਿੱਚ ਖੜ੍ਹੀ ਰੋਡਵੇਜ਼ ਦੀ ਬੱਸ ਤੁਰਨ 'ਚ ਅਜੇ ਮਿੰਟ ਤਾਂ ਤਿੰਨ ਚਾਰ ਮਿੰਟ ਰਹਿੰਦੇ ਸੀ ਪਰ ਉਹ ਪਹਿਲਾਂ ਹੀ ਸਵਾਰੀਆਂ ਨਾਲ ਖਚਾਖਚ ਭਰ ਗਈ ਸੀ। ਇੱਕ ਤਾਂ ਜਦੋਂ ਦੀ ਸਰਕਾਰ ਨੇ ਬੱਸਾਂ ਵਿੱਚ ਔਰਤਾਂ ਨੂੰ ਮੁਫ਼ਤ ਸਫ਼ਰ ਦੀ ਸਹੂਲਤ ਦਿੱਤੀ ਹੈ ਉਦੋਂ ਦੀ ਸਰਕਾਰੀ ਬੱਸਾਂ ਵਿੱਚ ਤਾਂ ਬੰਦੇ ਨੂੰ ਤਾਂ ਪੈਰ ਧਰਨ ਨੂੰ ਥਾਂ ਹੀ ਨਹੀਂ ਮਿਲ ਰਹੀ ਹੈ।ਦੂਜਾ ਇੱਧਰ ਸਾਡੇ ਪਿੰਡਾਂ ਵੱਲ ਤਾਂ ਪੰਜਾਬ ਰੋਡਵੇਜ਼ ਦੇ ਪੂਰੇ ਦਿਨ ਵਿੱਚ ਗਿਣਤੀ ਦੇ ਤਿੰਨ ਕੁ ਰੂਟ ਹੋਣ ਕਰਕੇ ਪਹਿਲਾਂ ਹੀ ਸਾਰੇ ਹੀ ਨੱਕੋ ਨੱਕ ਭਰੇ ਰਹਿੰਦੇ ਸੀ ਪਰ ਹੁਣ ਤਾਂ ਉਨ੍ਹਾਂ ਵਿੱਚ ਵੀ ਸਫ਼ਰ ਕਰਨ ਦਾ ਜਵਾਂ ਕੋਈ ਹੱਜ ਚੱਜ ਹੀ ਨਹੀਂ ਰਿਹਾ ਸੀ।ਉਹ ਤਾਂ ਸ਼ੁਕਰ ਹੈ ਮੈਂ ਪਹਿਲਾਂ ਹੀ ਟਾਈਮ ਨਾਲ ਆ ਕੇ ਬੱਸ ਵਿੱਚ ਸੀਟ ਮੱਲ ਲਈ ਸੀ ਨਹੀਂ ਤਾਂ ਹੁਣ ਮੈਨੂੰ ਵੀ ਇਸ ਵਿੱਚ ਪੈਰ ਧਰਨ ਨੂੰ ਥਾਂ ਨਹੀਂ ਮਿਲਣੀ ਸੀ। ਸਰਕਾਰੀ ਬੱਸਾਂ ਨੂੰ ਵੇਖ ਕੇ ਤਾਂ ਹੁਣ ਇੰਝ ਲੱਗਦਾ ਹੈ ਕਿ ਜਿਵੇਂ ਸਾਰੀਆਂ ਔਰਤਾਂ ਹੀ ਘਰਾਂ ਵਿੱਚੋਂ ਨਿਕਲ ਕੇ ਬੱਸਾਂ ਵਿੱਚ ਹੀ ਆਣ ਵੜੀਆਂ ਹੋਣ। ਮੁਫ਼ਤ ਦੇ ਸਫ਼ਰ ਨੇ ਲੱਗਦਾ ਅੱਜ ਕੱਲ੍ਹ ਔਰਤਾਂ ਦਾ ਆਉਣ ਜਾਣ ਹੀ ਬਾਹਲਾ ਵਧਾ ਦਿੱਤਾ ਹੈ। ਤੁਸੀਂ ਜਿਹੜੀ ਮਰਜ਼ੀ ਸਰਕਾਰੀ ਬੱਸ ਵੇਖ ਲਵੋ ਔਰਤਾਂ ਨਾਲ ਹੀ ਭਰੀ ਭਰਾਈ ਨਜ਼ਰ ਆਉਂਦੀ ਹੈ। ਆਹ ਹੁਣ ਸਾਡੇ ਵਾਲੀ ਇਸ ਬੱਸ ਦਾ ਹੀ ਹਾਲ ਵੇਖ ਲਵੋ ਇਸ ਵਿੱਚ ਤਿਲ਼ ਸੁੱਟਣ ਨੂੰ ਥਾਂ ਤਾਂ ਪਹਿਲਾਂ ਹੀ ਨਹੀਂ ਮਿਲ ਰਹੀ ਪਰ ਫਿਰ ਵੀ ਬੁੜੀਆਂ ਧੱਕੇ ਨਾਲ ਹੀ ਅੰਦਰ ਵੜ੍ਹੀ ਜਾ ਰਹੀਆਂ ਹਨ।ਬੱਸ ਵਿੱਚ ਚੜ੍ਹਨ ਲਈ ਆਏ ਤਾਂ ਮੇਰੇ ਵਰਗੇ ਚਾਰ ਪੰਜ ਬੰਦੇ ਵੀ ਸੀ ਪਰ ਸ਼ਾਇਦ ਵਿੱਚਾਰੇ ਅੰਦਰਲੀ ਭੀੜ ਦੇਖ ਕੇ ਟਾਲ਼ਾ ਜਿਹਾ ਵੱਟ ਗਏ ਲੱਗਦੇ ਸਨ। ਟਾਲ਼ਾ ਵੱਟਦੇ ਨਾ ਤਾਂ ਹੋਰ ਕਰਦੇ ਵੀ ਕੀ ਇਸ ਤਰ੍ਹਾਂ ਬੱਸ ਅੰਦਰ ਔਰਤਾਂ ਦੀ ਹੁੰਦੀ ਕੁਰਬਲ ਕੁਰਬਲ ਵੇਖ ਕੇ ਹਰੇਕ ਬੰਦੇ ਦੀ ਬੱਸ ਵਿੱਚ ਚੜ੍ਹਨ ਦੀ ਹਿੰਮਤ ਵੀ ਨਹੀਂ ਪੈਂਦੀ ਹੈ। ਮੈਂ ਸੀਟ ਤੇ ਬੈਠੇ ਨੇ ਜਾਇਜ਼ਾ ਜਿਹਾ ਲੈਂਦਿਆਂ ਸਾਰੀ ਬੱਸ ਵਿੱਚ ਨਜ਼ਰ ਘੁਮਾ ਕੇ ਵੇਖਿਆ ਤਾਂ ਤੂੜੀ ਵਾਂਗ ਭਰੀ ਬੱਸ ਵਿੱਚ ਕੁਝ ਔਰਤਾਂ ਧੱਕੇ ਨਾਲ ਆਪਣੇ ਖੜਨ ਲਈ ਜਗ੍ਹਾ ਬਣਾ ਰਹੀਆਂ ਸਨ ਤਾਂ ਦੂਜੀਆਂ ਕੁਝ ਸੀਟਾਂ ਤੇ ਬੈਠੀਆਂ ਆਪਸ ਵਿੱਚ ਗੱਲਾਂ ਕਰ ਰਹੀਆਂ ਸਨ। ਡਰਾਈਵਰ ਦੇ ਮਗਰਲੀ ਸੀਟ ਤੇ ਬੈਠੀ ਇੱਕ ਅਧਖੜ੍ਹ ਉਮਰ ਦੀ ਜਨਾਨੀ ਆਪਣੀ ਨਾਲ ਵਾਲੀ ਔਰਤ ਨੂੰ ਕਹਿ ਰਹੀ ਸੀ, 'ਨੀ ਮੇਲੋ ਇੱਥੇ ਆ ਕੇ ਤਾਂ ਅੱਜ ਆਪਣੀ ਐਵੇਂ ਭਕਾਈ ਹੀ ਹੋਈ ਹੈ ਨਾ ਕੋਈ ਚੱਜ ਦੇ ਰੰਗ ਸਨ ਤੇ ਨਾ ਹੀ ਕੋਈ ਡਿਜ਼ਾਇਨ।' ਐਵੇਂ ਆਪਣੇ ਪਿੰਡ ਰੌਲ਼ਾ ਪਾ ਰੱਖਿਆ ਹੈ ਕਿ ਸ਼ਹਿਰ ਸਸਤੇ ਸੂਟਾਂ ਦੀ ਸੇਲ ਲੱਗੀ ਹੋਈ ਹੈ।ਕਿਹੜੀ ਸੇਲ ਇਹ ਤਾਂ ਬਚੇ ਖੁਚੇ ਸੂਟਾਂ ਦੀ ਲੀਰਾਂ ਰੱਖੀ ਬੈਠੇ ਹਨ।'ਹਾਂ ਭੈਣੇ ਐਵੇਂ ਕੰਮ ਛੁਡਾਇਆ ਸੂਟ ਤਾਂ ਕਿਹੜੇ ਸੀ ਸੱਚੀ ਰਹਿੰਦ ਖੂਹੰਦ ਤੇ ਕਾਤਰਾਂ ਜਿਹੀਆਂ ਹੀ ਸਨ।' 'ਨੀ ਚੱਲ ਕੋਈ ਨਾ ਭੈਣੇ ਰੱਬ ਸੁੱਖ ਰੱਖੇ ਆਪਾਂ ਅਗਲੇ ਹਫ਼ਤੇ ਪਟਿਆਲੇ ਚੱਲਾਂਗੀਆਂ, ਕਹਿੰਦੇ ਉੱਥੇ ਬਾਹਲੇ ਸਸਤੇ ਸੂਟ ਮਿਲਦੇ ਹਨ। ਪਿਛਲੇ ਹਫ਼ਤੇ ਹੀ ਮੇਰੀ ਨਣਦ ਤੇ ਉਸਦੀ ਸੱਸ ਉੱਥੋਂ ਬਾਹਲ਼ੇ ਸੋਹਣੇ ਸੋਹਣੇ ਰੰਗਾਂ ਦੇ ਸਸਤੇ ਸੂਟ ਤੇ ਦੁਪੱਟੇ ਖ਼ਰੀਦ ਕੇ ਲਿਆਈਆਂ ਹਨ।ਨਾਲੇ ਮੁੜਦੀਆਂ ਆਪਾਂ ਕਾਲੀ ਮਾਤਾ ਦੇ ਮੰਦਰ ਮੱਥਾ ਵੀ ਟੇਕ ਆਵਾਂਗੀਆਂ। ਉਨ੍ਹਾਂ ਦੀਆਂ ਗੱਲਾਂ ਮੁੱਕ ਨਹੀਂ ਰਹੀਆਂ ਸਨ ਪਰ ਉਨ੍ਹਾਂ ਦੇ ਨਾਲ ਵਾਲੀ ਸੀਟ ਤੇ ਬੈਠੇ ਇੱਕ ਬਜ਼ੁਰਗ ਜੋੜੇ ਦੀਆਂ ਆਵਾਜ਼ਾਂ ਉਨ੍ਹਾਂ ਦੀਆਂ ਗੱਲਾਂ ਵਿੱਚ ਰਲ਼ ਕੇ ਮੇਰੇ ਤੱਕ ਆਉਣ ਲੱਗ ਪਈਆਂ ਸਨ। ਬੁੱਢੀ ਔਰਤ ਹੌਲ਼ੀ ਹੌਲ਼ੀ ਬੋਲਦੀ ਆਪਣੇ ਸਾਥੀ ਜੋ ਸ਼ਾਇਦ ਉਸਦਾ ਘਰਵਾਲਾ ਸੀ ਨੂੰ ਸਮਝਾ ਰਹੀ ਸੀ 'ਗੱਲ ਸੁਣੋ ਜੀ ਐਵੇਂ ਕੁੜੀ ਨੂੰ ਜਾਣ ਸਾਰ ਨਾ ਦੱਸ ਦਿਓ ਵੀ ਅਸੀਂ ਨੂੰਹ ਪੁੱਤ ਨਾਲ ਲੜ ਕੇ ਆਏ ਹਾਂ।' ਜੇਕਰ ਉਹ ਪੁੱਛਣ ਲੱਗੇ ਤਾਂ ਇਹੀ ਕਹਿਣਾ ਕਿ ਅਸੀਂ ਤਾਂ ਮਿਲਣ ਆਏ ਹਾਂ।ਪੰਜ ਸੱਤ ਦਿਨ ਆਪਾਂ ਇਨ੍ਹਾਂ ਕੋਲ ਰਹਿ ਕੇ ਫਿਰ ਹਫ਼ਤਾ ਵੱਡੀ ਕੁੜੀ ਕੋਲ ਲਾਅ ਆਵਾਂਗੇ ਅੱਗੇ ਫਿਰ ਆਪੇ ਰੱਬ ਭਲੀ ਕਰੇਗਾ। ਆਹੋ ਹੁਣ ਜੇ ਨੂੰਹ ਪੁੱਤ ਨੂੰ ਨਹੀਂ ਸ਼ਰਮ ਤਾਂ ਆਪਾਂ ਨੂੰ ਤਾਂ ਹੈ, ਆਪਾਂ ਥੋੜ੍ਹਾ ਕੁੜਮਾਂ ਦੇ ਘਰ ਜਾ ਕੇ ਦੱਸਾਂਗੇ ਕਿ ਸਾਨੂੰ ਨੂੰਹ ਪੁੱਤ ਨੇ ਲੜ ਕੇ ਘਰੋਂ ਕੱਢਿਆ ਹੈ ਬਜ਼ੁਰਗ ਨੇ ਯਕੀਨ ਦਿਵਾਉਂਦੇ ਕਿਹਾ। ਇਸ ਬਜ਼ੁਰਗ ਜੋੜੇ ਦੇ ਖੱਬੇ ਪਾਸੇ ਵਾਲੀ ਸੀਟ ਤੇ ਆਪਣੇ ਆਲ਼ੇ ਦੁਆਲ਼ੇ ਤੋਂ ਬੇਖ਼ਬਰ ਦੋ ਕਾਲਜ ਪੜ੍ਹਨ ਵਾਲੀਆਂ ਕੁੜੀਆਂ ਬੈਠੀਆਂ ਕੰਨਾਂ ਵਿੱਚ ਟੂਟੀਆਂ ਜਿਹੀਆਂ ਲਗਾ ਕੇ ਮੋਬਾਈਲ ਤੇ ਕੁਝ ਵੇਖਦੀਆਂ ਇੱਕ ਦੂਜੀ ਨੂੰ ਕਹਿ ਰਹੀਆਂ ਸਨ ਇਹ ਮੂਵੀ ਘੈਂਟ ਲੱਗਦੀ ਹੈ, ਰਿੰਪੀ ਇਸਨੂੰ ਤਾਂ ਆਪਾਂ ਥੀਏਟਰ ਵਿੱਚ ਹੀ ਵੇਖਾਂਗੇ। ਨਹੀਂ ਯਾਰ ਇਸ ਦੀ ਪਿਛਲੀ ਮੂਵੀ ਆਪਾਂ ਪਟਿਆਲੇ ਜਾ ਕੇ ਵੇਖੀਂ ਸੀ ਯਾਦ ਹੈ ਤੇਰੇ ਜਵੀਂ ਬੇਕਾਰ ਸੀ। ਹੁਣ ਨੀ ਆਪਾਂ ਇਸਦੀ ਮੂਵੀ ਤੇ ਪੈਸੇ ਖ਼ਰਾਬ ਕਰਨੇ। ਯਾਰ ਪੈਸੇ ਆਪਣੇ ਕਾਹਦੇ ਖ਼ਰਾਬ ਹੋਣੇ ਨੇ ਅਗਲੇ ਹਫ਼ਤੇ ਜੋਤ ਦਾ ਜਨਮ ਦਿਨ ਆ ਰਿਹਾ ਹੈ ਉਸ ਤੋਂ ਪਾਰਟੀ ਲਵਾਂਗੇ ਤੇ ਮੂਵੀ ਵੇਖਾਂਗੇ।ਬਾਕੀ ਤੈਨੂੰ ਪਤਾ ਕਿਰਾਇਆ ਤਾਂ ਆਪਣਾ ਲੱਗਦਾ ਹੀ ਨਹੀਂ, ਕਹਿ ਕੇ ਉਹ ਇੱਕ ਦੂਜੀ ਦੇ ਹੱਥ ਤੇ ਹੱਥ ਮਾਰ ਕੇ ਹੱਸਣ ਲੱਗ ਜਾਂਦੀਆਂ ਹਨ। ਇਸੇ ਵਿੱਚ ਮੈਂ ਉਨ੍ਹਾਂ ਵੱਲੋਂ ਧਿਆਨ ਹਟਾ ਕੇ ਆਪਣੇ ਮਗਰ ਵਾਲੀ ਸੀਟ 'ਤੇ ਬੈਠੀਆਂ ਔਰਤਾਂ ਦੀਆਂ ਗੱਲਾਂ ਸੁਣਨ ਲੱਗ ਜਾਂਦਾ ਹਾਂ। ਮੇਰੇ ਮਗਰਲੀ ਸੀਟ ਤੇ ਦੁਪੱਟੇ ਨਾਲ ਮੂੰਹ ਲਪੇਟੀ ਬੈਠੀ ਜਨਾਨੀ ਆਪਣੇ ਨਾਲ ਵਾਲੀ ਨੂੰ ਹੌਲੀ ਹੌਲੀ ਕਹਿ ਰਹੀ ਸੀ, 'ਛਿੰਦਰੋ ਵੇਖ ਲੈ ਭੈਣੇ ਬਾਬਾ ਸੱਚੀ ਕਰਨੀਂ ਵਾਲਾ ਹੈ ਮੇਰਾ ਹੱਥ ਵੇਖਣ ਸਾਰ ਹੀ ਉਸਨੇ ਪਟੱਕ ਦੱਸ ਦਿੱਤਾ ਕਿ ਥੋਡੇ ਭਾਈ ਕੋਈ ਔਤ ਮਰਿਆ ਹੈ, ਉਹੀ ਤੰਗ ਕਰ ਰਿਹਾ, ਉਹ ਹੀ ਘਰ ਵਿੱਚ ਵਾਧਾ ਨਹੀਂ ਹੋਣ ਦੇ ਰਿਹਾ ਹੈ। ਮੈਂ ਤਾਂ ਕਹਿੰਨੀ ਆਂ ਤੂੰ ਅਗਲੇ ਵੀਰਵਾਰ ਚੌਂਕੀ ਤੇ ਆਪਣੀ ਛੋਟੀ ਭੈਣ ਨੂੰ ਵੀ ਨਾਲ ਲਿਆਈਂ ਕੀ ਪਤਾ ਬਾਬਾ ਉਸਦੇ ਘਰਵਾਲੇ ਦੀ ਸ਼ਰਾਬ ਹੀ ਛੁਡਾ ਦੇਵੇ। ਪਰ ਚਾਚੀ ਉਹ....'ਨੀ ਪਰ ਪੁਰ ਕੀ ? ਹੁਣ ਤਾਂ ਕਿਰਾਇਆ ਵੀ ਨਹੀਂ ਲੱਗਦਾ ਇੱਕ ਬੱਸ ਚੜ੍ਹ ਕੇ ਆਉਣਾ ਹੈ ਤੇ ਦੂਜੀ ਤੇ ਮੁੜ ਜਾਣਾ ਹੈ। ਹੁਣ ਕਾਹਦਾ ਔਖਾ ਹੈ, 'ਤੂੰ ਲੈ ਕੇ ਆਵੀਂ ਉਸ ਵਿੱਚਾਰੀ ਨੂੰ ਅਗਲੀ ਚੌਂਕੀ ਤੇ ਆਪਣੇ ਨਾਲ ਚੰਗਾ।' ਚੱਲ ਪੁੱਛ ਕੇ ਵੇਖਾਂਗੀ ਚਾਚੀ ਕਹਿ ਕੇ ਉਹ ਗੱਲ ਮੁਕਾ ਦਿੰਦੀ ਹੈ। ਇੰਨੇ ਵਿੱਚ ਹੀ ਮੇਰਾ ਧਿਆਨ ਸਾਹਮਣੇ ਕੰਡਕਟਰ ਵੱਲ ਜਾਂਦਾ ਹੈ ਜੋ ਮੁਸ਼ਕਿਲ ਨਾਲ ਅਗਲੀ ਤਾਕੀ ਰਾਹੀਂ ਚੜ੍ਹ ਕੇ ਬੱਸ ਅੰਦਰ ਆ ਰਿਹਾ ਹੁੰਦਾ ਹੈ। ਉਹ ਸਵਾਰੀਆਂ ਨੂੰ ਅੱਗੇ ਪਿੱਛੇ ਕਰਦਾ ਭੀੜ ਵਿੱਚਦੀ ਜਗ੍ਹਾ ਬਣਾਉਂਦਾ ਟਿਕਟ ਟਿਕਟ ਕਰਦਾ ਅੱਗੇ ਵਧਦਾ ਹੈ ਤਾਂ ਹਰੇਕ ਸਵਾਰੀ ਉਸਨੂੰ ਰੁਪਿਆਂ ਦੀ ਥਾਂ ਆਧਾਰ ਕਾਰਡ ਕੱਢ ਕੇ ਫ਼ੜਾ ਰਹੀ ਹੈ। ਉਹ ਆਧਾਰ ਕਾਰਡ ਵੇਖ ਕੇ ਮੱਥੇ ਤਿਊੜੀ ਪਾਉਂਦਾ ਮੂੰਹ ਵਿੱਚ ਕੁਝ ਬੁੜ ਬੜਾਉਂਦਾ ਭੀੜ ਥਾਣੀਂ ਵਿਰਲ ਜਿਹੀ ਬਣਾਉਂਦਾ ਅੱਗੇ ਵਧ ਰਿਹਾ ਹੁੰਦਾ ਹੈ। ਉਹ ਆਧਾਰ ਕਾਰਡ ਵੇਖਦਾ ਕਦੇ ਕਦੇ ਜਦ ਵਿੱਚਦੀ ਬੱਸ ਦੇ ਪਿਛਾਂਹ ਤੱਕ ਨਜ਼ਰ ਮਾਰਦਾ ਤਾਂ ਮੈਨੂੰ ਉਸਦੀ ਨਜ਼ਰ ਬੱਸ ਵਿੱਚੋਂ ਬੰਦੇ ਲੱਭਦੀ ਜਾਪਦੀ ਹੈ। ਪਰ ਬੱਸ ਵਿੱਚ ਬੰਦੇ ਤਾਂ ਮਾਰੂਥਲ 'ਚ ਪਾਣੀ ਲੱਭਣ ਜਿੰਨੇ ਔਖੇ ਹੋਏ ਪਏ ਸਨ।ਸਾਰੀ ਬੱਸ ਵਿੱਚ ਮਸਾਂ ਹੀ ਪੰਜ ਸੱਤ ਬੰਦੇ ਹੋਣਗੇ ਉਹ ਵੀ ਵਿੱਚਾਰੇ ਰੈਡ ਕਰਾਸ ਦੀ ਪਰਚੀ ਵਾਂਗੂੰ ਆਪਣੀ ਮੁਫ਼ਤ ਦੇ ਸਫ਼ਰ ਵਾਲੀ ਘਰਵਾਲੀ ਦੇ ਨਾਲ ਲੱਗੇ ਹੋਣ ਕਰਕੇ ਬੱਸ ਵਿੱਚ ਚੜ੍ਹੇ ਹੋਏ ਸਨ।ਇਕੱਲਾ ਕਹਿਰਾ ਬੰਦਾ ਤਾਂ ਬੱਸ ਵਿੱਚ ਸ਼ਾਇਦ ਮੈਂ ਹੀ ਸੀ ਬਾਕੀ ਤਾਂ ਜੋੜੀ ਦੇ ਰੂਪ ਵਿੱਚ ਆਪਣੀ ਘਰਵਾਲੀ ਨਾਲ ਸਫ਼ਰ ਕਰ ਰਹੇ ਸਨ।

ਕੰਡਕਟਰ ਭੀੜ ਨਾਲ ਅੱਕਲਕਾਨ ਜਿਹਾ ਹੋਇਆ ਟਿਕਟਾਂ ਕੱਟਦਾ ਬੱਸ ਦੇ ਵਿੱਚਕਾਰ ਆ ਜਾਂਦਾ ਹੈ। ਉਹ ਮੇਰੇ ਬਰਾਬਰ ਵਾਲੀ ਸੀਟ ਤੇ ਤਿੰਨ ਜਵਾਕ ਲਈ ਬੈਠੀ ਜਨਾਨੀ ਕੋਲ ਆ ਕੇ ਕਹਿੰਦਾ ਹੈ, ਟਿਕਟ ਭਾਈ..? ਉਹ ਜਨਾਨੀ ਚੁੱਪਚਾਪ ਆਪਣੇ ਤੇ ਦੋਵਾਂ ਕੁੜੀਆਂ ਦੇ ਆਧਾਰ ਕਾਰਡ ਕੰਡਕਟਰ ਮੂਹਰੇ ਕਰ ਦਿੰਦੀ ਹੈ। ਆਧਾਰ ਕਾਰਡ ਵੇਖਣ ਮਗਰੋਂ ਉਹ ਮੁੰਡੇ ਵੱਲ ਇਸ਼ਾਰਾ ਕਰਕੇ ਕਹਿੰਦਾ ਹੈ ਇਸ ਮੁੰਡੇ ਦੀ ਟਿਕਟ ਭਾਈ ? ਵੇ ਵੀਰਾ ਇਹ ਤਾਂ ਅਜੇ ਸੱਤ ਸਾਲਾਂ ਦਾ ਹੀ ਹੈ ਇਹਦੀ ਕਾਹਦੀ ਟਿਕਟ। ਵੇਖਣ ਨੂੰ ਤਾਂ ਇਹ ਨੌਂ ਦਸ ਸਾਲ ਦਾ ਲੱਗਦਾ ਹੈ। ਨਾ ਵੇ ਵੀਰਾ ਨਾ ਇਹਨੂੰ ਤਾਂ ਅਜੇ ਸੱਚੀਓਂ ਸੱਤਵਾਂ ਸਾਲ ਲੱਗਾ ਹੈ ਦਸਵਾਂ ਕਿੱਥੇ'। ਚੰਗਾ ਚੰਗਾ ਕਹਿੰਦਾ ਕੰਡਕਟਰ ਬੁੜ ਬੁੜ ਕਰਦਾ ਅੱਗੇ ਵਧ ਜਾਂਦਾ ਹੈ।ਉਹ ਥੋੜ੍ਹਾ ਜਿਹਾ ਅਗਾਂਹ ਬੱਸ ਦੇ ਵਿੱਚਕਾਰ ਖੜ੍ਹੀ ਇੱਕ ਮੈਲ਼ੇ ਜਿਹੇ ਕੱਪੜਿਆਂ ਵਾਲ਼ੀ ਬਿਰਧ ਜਿਹੀ ਬੁੜੀ ਕੋਲ਼ ਆ ਕੇ ਕਹਿੰਦਾ, ਬੇਬੇ ਤੂੰ ਤਾਂ ਏਸ ਉਮਰ ਵਿੱਚ ਟਿਕ ਕੇ ਘਰ ਬੈਠ ਜਾ, ਹੁਣ ਜੇ ਸਰਕਾਰ ਨੇ ਔਰਤਾਂ ਦਾ ਮੁਫ਼ਤ ਸਫ਼ਰ ਕਰ ਦਿੱਤਾ ਹੈ ਤਾਂ ਇਸ ਉਮਰ ਵਿੱਚ ਬੱਸ 'ਚੋਂ ਡਿੱਗ ਕੇ ਥੋੜ੍ਹਾ ਮਰਨਾ ਹੈ। ਬੇਬੇ ਘਰ ਬੈਠ ਕੇ ਰਾਮ ਰਾਮ ਕਰਿਆ ਕਰ ਕੀ ਕਰਨੈ ਸ਼ਹਿਰ ਆ ਕੇ ਐਵੇਂ ਕੋਈ ਸੱਟ ਫੇਟ ਲਵਾ ਬੈਠੇਗੀ। ਵੇ ਪੁੱਤ ਮੈਂ ਕਾਹਨੂੰ ਆਉਂਦੀ ਸੀ ਸ਼ਹਿਰ ਇਹ ਤਾਂ ਆਹ ਚੰਦਰਾ ਬੁਖ਼ਾਰ ਹੀ ਨਹੀਂ ਉਤਰ ਰਿਹਾ ਹਫ਼ਤਾ ਹੋ ਗਿਆ। ਮੈਂ ਤਾਂ ਪਿੰਡ ਵਾਲੇ ਡਾਕਟਰ ਤੋਂ ਵੀ ਬਥੇਰੀ ਦਵਾਈ ਲੈ ਕੇ ਦੇਖ ਲਈ ਹੈ ਪਰ ਕੋਈ ਫ਼ਰਕ ਨਹੀਂ ਪਿਆ ਹੁਣ ਅੱਕ ਕੇ ਸ਼ਹਿਰ ਆਈ ਹਾਂ ਪੁੱਤ। ਉਹ ਤਾਂ ਤੇਰੀ ਗੱਲ ਠੀਕ ਹੈ ਬੇਬੇ ਪਰ ਫਿਰ ਵੀ ਤੂੰ ਹੁਣ ਆਹ ਬੱਸਾਂ ਵਾਲੇ ਭੀੜ ਭੜੱਕੇ ਤੋਂ ਦੂਰ ਹੀ ਰਿਹਾ ਕਰ, ਕਹਿੰਦਾ ਉਹ ਬੁੜੀ ਦੇ ਝੋਲੇ 'ਚੋਂ ਆਧਾਰ ਕਾਰਡ ਕੱਢਣ ਤੋਂ ਪਹਿਲਾਂ ਹੀ ਅੱਗੇ ਹੋ ਜਾਂਦਾ ਹੈ। ਕੰਡਕਟਰ ਮੇਰੇ ਤੱਕ ਆਉਂਦਾ ਲੱਗਦਾ ਪੂਰੀ ਤਰ੍ਹਾਂ ਅੰਦਰੋਂ ਭਰ ਗਿਆ ਸੀ ਇਸ ਲਈ ਉਹ ਮੈਥੋਂ ਟਿਕਟ ਦੇ ਪੈਸੇ ਫੜਦਿਆਂ ਆਪ ਹੀ ਬੋਲਣ ਲੱਗ ਪਿਆ ਸੀ, 'ਦੇਖ ਲੈ ਭਰਾਵਾਂ ਸਰਕਾਰ ਨੇ ਟਿਕਟ ਕਾਹਦੀ ਮੁਫ਼ਤ ਕਰ ਦਿੱਤੀ ਇਨ੍ਹਾਂ ਜਨਾਨੀਆਂ ਨੇ ਤਾਂ ਨਿੱਤ ਦਾ ਮੇਲਾ ਹੀ ਬਣਾ ਲਿਆ, ਘਰ ਪੈਰ ਹੀ ਨਹੀਂ ਟਿਕ ਰਿਹਾ ਹੈ।ਆਹ ਵੇਖ ਲੈ ਹੁਣ ਇਹ ਬੱਸ ਵਿੱਚ ਚੜ੍ਹਨੋਂ ਹੀ ਨਹੀਂ ਹਟ ਰਹੀਆਂ ਤੇ ਜੇਕਰ ਕੋਈ ਡਿੱਗ ਕੇ ਮਰ ਗਈ ਫਿਰ ਇਨ੍ਹਾਂ ਰੌਲ਼ਾ ਪਾ ਕੇ ਬਹਿ ਜਾਣਾ ਹੈ ਕਿ ਡਰਾਈਵਰ ਨੇ ਮਾਰਤੀ। ਹੁਣ ਭਲਾ ਇਸ ਵਿੱਚ ਡਰਾਈਵਰ ਦਾ ਕੀ ਦੋਸ਼ ਇਨ੍ਹਾਂ ਦੇ ਆਪਣੇ ਲੱਛਣ ਹੀ ਮਰਨ ਵਾਲੇ ਹਨ। ਆਹ ਤੇਰੇ ਸਾਹਮਣੇ ਹੀ ਹੈ ਕਿ ਬੱਸ ਵਿੱਚ ਭੋਰਾ ਥਾਂ ਨੀ ਖੜ੍ਹਨ ਲਈ ਪਰ ਇਹ ਫਿਰ ਵੀ ਧੱਕੇ ਨਾਲ ਚੜ੍ਹੀ ਜਾ ਰਹੀਆਂ ਹਨ ਬੰਦਾ ਵਾਰ ਵਾਰ ਇਨ੍ਹਾਂ ਨਾਲ਼ ਲੜਦਾ ਵੀ ਸੋਹਣਾ ਨਹੀਂ ਲੱਗਦਾ ਹੈ।ਮੈਂ ਉਸ ਦੀ ਗੱਲ ਦਾ ਵਿੱਚਦੀ ਹੁੰਗਾਰਾ ਭਰਨ ਦੀ ਕੋਸ਼ਿਸ਼ ਕਰਦਾ ਹਾਂ ਪਰ ਉਹ ਬਿਨਾਂ ਰੁਕੇ ਇੱਕੋ ਸਾਹੇ ਬੋਲੀ ਹੀ ਜਾਂਦਾ ਹੈ।ਵੀਰ ਮੇਰਿਆ ਇਹ ਸਾਰੀ ਭੀੜ ਮੁਫ਼ਤ ਦੇ ਸਫ਼ਰ ਕਰਕੇ ਹੀ ਹੈ ਪਹਿਲਾਂ ਇਹੀ ਲੋਕ ਸਰਕਾਰੀ ਬੱਸਾਂ ਨੂੰ ਖਟਾਰਾ ਕਹਿ ਕੇ ਇਨ੍ਹਾਂ ਵਿੱਚ ਚੜ੍ਹਦੇ ਨਹੀਂ ਹੁੰਦੇ ਸਨ ਤੇ ਹੁਣ ਇਨ੍ਹਾਂ ਵਿੱਚ ਪੈਰ ਧਰਨ ਨੂੰ ਥਾਂ ਨਹੀਂ ਮਿਲਦੀ ਹੈ। ਸੱਚ ਜਾਣੀਂ ਇਸ ਮੁਫ਼ਤਖੋਰੀ ਨੇ ਲੋਕਾਂ ਨੂੰ ਪੱਟ ਸੁਟਿਆ ਹੈ, ਮੁਫ਼ਤ ਵਿੱਚ ਤਾਂ ਜੇਕਰ ਜ਼ਹਿਰ ਵੀ ਮਿਲਦੀ ਹੋਵੇ ਤਾਂ ਆਪਣੇ ਲੋਕਾਂ ਨੇ ਉਹ ਵੀ ਨੀ ਛੱਡਣੀ. . ਉਹ ਮੇਰੇ ਹੁੰਗਾਰੇ ਦੀ ਉਡੀਕ ਕੀਤੇ ਬਿਨਾਂ ਇਕੱਲਾ ਹੀ ਬੋਲਦਾ ਬੋਲਦਾ ਪਿਛਲੀ ਤਾਕੀ ਕੋਲ ਜਾ ਕੇ ਸੀਟੀ ਮਾਰ ਦਿੰਦਾ ਹੈ।ਸੀਟੀ ਦੀ ਆਵਾਜ਼ ਸੁਣ ਕੇ ਡਰਾਈਵਰ ਹੌਲੀ ਹੌਲੀ ਬੱਸ ਤੋਰ ਲੈਂਦਾ ਹੈ ਪਰ ਕੰਡਕਟਰ ਦੇ ਨਾ ਨਾ ਕਹਿਣ 'ਤੇ ਵੀ ਇੱਕ ਦੋ ਔਰਤਾਂ ਤੁਰੀ ਜਾਂਦੀ ਬੱਸ ਦੀ ਤਾਕੀ ਵਿੱਚ ਲਮਕ ਜਾਂਦੀਆਂ ਹਨ। ਬੱਸ ਵਿੱਚਲੇ ਰੌਲ਼ੇ ਰੱਪੇ ਦੇ ਵਿੱਚ ਅਜੇ ਵੀ ਮੇਰੇ ਕੰਨਾਂ ਨੂੰ ਕੰਡਕਟਰ ਦੇ ਬੋਲ ਸੁਣ ਰਹੇ ਸੀ। ਮੈਂ ਸੀਟ 'ਤੇ ਬੈਠਾ ਇੱਕ ਵਾਰ ਫਿਰ ਸਾਰੀ ਬੱਸ ਵਿੱਚ ਨਜ਼ਰ ਘੁਮਾ ਕੇ ਵੇਖਦਾ ਹਾਂ ਤਾਂ ਅੱਗੇ ਤੋਂ ਪਿੱਛੇ ਤੱਕ ਮੈਨੂੰ ਔਰਤਾਂ ਹੀ ਔਰਤਾਂ ਨਜ਼ਰ ਆਉਂਦੀਆਂ ਹਨ।ਇੱਕ ਪਲ਼ ਲਈ ਮੈਨੂੰ ਲੱਗਦਾ ਹੈ ਕਿ ਜਿਵੇਂ ਮੈਂ ਕਿਸੇ ਔਰਤਾਂ ਲਈ ਰਾਖਵੀਂ ਬੱਸ ਵਿੱਚ ਭੁਲੇਖੇ ਨਾਲ ਚੜ੍ਹ ਗਿਆ ਹੋਵਾਂ। ਪਰ ਬੱਸ ਦੇ ਵੱਡੀ ਸੜਕ ਤੇ ਚੜ੍ਹ ਕੇ ਤੇਜ਼ ਹੋਣ ਨਾਲ ਮੇਰੇ ਖ਼ਿਆਲਾਂ ਦੀ ਲੜੀ ਟੁੱਟਦੀ ਹੈ ਤਾਂ ਮੈਂ ਵੇਖਦਾ ਹਾਂ ਕਿ ਕੰਡਕਟਰ ਅਜੇ ਵੀ ਪਿਛਲੀ ਤਾਕੀ ਵਿੱਚ ਖੜ੍ਹਾ ਮੂੰਹ ਵਿੱਚ ਪਤਾ ਨਹੀਂ ਕੀ ਬੁੜ ਬੁੜਾਈ ਜਾ ਰਿਹਾ ਸੀ। ਪਰ ਹੁਣ ਮੈਂ ਉਸ ਤੋਂ ਆਪਣਾ ਧਿਆਨ ਹਟਾ ਦਿੰਦਾ ਹਾਂ ਤੇ ਸ਼ੀਸ਼ੇ ਥਾਣੀਂ ਬਾਹਰ ਵੇਖਣ ਲੱਗ ਜਾਂਦਾ ਹਾਂ।

ਮਿੰਨੀ ਕਹਾਣੀ

# ਧੀ ਦੀ ਇੱਜ਼ਤ

ਦੀਪ ਕਮਲ



ਆਪਣੀ ਇੱਕ ਟੁੱਟੀ ਹੋਈ ਲੱਤ ਨੂੰ ਘੜੀਸਦਾ ਹਰੀਦਾਸ ਆਪਣੀ ਪੰਦ੍ਹਰਾ ਕੁ ਸਾਲਾਂ ਦੀ ਧੀ ਰਾਣੀ ਦਾ ਸਹਾਰਾ ਲੈ ਕੇ ਇੱਕ ਆਸ ਜਿਹੀ ਨਾਲ ਰੇਲਵੇ ਫਾਟਕਾਂ ਕੋਲ ਆਇਆ।ਹੁਣ ਫਾਟਕ ਬੰਦ ਸਨ। ਕਾਫ਼ੀ ਲੋਕ ਖੜ੍ਹੇ ਸਨ। ਉਸ ਨੇ ਵਾਰੀ ਵਾਰੀ ਸਭ ਅੱਗੇ ਹੱਥ ਅੱਡਿਆ। ਕਿਸੇ ਨੇ ਉਹਦੇ ਹੱਥ ਤੇ ਪੰਜ ਦਸ ਰੁਪਏ ਧਰ ਦਿੱਤੇ। ਕਿਸੇ ਨੇ ਮੂੰਹ ਹੋਰ ਪਾਸੇ ਘੁਮਾ ਲਿਆ। ਕਿਸੇ ਨੇ ਕੋਈ ਭਾਸ਼ਣ ਸੁਣਾ ਦਿੱਤਾ। 'ਕੋਈ ਕੰਮ ਨੀ ਧੰਦਾ ਨੀ ਤੁਰ ਪੈਂਦੇ ਮੂੰਹ ਚੁੱਕ ਕੇ ਮੰਗਣ।'

ਹਰੀਦਾਸ ਇੱਕ ਰਿਕਸ਼ਾ ਚਾਲਕ ਸੀ। ਇੱਕ ਐਕਸੀਡੈਂਟ ਕਾਰਨ ਉਸ ਦੀ ਲੱਤ ਟੁੱਟ ਗਈ।ਇੱਕ ਧੀ ਦਾ ਬਾਪ ਸੀ।ਉਸ ਦੀ ਘਰਵਾਲੀ ਲੋਕਾਂ ਦੇ ਘਰੀਂ ਝਾੜੂ ਪੋਚਾ ਲਾਉਂਦੀ ਸੀ। ਥੋੜ੍ਹੇ ਸਮੇਂ ਤੋਂ ਉਹ ਵੀ ਬਿਮਾਰ ਹੋ ਕੇ ਮੰਜੇ ਨਾਲ ਜੁੜ ਗਈ। ਧੀ ਦੀ ਪੜ੍ਹਾਈ ਛੁੱਟ ਗਈ। ਘਰ ਦਾ ਕੰਮ ਧੰਦਾ ਕਰਦੀ ਪਰ ਹਰੀਦਾਸ ਉਸ ਨੂੰ ਕਿਸੇ ਦੇ ਘਰ ਕੰਮ ਕਰਨ ਨਹੀਂ ਭੇਜਦਾ ਸੀ।ਬਾਹਰਲੀ ਗੰਦੀ ਦੁਨੀਆਂ ਤੋਂ ਉਹ ਵਾਕਿਫ ਸੀ ਪਰ ਉਹ ਜ਼ਿਦ ਕਰਕੇ ਉਹਦੇ ਨਾਲ ਤੁਰ ਪੈਂਦੀ ਕਿਉਂ ਜੋ ਤੁਰਨ ਵਿੱਚ ਉਸ ਨੂੰ ਤਕਲੀਫ ਹੁੰਦੀ ਸੀ।

'ਬਾਬੂ ਜੀ ਕ੍ਰਿਪਾ ਕਰੋ ਰੱਬ ਤੁਹਾਡੇ ਤੇ ਕ੍ਰਿਪਾ ਕਰੇਗਾ।' ਉਸ ਨੇ ਇੱਕ ਮੋਟਰਸਾਇਕਲ ਸਵਾਰ ਕੋਲ ਹੱਥ ਅੱਡਿਆ। ਮੋਟਰਸਾਇਕਲ ਵਾਲੇ ਨੇ ਉਹਦੇ ਵੱਲ ਦੇਖਿਆ ਨਾਲ ਹੀ ਉਹਦੀ ਧੀ ਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਦੇਖਿਆ।...'ਮੁਫਤ ਦਾ ਖਾਣ ਗਿੱਝੇ ਹੋ ਕੋਈ ਕੰਮ ਧੰਦਾ ਕਰ ਲਿਆ ਕਰੋ' ਉਸ ਨੇ ਮੂੰਹ ਬਣਾ ਕੇ ਕਿਹਾ। ਹਰੀਦਾਸ ਨੇ ਆਪਣੀ ਲਾਚਾਰੀ ਦੱਸੀ ਕਿ ਲੱਤ ਟੁੱਟਣ ਕਾਰਨ ਕੁੱਝ ਨਹੀਂ ਕਰ ਸਕਦਾ, ਮੰਗਣ ਦੀ ਮਜਬੂਰੀ ਹੈ, ਘਰਵਾਲੀ ਵੀ ਮੰਜੇ 'ਤੇ ਪਈ ਏ। ਉਸ ਨੇ ਕੁੜੀ ਦੇ ਗਰੀਬ ਕੱਪੜਿਆਂ ਵਿੱਚੋਂ ਡੁੱਲ੍ਹ ਡੁੱਲ੍ਹ ਪੈਂਦੇ ਅਮੀਰ ਹੁਸਨ ਨੂੰ ਆਪਣੀਆਂ ਵਹਿਸ਼ੀ ਅੱਖਾਂ ਨਾਲ ਟੋਹਦਿਆਂ ਕਿਹਾ 'ਇਸ ਤੋਂ ਕਰਵਾ ਲਿਆ ਕਰ ਕੋਈ ਕੰਮ' ਚੰਗੀ ਭਲੀ ਹੱਟੀ ਕੱਟੀ ਪਈ ਏ..' ਮੇਰੇ ਕੋਲ ਭੇਜ ਬਥੇਰੇ ਕੰਮ ਨੇ ਕਰਨ ਵਾਲੇ...ਔਹ ਪਰਲੇ ਪਾਸੇ ਆਪਣੀ ਕੱਪੜਿਆਂ ਦੀ ਬਹੁਤ ਵੱਡੀ ਦੁਕਾਨ ਹੈ...ਉਸ ਨੇ ਆਪਣਾ ਵਿਜੀਟਿੰਗ ਕਾਰਡ ਕੱਢ ਕੇ ਉਸ ਦੇ ਵੱਲ ਵਧਾਇਆ ਪਰ ਉਸਨੇ ਦੋਵੇਂ ਹੱਥ ਜੋੜ ਦਿੱਤੇ।' ਮਿਹਰਬਾਨੀ ਤੁਹਾਡੀ, ਘਰ ਦਾ ਸਾਰਾ ਕੰਮ ਇਹੋ ਕਰਦੀ ਏ, ਇਸ ਦੇ ਕਰਕੇ ਹੀ ਸਾਡੇ ਮੂੰਹ 'ਚ ਬੁਰਕੀ ਪੈਂਦੀ ਏ।' ਜਦ ਨੂੰ ਪਿੱਛੋਂ ਦੀ ਆਕੇ ਇੱਕ ਉਹਦੀ ਧੀ ਦੀ ਉਮਰ ਦੀ ਹੀ ਕੁੜੀ ਉਸ ਬੰਦੇ ਦੇ ਪਿੱਛੇ ਮੋਟਰਸਾਇਕਲ 'ਤੇ ਬੈਠ ਗਈ। 'ਚਲੋ ਪਾਪਾ ਫਾਟਕ ਖੁੱਲ ਗਏ' ਉਸ ਨੇ ਕਿਹਾ। 'ਤੂੰ ਪੁੱਤ ਲੈ ਆਈ ਆਪਣਾ ਸਮਾਨ ?' ਉਸ ਨੇ ਪੁੱਛਿਆ 'ਹਾਂਜੀ ਪਾਪਾ ਜੀ....ਚਲੋ ਹੁਣ ਲੇਟ ਹੋਈ ਜਾਂਦੇ ਹਾਂ'। ਉਸ ਨੇ ਮੋਟਰਸਾਇਕਲ ਨੂੰ ਕਿੱਕ ਮਾਰ ਦਿੱਤੀ।ਹਰੀਦਾਸ ਵੀ ਆਪਣੀ ਧੀ ਸਹਾਰੇ ਤੁਰ ਪਿਆ।ਥੋੜ੍ਹੀ ਦੂਰ ਤੇ ਉਸ ਨੇ ਦੇਖਿਆ ਭੀੜ ਜਿਹੀ ਹੋ ਗਈ ਇੱਕਦਮ ਹਫੜਾ ਦਫੜੀ ਮੱਚ ਗਈ।ਉਨ੍ਹਾਂ ਨੇੜੇ ਜਾ ਕੇ ਦੇਖਿਆ ਉਸੇ ਮੋਟਰਸਾਇਕਲ ਵਾਲੇ ਦਾ ਬੜਾ ਦਰਦਨਾਕ ਐਕਸੀਡੈਂਟ ਹੋ ਗਿਆ ਸੀ, ਕੁੜੀ ਦੇ ਕਾਫ਼ੀ ਸੱਟਾਂ ਸਨ, ਉਹ ਬੇਸੁਰਤ ਪਈ ਸੀ ।ਉਸ ਦੇ ਪਾਇਆ ਮਹਿੰਗਾ ਜੀਨ ਟੌਪ ਉਸ ਦਾ ਸਰੀਰ ਕੱਜਣ ਤੋਂ ਅਸਮਰਥ ਸੀ।ਉਸ ਦਾ ਪਿਉ ਲਹੂ ਲੁਹਾਣ ਹੋਇਆ ਧੀ ਵੱਲ ਦੇਖ ਰਿਹਾ ਸੀ ਪਰ ਉੱਠ ਨਹੀਂ ਪਾ ਰਿਹਾ ਸੀ। ਲੋਕ ਆਪਣੇ ਮੋਬਾਇਲਾਂ 'ਤੇ ਵੀਡੀਓ ਬਣਾ ਰਹੇ ਸੀ, ਫੋਟੋ ਖਿੱਚ ਰਹੇ ਸੀ। ਹਰੀਦਾਸ ਨੇ ਭੀੜ 'ਚ ਵੜ ਕੇ ਆਪਣੀ ਧੀ ਦੀ ਚੁੰਨੀ ਲਾਹ ਕੇ ਉਸ ਦੀ ਬੇਹੋਸ਼ ਪਈ ਧੀ ਤੇ ਦੇ ਦਿੱਤੀ। ਬਾਪ ਅਮੀਰ ਹੋਵੇ ਚਾਹੇ ਗਰੀਬ, ਧੀ ਦੀ ਇੱਜ਼ਤ ਹਰ ਇੱਕ ਨੂੰ ਪਿਆਰੀ ਹੁੰਦੀ,' ਹਰੀਦਾਸ ਨੇ ਉਸ ਦੇ ਬਾਪ ਨੂੰ ਹੱਥ ਜੋੜ ਕੇ ਕਿਹਾ। ਜਵਾਬ ਵਿੱਚ ਉਸ ਦੇ ਵੀ ਹੱਥ ਜੁੜ ਗਏ ਤੇ ਅੱਖਾਂ 'ਚੋਂ ਹੰਝੂ ਵਗ ਤੁਰੇ ਆਪਣੀ ਸੋਚ ਤੇ ਪਛਤਾਵਾ ਹੋਇਆ। ਐਂਬੂਲੈਂਸ ਆ ਗਈ ਤੇ ਹਰੀਦਾਸ ਆਪਣੀ ਧੀ ਨੂੰ ਲੈ ਕੇ ਉੱਥੋਂ ਤੁਰ ਗਿਆ।




## ਬੰਦਿਆ
**ਸੁਖਜਿੰਦਰ ਸਿੰਘ ਭੰਗਾਚੜੀ**

ਕਿਹੜੀ ਤੇਰੀ ਹੈਂਕੜ ਬੰਦਿਆ,
ਕੁਝ ਨੀ ਪੱਲੇ ਰਹਿਣਾ ਬੰਦਿਆ।
ਦੋ ਪਲ ਰੋਕ ਲਵੇ ਤੈਨੂੰ,
ਕਿਸੇ ਦੇ ਵੱਸ ਨੀ ਰਹਿਣਾ ਬੰਦਿਆ।
ਬੇਲੀ ਹੋ ਜਾ ਆਪਣੇ ਸਾਹਾਂ ਦਾ,
ਆਖ਼ਰ ਇਕੱਲਿਆਂ ਰਹਿਣਾ ਬੰਦਿਆ।
ਵੇਲ਼ਾ ਜੇ ਨਾ ਸੰਭਾਲਿਆ,
ਫਿਰ ਪਛਤਾਵਾ ਰਹਿਣਾ ਬੰਦਿਆ।
ਸਭ ਸਾਥੀ ਮਜਬੂਰ ਹੋਣਗੇ,
ਸਫ਼ਰ ’ਤੇ ਇਕੱਲਿਆਂ ਰਹਿਣਾ ਬੰਦਿਆ।
ਦੌਲਤ ਬੀਜ ਲੈ ਭਾਵੇਂ ਖ਼ੁਸ਼ੀਆਂ,
ਸਾਥ ਕਿਸੇ ਨਾ ਰਹਿਣਾ ਬੰਦਿਆ।

## ਚਾਰ ਮੂਏ ਤੋ…
**ਹਰਦੇਵ ਸਿੰਘ**

ਲੋਕ ਪ੍ਰਲੋਕ ਵਿੱਚ ਹੋਏ ਸਾਂ ਬੇਆਸਰੇ ਜਿਹੇ,
ਦਇਆ ਧਾਰ ਸੁਣ ਲਈ ਪੁਕਾਰ ਜੀ,
ਰੂਹਾਂ ਉਤੇ ਰਾਜ ਸਦਾ ਨੌਂਵੇਂ ਸੱਚੇ ਪਾਤਿਸ਼ਾਹ ਦਾ,
ਓਟ ਮਿਲੀ ਜਿਹੜੇ ਦਰਬਾਰ ਜੀ।
ਨਿੱਕੇ ਨਿੱਕੇ ਕਦਮਾਂ ਨਾ’ ਵੱਡੀਆਂ ਪੁਲਾਂਘਾਂ ਪੁੱਟ,
ਲੰਘੇ ਲਾਲ ਸਮਿਆਂ ਤੋਂ ਪਾਰ ਜੀ,
ਫੁੱਲਾਂ ਜਿਹੇ ਵਜੂਦ ਸੁੱਚੇ ਵਾਰ ਕੇ ਧਰਮ ਉੱਤੋਂ,
ਧਰਤੀ ਦੇ ਲਾਹ ਗਏ ਸਿਰੋਂ ਭਾਰ ਜੀ।
ਪੁੱਤਰਾਂ ਦੇ ਪੈਰੀਂ ਚੁਭੇ ਕੰਡਾ ਨਹੀਂ ਸਹਾਰ ਹੁੰਦਾ,
ਸੀਨੇ ਲਹਿੰਦੀ ਵੇਖਣੀ ਕੀ ਧਾਰ ਜੀ,
ਕਿਵੇਂ ਨਾ ਲੋਕਾਈ ਕਰੇ ਪਿਆਰ ਦਸਮੇਸ਼ ਜੀ ਨੂੰ,
ਵਾਰ ਦਿੱਤੇ ਜਿਨ੍ਹਾਂ ਪੁੱਤ ਚਾਰ ਜੀ।
ਰਿਸ਼ੀ ਮੁਨੀ ਨਬੀ ਅਵਤਾਰ ਤੇ ਫ਼ਕੀਰ ਜਿੰਨੇ,
ਕਰਦੇ ਹਾਂ ਦਿਲੋਂ ਸਤਿਕਾਰ ਜੀ,
ਵਾਰੋ ਵਾਰੀ ਹੋਇਆ ਜੋ ਸ਼ਹੀਦ ਰੱਬੀ ਰਾਹ ਉੱਤੇ,
ਦੱਸੋ ਕਿਹੜਾ ਹੋਰ ਪਰਿਵਾਰ ਜੀ।

## ਗ਼ਜ਼ਲ
**ਕੁਲਦੀਪ**

ਚਿਰਾਂ ਤੋਂ ਅੰਦਰੋਂ ਅੰਦਰ ਖ਼ੌਰੇ ਕਿਉਂ ਵਿਲਕਦਾ ਹੈ ਘਰ
ਵਜ੍ਹਾ ਹੋਵੇਗੀ ਕੋਈ ਜੋ ਕਿ ਤਿਲ-ਤਿਲ ਸੁਲਘਦਾ ਹੈ ਘਰ
ਮੁੜੇ ਨਾ ਤੁਰ ਗਏ ਪਰਦੇਸ ਰੋਜ਼ੀ ਦੇ ਬਹਾਨੇ ਜੋ,
ਉਨ੍ਹਾਂ ਦੀ ਦੇਖਦਾ ਹੈ ਰਾਹ ਅਤੇ ਅੱਜ ਵੀ ਧੜਕਦਾ ਹੈ ਘਰ
ਨਗਰ ਮੇਰੇ ਦੀ ਹਰ ਚੌਖਟ ’ਤੇ ਉੱਕਰੀ ਇਹ ਕਹਾਣੀ ਹੈ
ਕਿਸੇ ਦਾ ਬੁਝ ਰਿਹਾ ਚੁੱਲ੍ਹਾ, ਕਿਸੇ ਦਾ ਸੁਲਘਦਾ ਹੈ ਘਰ
ਕਿਸੇ ਅਪਣੇ ਦੇ ਹੁੰਦਿਆਂ ਵੀ ਰਹੇ ਕਿਉਂ ਚੁੱਪ ਦਾ ਪਹਿਰਾ,
ਦੁਖੀ ਹੈ ਇਸ ਲਈ ਮਨ ਦਾ ਪਰਿੰਦਾ, ਚੀਕਦਾ ਹੈ ਘਰ,
ਜਦੋਂ ਵੀ ਓਸ ਦੇ ਖ਼ਾਬਾਂ ਦੇ ਸੰਗ ਅਠਖੇਲੀਆਂ ਕਰਦਾ,
ਬੜਾ ਮਹਿੰਗਾ ਪਊ ‘ਕੁਲਦੀਪ’ ਮੈਨੂੰ ਵਰਜਦਾ ਹੈ ਘਰ,
ਜਦੋਂ ਵੀ ਸੋਚਦਾਂ ਮੈਂ ਕਿ ਸਮਾਧੀ ਲਾ ਲਵਾਂ ਕਿਧਰੇ,
ਤਾਂ ਨੰਨ੍ਹੀ ਛਾਂ ਹੈ ਮੇਰੀ ਡੁਸਕਦੀ ਤੇ ਘੂਰਦਾ ਹੈ ਘਰ।



## ਮਲ੍ਹਿਆਂ ਤੋਂ ਝੜ ਗਏ ਬੇਰ
**ਕੁਲਵਿੰਦਰ ਸਿੱਧੂ ਕਾਮੇ ਕਾ**

ਓਏ ਬੇਲੀਆ,
ਕਰੀਰਾਂ ਤੋਂ ਝੜ ਗਏ ਡੇਲੇ,
ਵਿੱਛੜਿਆਂ ਸੱਜਣਾ ਦੇ,
ਮੁੜ ਕੌਣ ਕਰਾਵੇ ਮੇਲੇ,
ਕਿੱਕਰਾਂ ਤੋਂ ਝੜ ਗਏ ਤੁੱਕੇ,
ਓਏ ਬੇਲੀਆ,
ਜੰਡਾਂ ਤੋਂ ਝੜ ਗਏ ਖੋਖੇ,
ਦੁਨੀਆਂ ਤੋਂ ਬਚਕੇ ਰਹੀਂ,
ਦੇਵੇ ਪੈਰ ਪੈਰ ’ਤੇ ਧੋਖੇ।
ਰਹੂੜਿਆਂ ਤੋਂ ਝੜ ਗਏ ਫੁੱਲ,
ਓਏ ਬੇਲੀਆ,
ਲਸੂੜਿਆਂ ਤੋਂ ਝੜੀਆਂ ਲਸੂੜੀਆਂ,
ਛੱਡਕੇ ਨਾ ਜਾਈਏ,
ਕਦੇ ਪਾ ਕੇ ਮੁਹੱਬਤਾਂ ਗੂੜ੍ਹੀਆਂ,
ਪਿੱਪਲਾਂ ਤੋਂ ਝੜ੍ਹੀਆਂ ਪਪੀਸੀਆਂ,
ਓਏ ਬੇਲੀਆ,
ਬੋਹੜਾਂ ਤੋਂ ਝੜ ਗਈਆਂ ਗੋਲ੍ਹਾਂ,
ਹਿਜਰਾਂ ’ਚ ਜਿੰਦ ਭੁੱਜਗੀ,
ਜਿਵੇਂ ਅੱਗ ’ਤੇ ਭੁੱਜਦੀਆਂ ਹੋਲਾਂ,
ਵਣਾਂ ਤੋਂ ਝੜ ਗਈਆਂ ਪੀਲ੍ਹਾਂ,
ਓਏ ਬੇਲੀਆ,
ਤੂਤਾਂ ਤੋਂ ਝੜ ਗਈਆਂ ਤੂਤੀਆਂ,
ਕੁਲਵਿੰਦਰਾ ਹਿਜਰ ਦੀਆਂ,
ਪੀੜਾਂ ਬਹੁਤ ਕਸੂਤੀਆਂ,

## ਕਿਹੜੇ ਗੁਨਾਹ ਦੀ
**ਜਸਵਿੰਦਰ ਰਾਏ ਭੱਠਲ**



ਕਿਹੜੀ ਅਦਾਲਤ ਵੱਲੋਂ,
ਕਿਹੜੇ ਕਾਨੂੰਨ ਤਹਿਤ,
ਦਿੱਤੀ ਗਈ ਮੈਨੂੰ,
ਫ਼ਾਂਸੀ ਦੀ ਸਜ਼ਾ,
ਨਾ ਕੋਈ ਐਫ਼.ਆਈ.ਆਰ.,
ਨਾ ਕੋਈ ਸੰਮਨ,
ਨਾ ਕੋਈ ਅਪੀਲ,
ਨਾ ਕੋਈ ਵਕੀਲ,
ਨਾ ਕੋਈ ਦਲੀਲ,
ਪਹਿਲੀ ਵਾਰ ਵੇਖਿਆ,
ਪੰਖੇਰੂਆਂ ਤੇ ਵੀ ਲੱਗਦੈ,
ਟਾਡਾ ਐਕਟ,
ਉੱਤਮ ਜੂਨੀ ਵਾਲਿਓ,
ਥੋੜੇ ਅੱਗੇ ਬੇਵੱਸ ਹਾਂ ਅਸੀਂ,
ਐਰਾ ਬਗੈਰਾ ਜੂਨੀ ਵਾਲੇ,
ਹਾੜਾ ਇੱਕ ਰਹਿਮ ਕਰਿਓ,
ਮੰਗਲ ਤੇ ਪਹੁੰਚਣ ਵਾਲਿਓ,
ਖੋਜ ਕਰਿਓ ਮੇਰੇ ਆਲ੍ਹਣੇ ਦੀ,
ਜੇ ਸਰ ਸਕਿਆ ਤਾਂ,
ਚਾਰ ਕੁ ਦਾਣੇ,
ਜ਼ਰੂਰ ਰੱਖ ਆਇਓ,
ਮੇਰੇ ਭੁੱਖੇ ਬੋਟਾਂ ਲਈ,
ਤੁਹਾਡਾ ਧੰਨਵਾਦ ਹੋਵੇਗਾ,
ਅਲਵਿਦਾ…।

## ਬਿਨ ਅਕਲਾਂ ਦੇ
**ਜਸਵੰਤ ਸਿੰਘ ਢੀਂਡਸਾ**

ਅਕਲਾਂ ਵਾਜੋਂ ਖੂਹ ਨੇ ਖਾਲੀ,
ਜਿਉਂ ਬਿਨ ਫਸਲਾਂ ਦੇ ਖੇਤ।
ਪੜ੍ਹਨਾ ਏਨਾ ਹੋਇਆ ਮਹਿੰਗਾ,
ਜਿੰਨੀ ਮਹਿੰਗੀ ਰੇਤ।
ਸਰਦਾ ਵਰਦਾ ਕੰਮ ਨੀ ਕਰਦਾ,
ਦਾਰੂ ਪੀ ਕੇ ਘਰ ਆ ਵੜਦਾ।
ਆਖੇਂ ਮੈਥੋਂ ਕੰਮ ਨੀ ਹੁੰਦਾ,
ਹੋ ਜਾਏ ਹਮੇਸ਼ਾ ਲੇਟ।
ਅਕਲਾਂ ਵਾਜੋਂ ਖੂਹ ਨੇ ਖਾਲੀ,
ਜਿਉਂ ਬਿਨ ਫਸਲਾਂ ਦੇ ਖੇਤ।
ਜਿੱਧਰ ਵੇਖੋ ਹਾਲ ਬੁਰਾ ਏ,
ਮਾਂ ਦਾ ਲਾਲ ਬਾਹਰ ਤੁਰਾ ਏ।
ਡਿਗਰੀਆਂ ਵਾਲੇ ਵੇਹਲੇ ਫਿਰਦੇ,
ਨਾ ਕੋਈ ਰੱਖੇ ਮੇਟ।
ਅਕਲਾਂ ਵਾਜੋਂ ਖੂਹ ਨੇ ਖਾਲੀ,
ਜਿਉਂ ਬਿਨ ਫਸਲਾਂ ਦੇ ਖੇਤ।
ਜ਼ਿਮੀਂਦਾਰ ਨਰਾਜ ਬੜਾ ਏ,
ਕਰਜ਼ਾ ਇਹਦੇ ਸਿਰ ਖੜ੍ਹਾ ਏ।
ਗੜੇ ਫਸਲ ਖਰਾਬ ਕਰ ਦੇਂਦੇ,
‘ਜਸਵੰਤ’ ਆਏ ਮਹੀਨਾ ਚੇਤ।
ਅਕਲਾਂ ਵਾਜੋਂ ਖੂਹ ਨੇ ਖਾਲੀ,
ਜਿਉਂ ਬਿਨ ਫਸਲਾਂ ਦੇ ਖੇਤ।

## ਵਾਅਦਾ ਕਰ
**ਪਲਵਿੰਦਰ ਸਿੰਘ ਭੀਲੋਵਾਲ**

ਜੇ ਡਿੱਗ ਵੀ ਪਿਆ ਤਾਂ,
ਫਿਰ ਮੁੜਕੇ ਖੜੇਂਗਾ,
ਜਾਨ ਨਹੀਂ ਮੰਗਦਾ ਤੇਰੀ,
ਜਾਨ ਹਥੇਲੀ ’ਤੇ ਰੱਖ ਲੜੇਂਗਾ,
ਮੁਸੀਬਤ ਸੋਚੇ ਤੇਰੇ ਵੱਲ ਆਉਣ ਨੂੰ,
ਮੁਸੀਬਤ ਨਾਲ ਇਵੇਂ ਲੜੇਂਗਾ,
ਇਤਿਹਾਸ ਬਣੇ ਪੰਨਾ ਜ਼ਿੰਦਗੀ ਦਾ,
ਹਰ ਪੰਨਾ ਇਵੇਂ ਭਰੇਂਗਾ
ਮਾਣ ਹੋਵੇ ਤੈਨੂੰ ਖ਼ੁਦ ਤੇ,
ਜਦ ਖ਼ੁਦ ਨੂੰ ਇੱਕ ਦਿਨ ਪੜ੍ਹੇਂਗਾ,
ਲਾਲਚ ਦੇ ਵੱਸ ਪੈ ਕੇ ਵਾਅਦਾ ਕਰ,
ਮੰਜ਼ਿਲ ਦੀ ਪੌੜੀ ਨਹੀਂ ਚੜ੍ਹੇਂਗਾ।

## ਸੰਤਾਂ ਦੀ ਹੱਟੀ
**ਜੀਵਨ ਪਾਇਲ**
**ਜ਼ਿਲ੍ਹਾ ਲੁਧਿਆਣਾ**

ਸੰਤਾਂ ਦੀ ਹੱਟੀ ਦਾ ਅਸਾਂ ਤੇ ਸੌਦਾ ਵੱਟੀ ਦਾ।
ਇਨ੍ਹਾਂ ਸੰਤ ਪਿਆਰਿਆਂ ਨੂੰ, ਅੱਖੀਆਂ ਦੇ ਤਾਰਿਆਂ ਨੂੰ, ਹਰ ਵੇਲ਼ੇ ਜਪੀਦਾ।
ਇਸ ਇੱਕ ਨੂੰ ਜਾਣਕੇ ਜੋ, ਕੰਮ ਆਪਣੇ ਕਰਦੇ ਨੇ।
ਰਹਿੰਦੇ ਖ਼ੁਸ਼ੀ ਹਾਲ ਸਦਾ, ਉਹ ਮੌਜਾਂ ਕਰਦੇ ਨੇ।
ਐਸੇ ਗੁਰੂ ਸਿੱਖ ਪਿਆਰਿਆਂ ਨੂੰ,
ਸਦਾ ਹੀ ਚਿੱਤ ਵਿੱਚ ਰੱਖੀਦਾ…।
ਖੇਡ ਪ੍ਰੇਮਾ ਭਗਤੀ ਦੀ ਜਿਸ ਨੇ ਵੀ ਅਪਣਾਈ,
ਬਹੁਮੁੱਲੀ ਦਾਤ ਸੰਤੋਂ, ਉਸ ਸੰਤ ਨੇ ਹੀ ਪਾਈ।
ਇਹ ਅਮਨ ਦਾ ਸੋਮਾ ਹੈ, ਇਸ ਮਨ ਵਿੱਚ ਰੱਖੀਦਾ।
ਇਥੇ ਮੌਜ ਬਹਾਰਾਂ ਨੇ, ਖਿੜੇ ਗੁਲਜ਼ਾਰਾਂ ਨੇ।
ਮੁੱਖ ਸੱਜਣਾਂ ਦੇ ਉੱਜਵਲ, ਸੰਤਾਂ ਦੀਆਂ ਡਾਰਾਂ ਨੇ।
ਜੋੜ ਪੱਕਾ ਜੁੜਿਆ ਏ, ਇਸ ਯਾਰੀ ਪੱਕੀ ਦਾ।
‘ਪੈਲ ਵਾਲੇ ਜੀਵਨ’ ਦੀ ਹੁੰਦੀ ਹਰ ਗੱਲ ਪੂਰੀ ਏ।
ਬਣੇ ਸਾਥੀ ਅੱਲ੍ਹਾ ਜਿਸ ਦਾ, ਮੁੱਖ ਉਸ ਦਾ ਨੂਰੀ ਏ।
ਇਹ ਹਰ ਥਾਂ ਹਾਜ਼ਰ ਹੈ, ਇਹ ਹਰ ਥਾਂ ਤੱਕੀ ਦਾ।

## ਆਓ ਪੰਜਾਬ ਬਚਾਈਏ
**ਕੰਵਲਜੀਤ ਕੌਰ ਜੁਨੇਜ**

ਪੰਜਾਬ ਤੂੰ ਭਾਰਤ ਦੀ ਆਨ ਬਾਨ ਸ਼ਾਨ ਹੈ
ਸਭ ਤੋਂ ਵੱਧ ਇਹ ਗੱਲ ਹੈ
ਤੂੰ ਦੇਸ਼ ਦੀ ਪਹਿਚਾਣ ਹੈਂ
ਤੂੰ ਗੁਰੂਆਂ ਪੀਰਾਂ ਦੀ ਧਰਤੀ
ਤੇਰੇ ਲਹਿ ਲਹਾਉਂਦੇ ਖੇਤ
ਤੇਰੀ ਆਨ ਵੱਖਰੀ, ਤੇਰੀ ਸ਼ਾਨ ਵੱਖਰੀ
ਤੂੰ ਪੰਜ ਆਬਾਂ ਦੀ ਧਰਤੀ
ਜਦ ਪਤਾ ਲੱਗਦੈ ਤੇਰੇ ਵਾਸੀ ਤੈਨੂੰ ਛੱਡ ਕੇ ਜਾ ਰਹੇ ਨੇ
ਲੱਗਦੈ ਜਿਵੇਂ ਮਾਵਾਂ ਦੇ ਪੁੱਤ ਮਾਵਾਂ ਨੂੰ ਰੁਆ ਰਹੇ ਨੇ
ਇਹ ਕਿਹੜੀ ਰੀਸ ਦਾ ਦੌਰ ਚੱਲ ਚੱਲ ਪਿਆ
ਕਿਸੇ ਬਾਹਰ ਜਾਂਦੇ ਨੂੰ ਬਾਹੋਂ ਪਕੜ ਵਾਪਸ ਲਿਆਉਣ ਦੀ ਬਿਜਾਏ
ਆਪ ਵੀ ਨਾਲ ਤੁਰ ਪਿਆ
ਵਾਪਸ ਆ ਜਾਓ ਪਰਦੇਸੀਓ
ਆਪਣੇ ਘਰ ਸਾਂਭ ਲਓ
ਛੱਡ ਦਿਓ ਨਸ਼ੇ ਸ਼ਰਾਬਾਂ
ਕੂਹਣੀਆਂ ਤੱਕ ਕਮੀਜ਼ ਦੀਆਂ ਬਾਹਾਂ ਚੁੱਕ ਆਦਤ ਅਨੁਸਾਰ
ਨਸ਼ੇ ਬਣਾਉਣ ਵਾਲਿਆਂ ਦੇ ਡੇਰੇ ਢਾਹ ਦਿਓ
ਤੁਸੀਂ ਪਰਦੇਸੀ ਬਣ ਰਹੇ
ਪਰਵਾਸੀ ਤੁਹਾਡੇ ਘਰਾਂ ਤੇ ਕਬਜ਼ੇ ਕਰ ਰਹੇ
ਜਾਗੋ ਜਾਗੋ ਜਾਗੋ
ਘਰ ਆਪਣੇ ਨੂੰ ਸਾਂਭੋ
ਗੁਰੂਆਂ ਪੀਰਾਂ ਦੀ ਪਵਿੱਤਰ ਧਰਤੀ ਨੂੰ
ਛੱਡ ਕੇ ਨਹੀਂ ਜਾਈਦਾ
ਸਵੇਰ ਦਾ ਭੁੱਲਿਆ ਸ਼ਾਮੀਂ ਘਰ ਪਰਤ ਆਵੇ
ਉਹਨੂੰ ਭੁੱਲਿਆ ਨਹੀਂ ਆਖੀਦਾ ਭਟਕ ਜਾਣਾ ਕਹੀਦੈ
ਘਰ ਵਿੱਚ ਆਟਾ ਨਾ ਹੋਵੇ ਤਾਂ ਔਰਤ ਗੁੰਨ੍ਹਗੀ ਕੀ
ਜਿੱਥੇ ਬਣਦੇ ਨੇ ਚਿੱਟੇ ਨਸ਼ੇ
ਅੱਗ ਲਾ ਦਿਓ, ਸਥਾਪਤ ਕਰ ਦਿਓ ਉਦਯੋਗ
ਆਈਲੈਟਸ ਕੋਚਿੰਗ ਸੈਂਟਰਾਂ ਦੀ ਜਗ੍ਹਾ
ਆਪਣੇ ਹੱਥੀਂ ਰੁਜ਼ਗਾਰ ਦੇ ਸਾਧਨ ਬਣਾ
ਇੱਕ ਜ਼ਿੰਦਾ ਮਿਸਾਲ ਬਣ ਜਾਣਾ ਚਾਹੀਦੈ
ਤੁਹਾਡਾ ਖ਼ੂਨ ਗਰਮ ਹੈ ਗਰਮ ਹੀ ਰਹਿਣ ਦਿਓ
ਤੁਹਾਨੂੰ ਸਭ ਨੂੰ ਰਲ ਮਿਲ ਕੇ
ਪੰਜਾਬ ਨੂੰ ਬਚਾਉਣਾ ਚਾਹੀਦੈ,
ਪੰਜਾਬ ਨੂੰ ਬਚਾਉਣਾ ਚਾਹੀਦੈ।

# ਕੈਂਸਰ ਨੂੰ ਹਰਾਉਣ ਵਾਲੇ ਖਿਡਾਰੀ ਅਤੇ ਕਲਾਕਾਰ ਜੋ ਪੀੜ੍ਹਤਾਂ ਦਾ ਰੋਲ ਮਾਡਲ ਬਣੇ

## ਦੁਨੀਆਂ ’ਚ ਹਰ ਸਾਲ ਲਗਭਗ 8.8 ਮਿਲੀਅਨ ਲੋਕ ਮਰ ਜਾਂਦੇ ਨੇ ਕੈਂਸਰ ਕਾਰਨ



ਵਰਲਡ ਹੈਲਥ ਆਰਗੇਨਾਈਜ਼ੇਸ਼ਨ ਅਨੁਸਾਰ ਕੈਂਸਰ ਦੁਨੀਆ ਭਰ ਵਿਚ ਮੌਤ ਦਾ ਦੂਜਾ ਪ੍ਰਮੁੱਖ ਕਾਰਨ ਹੈ ਜੋ ਸਿਰਫ਼ 2018 ਵਿਚ 9.6 ਮਿਲੀਅਨ ਮੌਤਾਂ ਲਈ ਜ਼ਿੰਮੇਵਾਰ ਸੀ। ਫੇਫੜੇ, ਪ੍ਰੋਸਟੇਟ, ਕੋਲੋਰੇਕਟਲ, ਪੇਟ ਅਤੇ ਜਿਗਰ ਦੇ ਕੈਂਸਰ ਮਰਦਾਂ ਵਿਚ ਦੇਖੇ ਜਾਣ ਵਾਲੇ ਸਭ ਤੋਂ ਆਮ ਕੈਂਸਰ ਹਨ ਜਦਕਿ ਔਰਤਾਂ ਵਿਚ ਛਾਤੀ, ਕੋਲੋਰੈਕਟਲ, ਫੇਫੜੇ, ਸਰਵਾਈਕਲ ਅਤੇ ਥਾਈਰਾਈਡ ਕੈਂਸਰ ਆਮ ਹਨ। ਕੁਝ ਕਲਾਕਾਰ ਤੇ ਖਿਡਾਰੀ ਸ਼ਖਸੀਅਤਾਂ ਨੇ ਨਾ ਸਿਰਫ਼ ਕੈਂਸਰ ਬੀਮਾਰੀ ’ਤੇ ਜਿੱਤ ਪ੍ਰਾਪਤ ਕੀਤੀ ਹੈ, ਸਗੋਂ ਆਪਣੇ ਤਜਰਬਿਆਂ ਬਾਰੇ ਬੇਬਾਕੀ ਨਾਲ ਗੱਲ ਵੀ ਕੀਤੀ। ਉਨ੍ਹਾਂ ਨਾ ਸਿਰਫ਼ ਆਮ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਯੋਗਦਾਨ ਪਾਇਆ ਸਗੋਂ ਬਿਮਾਰੀ ਨਾਲ ਲੜ ਰਹੇ ਹੋਰ ਲੋਕਾਂ ਲਈ ਪ੍ਰੇਰਨਾ ਸਰੋਤ ਬਣਨ ਦਾ ਯਤਨ ਕੀਤਾ ਹੈ।

ਮੈਟਾਸਟੈਟਿਕ ਕੈਂਸਰ ਤੋਂ ਠੀਕ ਹੋਣ ਤੋਂ ਬਾਅਦ ਆਪਣੀ ਆਮ ਦਿੱਖ ਵਾਪਸ ਪਾਉਣ ਲਈ ਸੰਘਰਸ਼ ਕਰਨ ਵਾਲੀ ਅਦਾਕਾਰਾ ਸੋਨਾਲੀ ਬੇਂਦਰੇ ਮੁਤਾਬਕ ਕੈਂਸਰ ਇੱਕ ਸਬਕ ਸਿਖਾਉਣ ਵਾਲੀ ਬਿਮਾਰੀ ਹੈ। ਆਪਣੀ ਕੈਂਸਰ ਦੀ ਬਿਮਾਰੀ ਖਿਲਾਫ਼ ਜੰਗ ਬਾਰੇ ਗੱਲ ਕਰਦਿਆਂ ਸੋਨਾਲੀ ਬੇਂਦਰੇ ਨੇ ਕਿਹਾ ਸੀ, ‘ਮੈਂ ਸੋਚਦੀ ਹਾਂ ਸਾਨੂੰ ਬਸ ਸਵੀਕਾਰਨ ਦੀ ਲੋੜ ਹੈ। ਅਸੀਂ ਜਾਣਕਾਰੀ ਦੇ ਯੁੱਗ ਵਿੱਚ ਹਾਂ ਤੇ ਜਾਣਕਾਰੀ ਸਾਡੇ ਹੱਥਾਂ ਵਿੱਚ ਹੈ। ਮੈਂ ਸਿਰਫ਼ ਇਹ ਕਹਿਣਾ ਚਾਹੁੰਦੀ ਹਾਂ ਕਿ ਮੈਨੂੰ ਇਸ ਬਾਰੇ ਨਾਕਾਰਤਮਕ ਵਿਚਾਰ ਜਾਂ ਕਿਆਸਰਾਈਆਂ ਨਹੀਂ ਚਾਹੀਦੀਆਂ ਹਨ। ਇੱਕ ਮਾਂ ਵਜੋਂ ਆਪਣੇ ਬੱਚਿਆਂ ਪ੍ਰਤੀ ਫਿਕਰ ਜ਼ਾਹਿਰ ਕਰਦਿਆਂ ਸੋਨਾਲੀ ਨੇ ਕਿਹਾ ਸੀ ਕਿ ਉਹ ਨਹੀਂ ਚਾਹੁੰਦੇ ਸਨ ਕਿ ਬਿਮਾਰੀ ਬਾਰੇ ਕਿਸੇ ਵੀ ਤਰ੍ਹਾਂ ਦੇ ਨਾਕਾਰਤਮਕ ਵਿਚਾਰ ਉਨ੍ਹਾਂ ਦੇ ਬੱਚਿਆਂ ਤੱਕ ਪਹੁੰਚਣ, ਇਸ ਲਈ ਉਨ੍ਹਾਂ ਸਿਰਫ਼ ਚੰਗਾ ਸੋਚਿਆ। ਕੈਂਸਰ ਦੇ ਇਲਾਜ ਲਈ ਕੀਤੀ ਗਈ ਸਰਜਰੀ ਨੇ ਸੋਨਾਲੀ ਦੇ ਸਰੀਰ ’ਤੇ 23-24 ਇੰਚ ਲੰਬਾ ਨਿਸ਼ਾਨ ਛੱਡਿਆ।

ਅਦਾਕਾਰ ਆਯੂਸ਼ਮਾਨ ਖੁਰਾਨਾ ਦੀ ਪਤਨੀ ਤਾਹੀਰਾ ਕਸ਼ਯੱਪ ਖੁਰਾਨਾ ਨੂੰ ਸਾਲ 2018 ਵਿੱਚ ਛਾਤੀ ਦਾ ਕੈਂਸਰ ਹੋਣ ਬਾਰੇ ਪਤਾ ਲੱਗਿਆ। ਤਾਹੀਰਾ ਨੇ ਕੈਂਸਰ ਖਿਲਾਫ਼ ਜੰਗ ਜਿੱਤ ਚੁੱਕੇ ਲੋਕਾਂ ਨੂੰ ਸਰਜਰੀ ਕਾਰਨ ਸਰੀਰ ’ਤੇ ਪਏ ਨਿਸ਼ਾਨਾਂ ਨੂੰ ਨਾ ਲੁਕਾਉਣ ਲਈ ਪ੍ਰੇਰਦੀ ‘ਸਕਾਰਜ਼’ ਸਿਰਲੇਖ ਹੇਠ ਇੱਕ ਕਵਿਤਾ ਲਿਖੀ। ਸਾਲ 2020 ਨੈਸ਼ਨਲ ਕੈਂਸਰ ਸਰਵਾਈਵਰਜ਼ ਡੇਅ ਮੌਕੇ ਉਨ੍ਹਾਂ ਨੇ ਆਪਣੀ ਪਿੱਠ ’ਤੇ ਬ੍ਰੈਸਟ ਕੈਂਸਰ ਦੇ ਇਲਾਜ ਦੌਰਾਨ ਹੋਈ ਸਰਜਰੀ ਦੇ ਪਏ ਨਿਸ਼ਾਨ ਦੀ ਤਸਵੀਰ ਅਤੇ ਇੱਕ ਕਵਿਤਾ ਦੇ ਬੋਲ ਸੋਸ਼ਲ ਮੀਡੀਆ ਜ਼ਰੀਏ ਸਾਂਝੇ ਕੀਤੇ। ਇਸ ਕਵਿਤਾ ਵਿੱਚ ਉਨ੍ਹਾਂ ਕੈਂਸਰ ਪੀੜਤਾਂ ਨੂੰ ਕਿਹਾ ਕਿ ਆਪਣੇ ਨਿਸ਼ਾਨ ਲੁਕਾਉਣ ਦੀ ਲੋੜ ਨਹੀਂ ਸਗੋਂ ਇਹ ਤਮਗ਼ੇ ਹਨ ਜੋ ਤੁਹਾਨੂੰ ਪ੍ਰੇਰਦੇ ਹਨ। ਤਾਹੀਰਾ ਕਸ਼ਯੱਪ ਸਮੇਂ-ਸਮੇਂ ਸੋਸ਼ਲ ਮੀਡੀਆ ਜ਼ਰੀਏ ਲੋਕਾਂ ਨੂੰ ਕੈਂਸਰ ਪ੍ਰਤੀ ਜਾਗਰੂਕ ਕਰਨ ਲਈ ਪੋਸਟ ਪਾ ਕੇ ਸਵੈ-ਪੜਚੋਲ ਲਈ ਪ੍ਰੇਰਿਤ ਕਰਦੀ ਰਹਿੰਦੀ ਹੈ।

ਅਦਾਕਾਰਾ ਲੀਜ਼ਾ ਰੇਅ ਕੈਂਸਰ ਦੇ ਇਲਾਜ ਦੌਰਾਨ ਸੋਸ਼ਲ ਮੀਡੀਆ ਜ਼ਰੀਏ ਲਗਾਤਾਰ ਆਪਣੇ ਪ੍ਰਸ਼ੰਸਕਾਂ ਨਾਲ ਜੁੜੇ ਰਹੇ। ਸਾਲ 2009 ਵਿੱਚ ਲੀਜ਼ਾ ਨੂੰ ਬਲੱਡ ਕੈਂਸਰ ਹੋਣ ਬਾਰੇ ਪਤਾ ਲੱਗਿਆ। ਆਪਣੀ ਬਿਮਾਰੀ ਅਤੇ ਇਲਾਜ ਦੇ ਨਾਲ-ਨਾਲ ਲੀਜ਼ਾ ਲੋਕਾਂ ਨੂੰ ਕੈਂਸਰ ਬਾਰੇ ਜਾਗਰੂਕ ਵੀ ਕਰਦੇ ਰਹੇ। ਉਨ੍ਹਾਂ ਨੇ ਬਿਮਾਰੀ ਦੌਰਾਨ ਜੋ ਕੁਝ ਮਹਿਸੂਸ ਕੀਤਾ, ਝੱਲਿਆ ਅਤੇ ਉਨ੍ਹਾਂ ਦੀ ਜ਼ਿੰਦਗੀ ਜਿਸ ਤਰ੍ਹਾਂ ਬਦਲੀ, ਉਸ ਬਾਰੇ ਉਨ੍ਹਾਂ ਨੇ ਮਈ 2019 ਵਿੱਚ ‘ਕਲੋਜ਼ ਟੂ ਦਾ ਬੋਨ’ ਨਾਮ ਦੀ ਇੱਕ ਕਿਤਾਬ ਲਿਖੀ।ਇਸ ਕਿਤਾਬ ਵਿੱਚ ਉਨ੍ਹਾਂ ਲਿਖਿਆ, ‘37 ਸਾਲ ਦੀ ਉਮਰ ਵਿੱਚ ਕੈਂਸਰ ਦਾ ਪਤਾ ਲੱਗਣ ਤੋਂ ਬਾਅਦ, ਮੈਂ ਐੱਮਐੱਮ ਕੈਂਸਰ ਕਲੱਬ ਦੀ ਸਭ ਤੋਂ ਜੂਨੀਅਰ ਮੈਂਬਰ ਸੀ, ਜਦਕਿ ਕੈਂਸਰ ਹੋਣ ਦੀ ਸੰਭਾਵਨਾ ਲਈ ਔਸਤਨ ਉਮਰ 65 ਸਾਲ ਹੈ ਪਰ ਇਹ ਡਰਾਉਣਾ ਨਹੀਂ ਸੀ- ਨਾ ਹੀ ਹੁਣ ਹੈ।’

ਮਸਟੈਮ ਸੈੱਲ ਟਰਾਂਸਪਲਾਂਟ ਤੋਂ ਬਾਅਦ ਡਾਕਟਰਾਂ ਵੱਲੋਂ ਲੀਜ਼ਾ ਨੂੰ ਕੈਂਸਰ ਮੁਕਤ ਮੰਨਿਆ ਗਿਆ। ਆਪਣੇ ਆਪ ਨੂੰ ਲੀਜ਼ਾ ਕੈਂਸਰ ਗ੍ਰੈਜੂਏਟ ਵਜੋਂ ਸੰਬੋਧਿਤ ਕਰਦੇ ਹਨ।

ਅਦਾਕਾਰਾ ਮਨੀਸ਼ਾ ਕੋਇਰਾਲਾ ਕਹਿੰਦੇ ਹਨ, ‘ਆਪਣੇ ਆਲੇ ਦੁਆਲੇ ਬਹੁਤ ਲੋਕ ਇਸ ਬਿਮਾਰੀ ਨਾਲ ਜੂਝਦੇ ਦੇਖੇ ਸਨ ਪਰ ਕਦੀ ਨਹੀਂ ਸੀ ਸੋਚਿਆ ਇਹ ਮੈਨੂੰ ਵੀ ਹੋ ਸਕਦਾ ਹੈ ਪਰ ਮੇਰੇ ਲਈ ਇਹ ਹੈਰਾਨ ਕਰਨ ਵਾਲਾ ਨਹੀਂ ਸੀ। ਮਨੀਸ਼ਾ ਨੂੰ ਅੰਡਕੋਸ਼ ਦਾ ਕੈਂਸਰ ਹੋਇਆ ਸੀ।’

ਕੈਂਸਰ ਦੌਰਾਨ ਆਪਣੇ ਤਜਰਬਿਆਂ ਬਾਰੇ ਮਨੀਸ਼ਾ ਕੋਇਰਾਲਾ ਨੇ ‘ਹੀਲਡ ਹਾਓ ਕੈਂਸਰ ਗਿਵ ਮੀ ਨਿਊ ਲਾਈਫ਼’ ਨਾਮ ਦੀ ਕਿਤਾਬ ਵਿੱਚ ਕੈਂਸਰ ਖਿਲਾਫ਼ ਆਪਣੀ ਲੜਾਈ ਦੀ (ਬਾਕੀ ਸਫ਼ਾ 31 ’ਤੇ)

## ਸਤਿੰਦਰ ਸਰਤਾਜ ਤੇ ਨੀਰੂ ਬਾਜਵਾ ਦੀ ਫ਼ਿਲਮ ‘ਕਲੀ ਜੋਟਾ’ ਵਿਸ਼ਵ ਭਰ ’ਚ ਰਿਲੀਜ਼ ਹੋਈ

ਚੰਡੀਗੜ੍ਹ/ਏ.ਟੀ.ਨਿਊਜ਼ :- ਇਨ੍ਹੀਂ ਦਿਨੀਂ ਪੰਜਾਬੀ ਫ਼ਿਲਮ ‘ਕਲੀ ਜੋਟਾ’ ਬੇਹੱਦ ਚਰਚਾ ਵਿਚ ਹੈ। ‘ਕਲੀ ਜੋਟਾ’ ਫ਼ਿਲਮ ਬੀਤੇ ਦਿਨੀਂ ਦੁਨੀਆ ਭਰ ’ਚ ਰਿਲੀਜ਼ ਹੋ ਗਈ ਹੈ। ਇਸ ਫ਼ਿਲਮ ਵਿਚ ਨੀਰੂ ਬਾਜਵਾ, ਸਤਿੰਦਰ ਸਰਤਾਜ ਤੇ ਵਾਮਿਕਾ ਗੱਬੀ ਮੁੱਖ ਭੂਮਿਕਾ ਵਿਚ ਹਨ।ਪਿਆਰ ਮੁਹੱਬਤਾਂ ਦੇ ਰੰਗਾਂ ਨੂੰ ਬਿਖ਼ੇਰਦੀ ਨਿਵੇਕਲੇ ਵਿਸ਼ੇ ਦੀ ਇਹ ਫ਼ਿਲਮ ਮਨੋਰੰਜਨ ਦੇ ਨਾਲ-ਨਾਲ ਔਰਤ ਦੇ ਹੱਕਾਂ ਦੀ ਵੀ ਗੱਲ ਕਰਦੀ ਹੈ। ਇਸ ਫ਼ਿਲਮ ਵਿਚ ਨੀਰੂ ਬਾਜਵਾ ਆਪਣੀਆਂ ਪਹਿਲੀਆਂ ਫ਼ਿਲਮ ਤੋਂ ਬਹੁਤ ਹਟ ਕੇ ਨਜ਼ਰ ਆਵੇਗੀ। ਸੱਚੀ ਕਹਾਣੀ




ਆਧਾਰਿਤ ਇਸ ਫ਼ਿਲਮ ਵਿਚ ਉਸ ਨੇ ਰਾਬੀਆ ਦਾ ਕਿਰਦਾਰ ਨਿਭਾਇਆ ਹੈ ਜੋ ਚੁਲਬੁਲੇ ਸੁਭਾਅ ਅਤੇ ਆਜ਼ਾਦ ਖ਼ਿਆਲਾਂ ਦੀ ਮਾਲਕ ਹੈ ਤੇ ‘ਦੀਦਾਰ’ (ਸਤਿੰਦਰ ਸਰਤਾਜ) ਨਾਂ ਦੇ ਛੈਲ-ਛਬੀਲੇ ਗੱਭਰੂ ਦੀ ਦੀਵਾਨੀ ਹੈ। ਜਦੋਂ ਰਾਬੀਆ ਤੇ ਦੀਦਾਰ ਦੀਆਂ ਭਾਵਨਾਵਾਂ ਨੂੰ ਸਮਾਜ ਦੇ ਕੁਝ ਅਖੌਤੀ ਠੇਕੇਦਾਰ ਦਬਾਉਣ ਦਾ ਯਤਨ ਕਰਦੇ ਹਨ ਤਾਂ ਰਾਬੀਆ ਕਿਸੇ ਕਾਰਨ ਡੂੰਘੇ ਸਦਮੇ ਦਾ ਸ਼ਿਕਾਰ ਹੋ ਜਾਂਦੀ ਹੈ। ਫ਼ਿਲਮ ਦੇ ਨਿਰਦੇਸ਼ਕ ਵਿਜੇ ਕੁਮਾਰ ਅਰੋੜਾ ਹਨ। ਲੇਖਿਕਾ ਹਰਿੰਦਰ ਕੌਰ ਨੇ ਆਪਣੀ ਇਸ ਕਹਾਣੀ ਵਿਚ ਔਰਤ ਦੀ ਅਜ਼ਾਦੀ ਅਤੇ ਸਮਾਜ ਦੇ ਚਿਹਰਿਆਂ ਨੂੰ ਪਰਦੇ ’ਤੇ ਉਤਾਰਨ ਦਾ ਯਤਨ ਕੀਤਾ ਹੈ। ਇਸ ਨੂੰ ਡਾਇਰੈਕਟ ਵਿਜੇ ਕੁਮਾਰ ਅਰੋੜਾ ਨੇ ਕੀਤਾ ਹੈ। ਫ਼ਿਲਮ ਨੀਰੂ ਬਾਜਵਾ ਐਂਟਰਟੇਨਮੈਂਟ, ਯੂ. ਐਂਡ ਆਈ ਫ਼ਿਲਮਜ਼ ਤੇ ਵੀ. ਐੱਚ. ਐਂਟਰਟੇਨਮੈਂਟ ਦੇ ਬੈਨਰ ਹੇਠ ਬਣੀ ਹੈ, (ਬਾਕੀ ਸਫ਼ਾ 31 ’ਤੇ)

# 2023 ਵਿਸ਼ਵ ਹਾਕੀ ਕੱਪ ਭਾਰਤੀ ਟੀਮ ਕਿਉਂ ਹਾਰੀ?

**ਖੇਡ ਸੰਸਾਰ**

ਪ੍ਰੋ. ਪਰਮਜੀਤ ਸਿੰਘ ਰੰਧਾਵਾ



ਉੜੀਸਾ ਵਿਸ਼ਵ ਕੱਪ ਹਾਕੀ ਦੇ ਕੁਆਰਟਰ ਫਾਈਨਲ ’ਚ ਵੀ ਪਹੁੰਚ ਨਾ ਸਕੀ ਸਾਡੀ ਟੀਮ, ਤਮਗ਼ਾ ਜਿੱਤਣਾ ਤਾਂ ਦੂਰ ਦੀ ਗੱਲ ਸੀ। ਇਸ ਟੀਮ ਦੀ ਇਸ ਟੂਰਨਾਮੈਂਟ ਵਿਚ ਕਾਰਗੁਜ਼ਾਰੀ ਮਨੋਵਿਗਿਆਨਕ ਤੌਰ ’ਤੇ ਕਾਫੀ ਨਿਰਾਸ਼ਾਜਨਕ ਰਹੀ। ਦਹਾਕਿਆਂ ਤੋਂ ਸਾਡੀ ਕੌਮੀ ਹਾਕੀ ਟੀਮ ਦੇ ਖਿਡਾਰੀਆਂ ਵਿਚ ਜੋ ਕਮੀਆਂ ਨਜ਼ਰ ਆ ਰਹੀਆਂ ਹਨ, ਉਨ੍ਹਾਂ ਵਿਚ ਇਕ ‘ਕਿਲਰ ਇਨਸਟਿੰਕਟ’ ਦੀ ਕਮੀ ਵੀ ਹੈ। ਕਈ ਵਾਰ ਇੰਜ ਵੀ ਲੱਗਦੈ ਕਿ ਸਾਡੇ ਖਿਡਾਰੀ ਦੁਨੀਆ ਦੇ ਕਿਸੇ ਮੁਲਕ ਤੋਂ ਘੱਟ ਪ੍ਰਭਾਵਸ਼ਾਲੀ ਅਤੇ ਪ੍ਰਤਿਭਾਸ਼ਾਲੀ ਨਹੀਂ ਹਨ, ਪਰ ‘ਕਿਲਰ ਇਨਸਟਿੰਕਟ’ ਦੀ ਘਾਟ ਕਰਕੇ ਬਹੁਤੀ ਵਾਰ ਯੂਰਪੀਨ ਮਹਾਂਦੀਪ ਅਤੇ ਓਸ਼ੀਨਿਆ ਮਹਾਂਦੀਪ ਦੇ ਖਿਡਾਰੀਆਂ ਨਾਲ ਮੁਕਾਬਲੇ ਵਿਚ ਸਾਡੇ ਹਾਕੀ ਜੁਝਾਰੂਆਂ ਦਾ ਕੱਦ ਬੌਣਾ ਰਹਿ ਜਾਂਦਾ ਹੈ। ਨਿਊਜ਼ੀਲੈਂਡ ਖਿਲਾਫ਼ ਮੈਚ ਇਹ ਸਿੱਧ ਕਰਦੈ। ਆਖਿਰ ਕੀ ਹੈ ਇਹ ਕਿਲਰ ਇਨਸਟਿੰਕਟ ਅਤੇ ਇਸ ਦੀ ਘਾਟ। ਇਹ ਉਹ ਤਾਕਤਵਰ ਇੱਛਾ ਜਾਂ ਇੱਛਾ ਸ਼ਕਤੀ ਹੈ ਜੋ ਖੇਡ ਦੇ ਮੈਦਾਨ ਵਿਚ ਹਰ ਹੀਲੇ ਆਪਣੇ ਵਿਰੋਧੀ ਨੂੰ ਜਿੱਤਣ ਲਈ ਵਚਨਬੱਧ ਦਿਖਾਈ ਦਿੰਦੀ ਹੈ। ਹਾਲਾਤ ਕੁਝ ਵੀ ਹੋਣ, ਕਾਰਨ ਕੁਝ ਵੀ ਹੋਣ ਪਰ ਆਪਣੇ ਵਿਰੋਧੀ ਨੂੰ ਨਿਹਾਇਤ ਬੁਲੰਦ ਜੁਝਾਰੂ ਭਾਵਨਾ ਅਤੇ ਜੋਸ਼ ਨਾਲ ਜਿੱਤਣਾ ਹੀ ਜਿੱਤਣਾ ਹੈ। ‘ਕਰੋ ਜਾਂ ਮਰੋ’ ਦੇ ਆਲਮ ਵਿਚ ਚਾਹੇ ਕੋਈ ਵੀ ਕੀਮਤ ਚੁਕਾਉਣੀ ਪੈ ਜਾਵੇ, ਆਪਣੀ ਮਿਥੀ ਮੰਜ਼ਿਲ ’ਤੇ ਪਹੁੰਚਣਾ ਹੀ ਪਹੁੰਚਣਾ ਹੈ। ਐਸੇ ਆਲਮ ਵਿਚ ਕਿਲਰ ਇਨਸਟਿੰਕਟ ਨਾਲ ਲਬਰੇਜ਼ ਖਿਡਾਰੀ ਦੇ ਜੁਝਾਰੂ ਇਰਾਦੇ ਕਦੇ ਪਸਤ ਨਹੀਂ ਹੁੰਦੇ। ਵਿਰੋਧੀਆਂ ’ਤੇ ਉਸ ਦਾ ਦਬਾਅ ਲਗਾਤਾਰ ਬਣਿਆ ਰਹਿੰਦਾ ਹੈ-ਜਿਸ ਵਿਚੋਂ ਨਿਕਲਦੀ ਹੈ ਜਿੱਤ।

ਕਦੇ ਭਾਰਤੀ ਟੀਮ ਨੂੰ ਹਾਲੈਂਡ, ਜਰਮਨੀ, ਆਸਟ੍ਰੇਲੀਆ, ਸਪੇਨ ਆਦਿ ਟੀਮਾਂ ਵਿਰੁੱਧ ਜੂਝਦਿਆਂ ਵੇਖੋ। ਕਈ ਵਾਰ ਮੁਕਾਬਲਾ ਸਾਵਾਂ-ਸਾਵਾਂ ਜਾ ਰਿਹਾ ਹੁੰਦਾ, ਪਰ ਸਾਡੀ ਕੌਮੀ ਟੀਮ ਦੇ ਖਿਡਾਰੀ ਅਤੇ ਸਾਡੇ ਹਾਕੀ ਪ੍ਰੇਮੀ ਇਸੇ ਚਿੰਤਾ ਵਿਚ ਹੀ ਹੁੰਦੇ ਹਨ ਕਿ ਅਖੀਰ ’ਤੇ ਮੈਚ ਭਾਰਤ ਦੀ ਝੋਲੀ ’ਚ ਪੈਂਦਾ-ਪੈਂਦਾ ਵਿਰੋਧੀਆਂ ਦੀ ਝੋਲੀ ’ਚ ਪੈ ਜਾਂਦਾ ਹੈ। ਨਤੀਜਾ ਹੁੰਦਾ ਕਿ ਭਾਰਤ ਇਕ ਗੋਲ ਨਾਲ ਹਾਰਿਆ। ਪਰ ਆਖ਼ਰ ਭਾਰਤ ਹੀ ਕਿਉਂ ਹਾਰਦੈ? ਪਿਛਲੇ ਕੁਝ ਦਹਾਕਿਆਂ ਦੇ ਅੰਤਰਰਾਸ਼ਟਰੀ ਮੈਚਾਂ ਦਾ ਸਰਵੇਖਣ ਕਰਕੇ ਵੇਖ ਲਵੋ, ਭਾਰਤ ਦੁਨੀਆ ਦੀਆਂ ਕਹਿੰਦੀਆਂ-ਕਹਾਉਂਦੀਆਂ ਟੀਮਾਂ ਤੋਂ ਸਿਰਫ਼ ਇਕ ਗੋਲ ਨਾਲ ਹਾਰਿਆ ਜਾਂ ਜਿੱਤਦਾ-ਜਿੱਤਦਾ ਬਰਾਬਰੀ ਕਰਵਾ ਬੈਠਾ, ਜਿਸ ਕਰਕੇ ਖਿਤਾਬੀ ਟੂਰਨਾਮੈਂਟ ਦੇ ਸੈਮੀਫਾਈਨਲ ਦਾ ਰਾਹ ਉਸ ਵਾਸਤੇ ਬੰਦ ਹੋ ਜਾਂਦਾ ਹੈ। ਮਗਰੋਂ ਫੈਡਰੇਸ਼ਨ, ਕੋਚ, ਖਿਡਾਰੀ ਅਤੇ ਕਈ ਵਾਰੀ ਮੀਡੀਆ ਵੀ ਇਨ੍ਹਾਂ ਦਿਲਾਸਿਆਂ ਦੇ ਬਲ ’ਤੇ ਖਲੋਣ ਦੀ ਕੋਸ਼ਿਸ਼ ਕਰਦੇ ਕਿ ਭਾਰਤ ਲਗਭਗ ਜਿੱਤ ਹੀ ਚੱਲਿਆ ਸੀ। ਲਗਭਗ ਜਿੱਤ ਦੀ ਇਹ ਮਾਨਸਿਕਤਾ ਜਾਂ ਕਹਿ ਲਵੋ ਅਜਿਹੀ ਹਾਰ ਲਈ ਵੀ ਭਾਰਤੀਆਂ ਨੂੰ ਨੰਬਰ ਦੇਣੇ। ਅਸੀਂ ਸਮਝਦੇ ਇਹ ਸਭ ਸਾਡੇ ਖਿਡਾਰੀਆਂ ਵਿਚ ਕਿਲਰ ਇਨਸਟਿੰਕਟ ਦੀ ਘਾਟ ਕਦੇ ਪੂਰੀ ਨਹੀਂ ਹੋਣ ਦੇਵੇਗਾ। ਸਾਨੂੰ ਵੱਖਰੀ ਤਰ੍ਹਾਂ ਵਿਚਾਰਨ ਦੀ ਲੋੜ ਹੈ। ਮੈਚ ਦੇ ਆਖਰੀ ਪਲ ਇਕ ਟੀਮ ਗੋਲ ਕਰਨ ਦੀ ਤਾਕਤ ਵਿਚ, ਦੂਜੀ ਗੋਲ ਨਾ ਕਰਵਾਉਣ ਦੀ ਕੋਸ਼ਿਸ਼ ਵਿਚ, ਦੋਵਾਂ ਲਈ ਇਕ ਦੂਜੇ ਤੋਂ ਵੱਧ ਕਿਲਰ ਇਨਸਟਿੰਕਟ ਦੀ ਲੋੜ ਹੈ। ਤੁਸੀਂ ਭਾਰਤੀ ਹਾਕੀ ਟੀਮ ਦਾ 1980 ਤੋਂ ਬਾਅਦ ਦਾ ਸਾਰਾ ਇਤਿਹਾਸ ਵੱਖ-ਵੱਖ ਖਿਤਾਬੀ ਟੂਰਨਾਮੈਂਟਾਂ ਦੇ ਆਧਾਰ ’ਤੇ ਪੜ੍ਹ ਕੇ ਵੇਖ ਲਵੋ, ਤੁਹਾਨੂੰ ਇਹੀ ਕਹਾਣੀ ਹੀ ਪੜ੍ਹਨ ਨੂੰ ਮਿਲੇਗੀ। ਕਈ ਸਾਲਾਂ ਵਿਚ ਵੀ ਅਸੀਂ ਇਕ ਐਸੀ ਟੀਮ ਨਾ ਤਿਆਰ ਕਰ ਸਕੇ ਜੋ ਕੁਲ ਆਲਮ ਜਿੱਤ ਸਕੇ। ਉੜੀਸਾ ਵਿਸ਼ਵ ਕੱਪ ਹਾਕੀ ਵਿਚ ਵੀ ਇੰਜ ਹੀ ਵਾਪਰਿਆ ਪਰ ਆਖ਼ਰ ਇਹ ਕਦ ਤੱਕ ਚਲਦਾ ਰਹੇਗਾ?

## ਕੌਮੀ ਇਨਸਾਫ਼ ਮੋਰਚੇ ਦੇ ਮੰਚ

ਇਨਸਾਫ਼ ਮੋਰਚੇ ਵਲੋਂ ਬੀਤੇ ਦਿਨੀਂ ਭਗਤ ਰਵੀਦਾਸ ਜੀ ਦਾ ਪ੍ਰਕਾਸ਼ ਪੂਰਬ ਸ਼ਰਧਾ ਪੂਰਬਕ ਮਨਾਇਆ ਗਿਆ ਸੀ, ਜਿਸ ਦੇ ਸਬੰਧ ਵਿੱਚ ਸਾਰਾ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਰਾਗੀ ਜੱਥਿਆਂ ਵਲੋਂ ਕੀਰਤਨ ਰਾਹੀਂ, ਢਾਡੀ ਜੱਥਿਆਂ ਨੇ ਜੋਸ਼ੀਲੀਆਂ ਵਾਰਾਂ ਅਤੇ ਕਵੀਸ਼ਰਾਂ ਨੇ ਵੀ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਮੋਰਚੇ ਨੂੰ ਹੋਰ ਚੜ੍ਹਦੀ ਕਲਾ ਵਿਚ ਲਿਜਾਣ ਲਈ ਜੋਸ਼ੀਲੀ ਕਵੀਸ਼ਰੀ ਰਾਹੀਂ ਸੰਗਤਾਂ ਵਿੱਚ ਜੋਸ਼ ਭਰਿਆ। ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਪਿਤਾ ਬਾਪੂ ਗੁਰਚਰਨ ਸਿੰਘ ਨੇ ਭਗਤ ਰਵੀਦਾਸ ਜੀ ਦੇ ਪ੍ਰਕਾਸ਼ ਪੂਰਬ ’ਤੇ ਵਧਾਈਆਂ ਦਿੰਦਿਆਂ ਕਿਹਾ ਸੀ ਕਿ ਇਹ ਮੋਰਚਾ ਸਮੁੱਚੀ ਸਿੱਖ ਕੌਮ ਅਤੇ ਇਨਸਾਫ਼ ਪਸੰਦ ਲੋਕਾਂ ਦਾ ਮੋਰਚਾ ਹੈ। ਮੋਰਚੇ ਵਿੱਚ ਚੱਲ ਕੇ ਆਉਣ ਵਾਲੇ ਹਰ ਸੱਜਣ ਦਾ ਭਰਵਾਂ ਸਵਾਗਤ ਹੈ ਪਰ ਜੋ ਲੋਕ ਮੋਰਚੇ ਨੂੰ ਢਾਹ ਲਗਾਉਣ ਦੇ ਮਨਸੂਬੇ ਬਣਾ ਰਹੇ ਹਨ।ਉਹ ਸੰਗਤੀ ਰੂਪ ਵਿੱਚ ਤਾਂ ਇੱਥੇ ਆ ਸਕਦੇ ਹਨ ਪਰ ਉਹ ਮੋਰਚੇ ਵਿੱਚ ਕਿਸੇ ਕਿਸਮ ਦੀ ਸੇਵਾ ਜਾਂ ਦਖਲਅੰਦਾਜ਼ੀ ਨਾ ਕਰਨ। ਜੇ ਕੋਈ ਅਜਿਹਾ ਕਰੇਗਾ ਤਾਂ ਉਸ ਖਿਲਾਫ਼ ਸਖ਼ਤ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਕੋਈ ਨਾ ਸੋਚੇ ਕਿ ਪੰਥ ਤੋਂ ਉਲਟ ਜਾ ਕੇ ਇਸ ਮੋਰਚੇ ਤੋਂ ਕੋਈ ਪੰਥਕ ਸੋਚ ਉਲਟ ਫੈਸਲਾ ਕਰਵਾ ਲਵੇਗਾ, ਸੰਗਤ ਦੇ ਸਹਿਯੋਗ ਨਾਲ ਇਹ ਮੋਰਚਾ ਪੰਥਕ ਹੀ ਰਹੇਗਾ। ਉਨ੍ਹਾਂ ਐਲਾਨ ਕੀਤਾ ਕਿ ਮੋਰਚਾ ਕਮੇਟੀ ਵਲੋਂ ਵੀ ਜੋ ਫੈਸਲਾ ਕੀਤਾ ਜਾਵੇਗਾ ਉਹ ਸੰਗਤ ਦੇ ਸਾਹਮਣੇ ਰਖਿਆ ਜਾਵੇਗਾ। ਬਾਪੂ ਗੁਰਚਰਨ ਸਿੰਘ ਨੇ ਸੰਗਤ ਵਿੱਚ ਸਪੱਸ਼ਟ ਕੀਤਾ ਕਿ ਬੰਦੀ ਸਿੰਘਾਂ ਦੀ ਰਿਹਾਈ ਬਹੁਤ ਜਰੂਰੀ ਹੈ ਪਰ ਉਸ ਤੋਂ ਵੀ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਕਰਨਾ ਸਭ ਤੋਂ ਵੱਧ ਜਰੂਰੀ ਹੈ।

**ਜਥੇ ਵਲੋਂ ਮੁਹਾਲੀ ਤੋਂ ਮੁੱਖ ਮੰਤਰੀ ਦੀ ਕੋਠੀ ਵੱਲ ਕੂਚ**

ਬੀਤੇ ਦਿਨੀਂ ਬਾਪੂ ਗੁਰਚਰਨ ਸਿੰਘ, ਬਲਵਿੰਦਰ ਸਿੰਘ, ਦਿਲਸ਼ੇਰ ਸਿੰਘ ਦੀ ਦੇਖ-ਰੇਖ ਤੇ ਰੇਸ਼ਮ ਸਿੰਘ ਬਡਾਲਾ ਦੀ ਅਗਵਾਈ ਵਾਲੇ 36 ਸਿੰਘਾਂ -ਸਿੰਘਣੀਆਂ ਦੇ ਕਾਫ਼ਲੇ ਨੇ ਪੱਕੇ ਮੋਰਚੇ ਵਾਲੀ ਥਾਂ ਤੋਂ ਮੁੱਖ ਮੰਤਰੀ ਦੀ ਕੋਠੀ ਵੱਲ ਕੂਚ ਕੀਤਾ ਸੀ ਪਰ ਰਸਤੇ ਵਿੱਚ ਚੰਡੀਗੜ੍ਹ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਪੁਲਿਸ, ਸਿੱਖ ਆਗੂਆਂ ਨੂੰ ਆਪਣੀ ਬੱਸ ਵਿੱਚ ਬਿਠਾ ਕੇ ਸੈਕਟਰ-36 ਦੇ ਥਾਣੇ ਲੈ ਗਈ। ਬਾਅਦ ਵਿੱਚ ਬਿਨਾਂ ਸ਼ਰਤ ਸਾਰੇ ਆਗੂਆਂ ਨੂੰ ਰਿਹਾਅ ਕਰ ਦਿੱਤਾ ਗਿਆ ਅਤੇ ਉਹ ਸਾਰੇ ਮੁੜ ਪੱਕੇ ਮੋਰਚੇ ਵਾਲੀ ਥਾਂ ’ਤੇ ਧਰਨੇ ਉੱਤੇ ਬੈਠ ਗਏ।

**ਕਿਸਾਨ ਯੂਨੀਅਨ ਵੱਲੋਂ ਹਮਾਇਤ**

ਇਸੇ ਦੌਰਾਨ ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੇ ਆਗੂ ਜਗਜੀਤ ਸਿੰਘ ਡੱਲੇਵਾਲ ਨੇਬੀਤੇ ਦਿਨੀਂ ਆਪਣੇ ਸੈਂਕੜੇ ਸਮਰਥਕਾਂ ਨਾਲ ਪੱਕੇ ਮੋਰਚੇ ਵਿੱਚ ਸ਼ਮੂਲੀਅਤ ਕਰਦਿਆਂ ਮੋਰਚੇ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ। ਕਿਸਾਨਾਂ ਦਾ ਇਹ ਕਾਫ਼ਲਾ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਤੋਂ ਰੋਸ ਮਾਰਚ ਕਰਦਾ ਹੋਇਆ ਧਰਨੇ ਵਿੱਚ ਪੁੱਜਾ। ਡੱਲੇਵਾਲ ਨੇ ਕਿਹਾ ਕਿ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਵਿੱਚ ਪੱਕਾ ਮੋਰਚਾ ਲਾ ਕੇ ਜਿਵੇਂ ਕਿਸਾਨਾਂ ਨੇ ਕੇਂਦਰ ਨੂੰ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ ਸੀ, ਓਵੇਂ ਹੀ ਬੰਦੀ ਸਿੰਘਾਂ ਦੀ ਰਿਹਾਈ ਅਤੇ ਬੇਅਦਬੀ ਦੀਆਂ ਘਟਨਾਵਾਂ ਤੇ ਬਹਿਬਲ ਕਲਾਂ ਗੋਲੀਕਾਂਡ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

ਦਾਣਾ ਮੰਡੀ ਵਿਚ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਦੇ ਮਨੁੱਖੀ ਅਧਿਕਾਰਾਂ ਦਾ ਮੁੱਦਾ ਵਿਸ਼ੇ ’ਤੇ ਵਿਸ਼ਾਲ ਕਨਵੈਨਸ਼ਨ ਕੀਤੀ ਗਈ ਜਿਸ ਵਿੱਚ ਖਾਲਿਸਤਾਨੀ ਕੈਦੀਆਂ ਸਮੇਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਭਨਾਂ ਕੈਦੀਆਂ ਦੀ ਰਿਹਾਈ ਦੀ ਮੰਗ ਲਈ 13 ਫਰਵਰੀ ਨੂੰ ਜ਼ਿਲ੍ਹਾ ਕੇਂਦਰਾਂ ’ਤੇ ਧਰਨੇ ਲਾ ਕੇ ਮੰਗ ਪੱਤਰ ਸੌਂਪਣ ਦਾ ਐਲਾਨ ਕੀਤਾ ਗਿਆ।

**ਭਾਈ ਰਣਜੀਤ ਸਿੰਘ ਵਲੋਂ ਅੰਦੋਲਨ ਮੁਲਤਵੀ** :ਪੰਥਕ ਅਕਾਲੀ ਲਹਿਰ ਵਲੋਂ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ (ਪ੍ਰਧਾਨ ਪੰਥਕ ਅਕਾਲੀ ਲਹਿਰ) ਅਤੇ ਬਾਬਾ ਸਰਬਜੋਤ ਸਿੰਘ ਬੇਦੀ (ਸਰਪ੍ਰਸਤ ਪੰਥਕ ਅਕਾਲੀ ਲਹਿਰ) ਦੀ ਅਗਵਾਈ ਹੇਠ ਮੋਹਾਲੀ ਦੇ ਫੇਜ਼-8 ਸਥਿਤ ਗੁਰਦੁਆਰਾ ਸੰਤ ਮੰਡਲ ਅੰਗੀਠਾ ਸਾਹਿਬ ਲੰਬਿਆਂ ਵਿਖੇ ਪੰਥਕ ਵਿਚਾਰਾਂ ਦੀ ਕਾਨਫ਼ਰੰਸ ਕਰਵਾਈ ਗਈ। ਇਸ ਮੌਕੇ ਭਾਈ ਰਣਜੀਤ ਸਿੰਘ ਤੇ ਬਾਬਾ ਸਰਬਜੋਤ ਸਿੰਘ ਬੇਦੀ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ’ਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ ਦਬਾਅ ਬਣਾਇਆ ਜਾਵੇ ਕਿਉਂਕਿ ਇਹ ਚੋਣਾਂ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅਣਗਹਿਲੀ ਕਾਰਨ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੈਂਕੜੇ ਸਰੂਪ ਚੋਰੀ ਹੋ ਚੁੱਕੇ ਹਨ, ਜਿਨ੍ਹਾਂ ਬਾਰੇ ਕਮੇਟੀ ਦਾ ਕੋਈ ਨੁਮਾਇੰਦਾ ਜਵਾਬ ਦੇਣ ਲਈ ਤਿਆਰ ਨਹੀਂ । ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਗੁਰਧਾਮਾਂ ਨੂੰ ਬਚਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਇਸੇ ਦੌਰਾਨ ਚੋਰੀ ਹੋਏ ਸਰੂਪਾਂ ਬਾਰੇ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਪਿਛਲੇ ਦਿਨੀਂ ਉਨ੍ਹਾਂ ਐਲਾਨ ਕੀਤਾ ਸੀ ਕਿ ਸਰੂਪਾਂ ਦੇ ਮਾਮਲੇ ਨੂੰ ਲੈ ਕੇ ਪੱਕਾ ਮੋਰਚਾ ਸ਼ੁਰੂ ਕੀਤਾ ਜਾਵੇਗਾ, ਪਰ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਸਿੱਖ ਕੌਮ ਦੀਆਂ ਹੋਰਨਾਂ ਮੰਗਾਂ ਦੀ ਪੂਰਤੀ ਲਈ ਕੌਮੀ ਇਨਸਾਫ਼ ਮੋਰਚਾ ਲੱਗਾ ਹੋਣ ਕਰਕੇ ਉਨ੍ਹਾਂ ਨੇ ਪੱਕਾ ਮੋਰਚਾ ਲਗਾਉਣ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਹੈ। ਬਾਬਾ ਸਰਬਜੋਤ ਸਿੰਘ ਬੇਦੀ ਨੇ ਬੰਦੀ ਸਿੱਖ ਮੋਰਚੇ ਦੀ ਹਮਾਇਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਤੁਰੰਤ ਬੰਦੀ ਸਿੱਖ ਰਿਹਾਅ ਕਰੇ ਤੇ ਸਿੱਖ ਕੌਮ ਦੇ ਸਬਰ ਦਾ ਇਮਤਿਹਾਨ ਨਾ ਲਵੇ।ਉਨ੍ਹਾਂ ਕਿਹਾ ਕਿ ਸਮੂਹ ਮਾਈ ਭਾਈ ਬੰਦੀ ਸਿੱਖਾਂ ਦੀ ਰਿਹਾਈ ਲਈ ਅੱਗੇ ਆਏ।

***

## ਬਹਿਬਲ ਮੋਰਚੇ ਦਾ ਬੇਅਦਬੀ ਦੇ ਇਨਸਾ.ਫ ਲਈ ਧਰਨਾ ਜਾਰੀ

ਗਈਆਂ ਤਾਂ ਇਨਸਾਫ ਦੀ ਕਿਵੇਂ ਆਸ ਰੱਖੀ ਜਾ ਸਕਦੀ ਹੈ ?ਜ਼ਿਕਰਯੋਗ ਹੈ ਕਿ ਪਿੰਡ ਬਹਿਬਲ ਕਲਾਂ ਨੇੜੇ ਬਠਿੰਡਾ-ਸ੍ਰੀ ਅੰਮ੍ਰਿਤਸਰ ਸਾਹਿਬ ਨੈਸ਼ਨਲ ਹਾਈਵੇਅ ’ਤੇ ਇਹ ਮੋਰਚਾ ਲੰਬੇ ਅਰਸੇ ਤੋਂ ਜਾਰੀ ਹੈ। ਇਸ ਦੌਰਾਨ ਪੰਜਾਬ ਸਰਕਾਰ ਦੇ ਪ੍ਰਤੀਨਿਧਾਂ ਨਾਲ ਮੋਰਚੇ ਦੇ ਆਗੂਆਂ ਵੱਲੋਂ ਕਈ ਪੜਾਵਾਂ ’ਤੇ ਗੱਲਬਾਤ ਕੀਤੀ ਗਈ ਸੀ। ਇਸ ਮਗਰੋਂ ਮੋਰਚੇ ਦੇ ਆਗੂਆਂ ਨੇ ਸਰਕਾਰ ਨੂੰ 31 ਜਨਵਰੀ ਤੱਕ ਦਾ ਸਮਾਂ ਦਿੱਤਾ ਸੀ। ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ’ਤੇ ਮੋਰਚੇ ਦੇ ਆਗੂਆਂ ਵੱਲੋਂ 5 ਫਰਵਰੀ ਨੂੰ ਹਾਈਵੇਅ ਦੇ ਦੋਵੇਂ ਪਾਸਿਆਂ ’ਤੇ ਆਵਾਜਾਈ ਬੰਦ ਕਰ ਦਿੱਤੀ ਸੀ।

***

## ਸੁਪਰੀਮ ਕੋਰਟ ਦਾ ਹੁਕਮ

ਕਰ ਰਿਹਾ ਸੀ। ਜਦੋਂ ਕੁਝ ਲੋਕਾਂ ਨੇ ਉਸ ਨੂੰ ਲਿਫਟ ਦੀ ਪੇਸ਼ਕਸ਼ ਕੀਤੀ।

ਇਸ ਤੋਂ ਬਾਅਦ ਉਨ੍ਹਾਂ ਨੇ ਉਸ ਨੂੰ ਮੁਸਲਮਾਨ ਹੋਣ ਕਾਰਨ ਨਿਸ਼ਾਨਾ ਬਣਾਇਆ ਅਤੇ ਗਾਲ੍ਹਾਂ ਕੱਢਦੇ ਹੋਏ ਉਸ ਦੀ ਕੁੱਟਮਾਰ ਕੀਤੀ। ਪੀੜਤ ਨੇ ਨੋਇਡਾ ਦੇ ਸੈਕਟਰ 37 ਵਿੱਚ ਇੱਕ ਪੁਲਿਸ ਚੌਕੀ ਗਿਆ। ਉਥੇ ਕੋਈ ਸੀਨੀਅਰ ਪੁਲਿਸ ਅਧਿਕਾਰੀ ਨਹੀਂ ਸੀ। ਇਸ ਲਈ ਕੋਈ ਕੇਸ ਦਰਜ ਨਹੀਂ ਕੀਤਾ ਗਿਆ।

***

## ਬਰਤਾਨੀਆ ’ਚ ਈਸਾਈ ਭਾਈਚਾਰਾ

ਅੰਤਿਮ ਸੰਸਕਾਰ। ਇਸ ਵਿਧੀ ਅਨੁਸਾਰ ਲਾਸ਼ ਨੂੰ ਪੋਟਾਸ਼ੀਅਮ ਹਾਈਡ੍ਰੋਕਸਾਈਡ ਵਰਗੇ ਖਾਰੇ ਮਿਸ਼ਰਣ ਨਾਲ ਇੱਕ ਸਿਲੰਡਰ ਵਿੱਚ ਤਿੰਨ ਚਾਰ ਘੰਟੇ ਲਈ ਰੱਖਿਆ ਜਾਂਦਾ ਹੈ। ਇਸ ਸਿਲੰਡਰ ਦੇ ਪ੍ਰੈਸ਼ਰ ਨੂੰ ਵਧਾਇਆ ਜਾਂਦਾ ਹੈ। ਪਾਣੀ ਨੂੰ 150 ਡਿਗਰੀ ਸੈਲਸੀਅਸ ਤੱਕ ਗਰਮ ਕੀਤਾ ਜਾਂਦਾ ਹੈ। ਅਜਿਹਾ ਕਰਨ ਤੋਂ ਬਾਅਦ ਸਿਰਫ਼ ਹੱਡੀਆਂ ਹੀ ਰਹਿ ਜਾਂਦੀਆਂ ਹਨ। ਇਸ ਤੋਂ ਬਾਅਦ ਇਨ੍ਹਾਂ ਹੱਡੀਆਂ ਨੂੰ ਸੁਆਹ ਵਿੱਚ ਬਦਲਣ ਦਾ ਕੰਮ ਕੀਤਾ ਜਾਂਦਾ ਹੈ। ਇਹ ਸੁਆਹ ਪਰਿਵਾਰ ਨੂੰ ਦਿੱਤੀ ਜਾਂਦੀ ਹੈ ।ਇਹ ਪਾਣੀ ਸੀਵਰੇਜ ਵਿੱਚ ਸੁਟ ਦਿੱਤਾ ਜਾਂਦਾ ਹੈ।

***

## ਹਿੰਡਨਬਰਗ ਦੀ ਰਿਪੋਰਟ ਦੇ ਖ਼ੁਲਾਸੇ ’ਤੇ

ਤੱਕ 28 ਸਕੈਮ ਹੋਏ ਹਨ। 2008 ਵਿੱਚ ‘ਕੈਸ਼ ਫਾਰ ਵੋਟ’ ਸਕੈਂਡਲ, ‘ਸੀ ਡਬਲਯੂ’ ਸਕੈਮ 70 ਹਜ਼ਾਰ ਕਰੋੜ ਦਾ, ‘ਆਦਰਸ਼ ਹਾਊਸ’ ਵਾਲਾ ਸਕੈਮ 163 ਕਰੋੜ ਦਾ, ‘2 ਜੀ ਸਪੈਕਟ੍ਰਮ’ ਸਕੈਮ 56 ਹਜ਼ਾਰ ਕਰੋੜ ਦਾ, ‘ਕੋਲਗੇਟ’ 1 ਲੱਖ 86 ਦਾ, ‘ਈਸਰੋ’ ਵਾਲਾ ਸਕੈਮ 2 ਲੱਖ ਕਰੋੜ ਦਾ, ਯੂ.ਪੀ. ਦਾ ‘ਰੂਰਲ ਹੈਲਥ ਮਿਸ਼ਨ’ ਦਾ ਸਕੈਮ 10 ਹਜ਼ਾਰ ਕਰੋੜ ਦਾ, ਮਹਾਰਾਸ਼ਟਰ ਦਾ ‘ਇਰੀਗੇਸ਼ਨ’ ਸਕੈਮ 35 ਹਜ਼ਾਰ ਕਰੋੜ ਦਾ , ‘ਫੂਡ ਗਰੇਨ’ ਸਕੈਂਡਲ 35 ਹਜ਼ਾਰ ਕਰੋੜ ਦਾ, ‘ਮਾਈਨਿੰਗ’ ਸਕੈਂਡਲ ਸਹਾਰਾ ਇੰਡੀਆ ਵਾਲਾ ਸਕੈਮ, ‘ਸ਼ਾਰਦਾ ਚਿਟ ਫੰਡ’ ਤੇ ਹੋਰ ਪਤਾ ਨਹੀਂ ਕਿੰਨੇ ਕੁ ਘੁਟਾਲ਼ੇ। ਇੱਕ ਹੈਰਾਨੀ ਵਾਲੀ ਗੱਲ ਹੋਰ ਹੈ ਕਿ ਜਿੰਨੇ ਵੀ ਬੰਦੇ ਸਕੈਮ ਕਰਦੇ ਨੇ ਉਹ ਰਾਸ਼ਟਰਵਾਦ ਨੂੰ ਆਪਣੇ ਨਾਲ ਰੱਖਦੇ ਨੇ, ਪੱਕੇ ਦੇਸ਼ ਭਗਤ ਦਾ ਦਿਖਾਵਾ ਕਰਦੇ ਨੇ। ‘ਸਹਾਰਾ’ ਵਾਲੇ ਦੀ ਉਦਾਹਰਣ ਹੀ ਲੈ ਲਵੋ, ਓਸ ਕੋਲ ਕ੍ਰਿਕਟ ਟੀਮ ਸੀ ਤੇ ਉੱਥੇ ਵੀ ਤਿਰੰਗਾ ਰੱਜ ਕੇ ਵਰਤਿਆ ਗਿਆ। ਹੁਣ ਅੰਡਾਨੀ ਦੇ ਸ਼ੇਅਰ ਗਿਰੇ ਨੇ ਤੇ ਕਿਹਾ ਗਿਆ ਕਿ ਇਹ ਇੰਡੀਆ ਤੇ ਅਟੈਕ ਹੈ ਯਾਨੀ ਰਾਸ਼ਟਰਵਾਦ ਨੂੰ ਰੱਜ ਕੇ ਇਸਤੇਮਾਲ ਕੀਤਾ ਜਾ ਰਿਹਾ ਹੈ। ਹਿੰਡਨਬਰਗ ਨੇ ਤਾਂ ਸਾਫ਼ ਕਿਹਾ ਕਿ ਚਾਹੇ ਰਾਸ਼ਟਰੀ ਝੰਡੇ ਵਿੱਚ ਲਪੇਟ ਲਵੋ ਕਰੱਪਸ਼ਨ ਤਾਂ ਕਰੱਪਸ਼ਨ ਹੀ ਹੈ। ਵੈਸੇ ਇਹ ਵੀ ਗੱਲ ਕਹੀ ਜਾਂਦੀ ਹੈ ਕਿ ਜਦੋਂ ਅੰਗਰੇਜ਼ ਭਾਰਤ ਆਏ ਸੀ ਤਾਂ ਇੱਕ ਵੀ ਸਕੈਮ ਇੰਡੀਆ ਵਿੱਚ ਨਹੀਂ ਸੀ ਹੋਇਆ ਇਸ ਹਿਸਾਬ ਨਾਲ਼ ਤਾਂ ਫਿਰ ਉਹ ਕਮਲੇ ਹੀ ਹੋਏ ਕਿਉਂਕਿ ਅਸੀਂ ਐਡੇ ਵੱਡੇ ਵੱਡੇ ਸਕੈਮ ਕਰਵਾ ਕੇ ਭੁੱਲ ਜਾਣ ਦਾ ਹਾਜ਼ਮਾ ਰੱਖਦੇ ਹਾਂ। 1940 ਤੋਂ 1990 ਤੱਕ ਹਰ ਦਹਾਕੇ ਵਿੱਚ 2 - 3 ਸਕੈਮ ਹੁੰਦੇ ਰਹੇ ਨੇ, ਹੋ ਸਕਦਾ ਹੈ ਵੱਧ ਵੀ ਹੋਣ ਪਰ 1991 ਦੇ ਵਿੱਚ ਸਕੈਮਾਂ ਦੀ ਝੜੀ ਲੱਗੀ ਜਦੋਂ ਅਸੀਂ ਨਿਊ ਲਿਬਰਲ ਪੋਲੀਸੀਜ਼ ਅਪਣਾਈਆਂ। ਹਰ ਗੱਲ ਰਾਸ਼ਟਰਵਾਦ ਰੂਪੀ ਘਿਓ ਨਾਲ ਚੋਪੜੀ ਜਾਂਦੀ ਹੈ। ਕਹਿੰਦੇ ਹਨ ਕਿ ਐਨ. ਐਸ. ਈ. (SEBI) ਦੇ ਫ਼ੈਸਲੇ ਵੀ ਹਿਮਾਲਿਆ ’ਚ ਬੈਠੇ ਯੋਗੀ ਦੀ ਸਲਾਹ ਨਾਲ ਹੁੰਦੇ ਸੀ, ਤੁਸੀਂ ਜਾਣਦੇ ਹੀ ਹੋ ਕਿ ਇਹ ਘੁਟਾਲਾ ਵੀ ਲੰਘੇ ਸਾਲਾਂ ’ਚ ਸਾਹਮਣੇ ਆਇਆ ਸੀ। ਐਨ. ਐਸ. ਈ. ਭਾਵ ਨੈਸ਼ਨਲ ਸਟਾਕ ਐਕਸਚੇਂਜ, ਇਹ ਦੇਸ਼ ਦੀ ਸਭ ਤੋਂ ਵੱਡੀ ਸਟਾਕ ਐਕਸਚੇਂਜ ਹੈ। ਹੁਣ ਉਹ ਮੀਡੀਆ ਦੀ ਗੱਲ ਕਰੀਏ ਜੋ ਕਹਿੰਦਾ ਹੈ ਕਿ ਹਿੰਡਨਬਰਗ ਦੀ ਰਿਪੋਰਟ ਭਾਰਤ ਤੇ ਹਮਲਾ ਹੈ। ਇਸ ਤੋਂ ਸਾਫ਼ ਹੈ ਕਿ ਮੀਡੀਆ ਉਨ੍ਹਾਂ ਦਾ ਹੈ ਜੋ ਘੁਟਾਲੇ ਕਰਦੇ ਨੇ। ਪੰਡੋਰਾ ਪੇਪਰ ਵਾਲੀ ਗੱਲ ਤਾਂ ਤੁਹਾਨੂੰ ਯਾਦ ਹੀ ਹੋਣੀ ਹੈ, 150 ਨਿਊਜ਼ ਆਰਗੇਨਾਇਜ਼ੇਸ਼ਨਸ ਇਕੱਠੀਆਂ ਹੁੰਦੀਆਂ ਨੇ, 600 ਪੱਤਰਕਾਰ 117 ਦੇਸ਼ਾਂ ’ਚ 2 ਸਾਲ ਤੱਕ ਹਜ਼ਾਰਾਂ ਡਾਕੂਮੈਂਟਸ ਸਟੱਡੀ ਕਰਦੇ ਨੇ। 90 ਦੇਸ਼ਾਂ ਦੇ ਲੋਕਾਂ ਨਾਲ ਸੰਬੰਧਤ ਡਾਕੂਮੈਂਟਸ ਜਿਸ ਵਿੱਚ 380 ਭਾਰਤ ਦੇ ਵੀ ਨੇ ਤੇ 700 ਪਾਕਿਸਤਾਨ ਦੇ ਨੇ, 29 ਹਜ਼ਾਰ ਅਕਾਊਂਟ ਸਟੱਡੀ ਕਰਦੇ ਨੇ ਤੇ ਫੇਰ ਜਾ ਕੇ ਪੰਡੋਰਾ ਸਕੈਮ ਲੋਕਾਂ ਸਾਹਮਣੇ ਆਇਆ ਸੀ। ਉਸ ਪੰਡੋਰਾ ਪੇਪਰ ਵਿੱਚ ਅਨਿਲ ਅੰਬਾਨੀ ਤੋਂ ਲੈ ਕੇ ਨੀਰਵ ਮੋਦੀ, ਕਿਰਨ ਮਜੂਮਦਾਰ ਸ਼ਾਹ ਤੇ ਹੋਰ ਪਤਾ ਨਹੀਂ ਕਿੰਨੇ ਕੁ ਉੱਘੜ ਕੇ ਸਾਹਮਣੇ ਆਏ ਸਨ। ਘਪਲਿਆਂ ਦੀਆਂ ਖ਼ਬਰਾਂ ਸੁਣ ਕੇ ਬੰਦਾ ਸੁੰਨ ਹੋ ਜਾਂਦਾ ਹੈ। ਮਨ ਸੋਚਦਾ ਹੈ ਕਿ ਇਹ ਸਕੈਮ ਦੀਆਂ ਤਿਆਰੀਆਂ ਹੁੰਦੀਆਂ ਕਿਹੜੇ ਵੇਲ਼ੇ ਹੋਣਗੀਆਂ ? ਤੇ ਦਿਮਾਗ਼ ਕਹਿੰਦਾ ਹੈ ‘ਭਲਿਓ ਲੋਕੋ ਓਦੋਂ ਤਿਆਰੀਆਂ ਹੀ ਹੋ ਰਹੀਆਂ ਹੁੰਦੀਆਂ ਨੇ ਜਦੋਂ ਇਹ ਲੋਕ ਧਰਮ ਤੇ ਦੇਸ਼ ਭਗਤੀ ਵਾਲੀ ਚਾਸ਼ਨੀ ’ਚ ਤੁਹਾਨੂੰ ਡੁਬੋ ਕੇ ਤੇ ਆਪ ਗੋਂਦਾਂ ਗੁੰਦ ਰਹੇ ਹੁੰਦੇ ਨੇ।’

***

## ਈ.ਡੀ. ਦਾ ਸਿਆਸਤਦਾਨਾਂ ’ਤੇ ਕੱਸਿਆ

ਖੇਤਰ ਤੋਂ ਲੋਕ ਸਭਾ ਚੋਣਾਂ ਲਈ ਫਿਰ ਤੋਂ ਨਿਰਵਾਚਿਤ ਹੋਏ ਮੋਹਨ ਨੇ 2009 ਦੇ ਸੰਸਦੀ ਚੁਣਾਵ ਵਿੱਚ ਕਰੀਬ 5.37 ਕਰੋੜ ਰੁਪਏ ਦੀ ਜਾਇਦਾਦ ਦੀ ਘੋਸ਼ਣਾ ਕੀਤੀ ਸੀ। ਇਹ ਆਂਕੜਾ 10 ਸਾਲ ਵਿੱਚ ਵਧ ਕੇ 75.55 ਕਰੋੜ ਰੁਪਏ ਹੋ ਗਿਆ ਹੈ ਅਤੇ ਇਸ ਵਿਚ 1306 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।

ਇਸ ਰਿਪੋਰਟ ਦੇ ਅਨੁਸਾਰ, ਉੱਤਰ ਪ੍ਰਦੇਸ਼ ਦੇ ਪੀਲੀਭੀਤ ਤੋਂ ਪਿਛਲੇ ਲੋਕ ਸਭਾ ਚੁਣਾਵ ਵਿੱਚ ਲਗਾਤਾਰ ਤੀਸਰੀ ਵਾਰ ਨਿਰਵਾਚਿਤ ਹੋਏ ਭਾਜਪਾ ਸਾਂਸਦ ਵਰੁਣ ਗਾਂਧੀ ਦੀ ਜਾਇਦਾਦ 2009 ਦੇ 4.92 ਕਰੋੜ ਰੁਪਏ ਤੋਂ ਵਧ ਕੇ 2019 ਵਿੱਚ 60.32 ਕਰੋੜ ਰੁਪਏ ਦੀ ਹੋ ਗਈ।

ਸ਼੍ਰੋਮਣੀ ਅਕਾਲੀ ਦਲ ਦੀ ਸਾਂਸਦ ਹਰਸਿਮਰਤ ਕੌਰ ਬਾਦਲ ਦੀ ਜਾਇਦਾਦ 2009 ਦੇ 60.31 ਕਰੋੜ ਰੁਪਏ ਤੋਂ ਵਧ ਕੇ 2019 ਵਿੱਚ 217.99 ਕਰੋੜ ਰੁਪਏ ਹੋ ਗਈ। ਉਨ੍ਹਾਂ ਦੀ ਜਾਇਦਾਦ ਵਿੱਚ 261 ਫ਼ੀਸਦੀ ਵਾਧਾ ਹੋਇਆ ਹੈ।ਰਿਪੋਰਟ ’ਚ ਕਿਹਾ ਗਿਆ ਹੈ ਕਿ ਬਾਰਾਮਤੀ ਤੋਂ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੀ ਸੁਪ੍ਰੀਆ ਸੁਲੇ ਦੀ ਜਾਇਦਾਦ 2009 ’ਚ 51.53 ਕਰੋੜ ਰੁਪਏ ਤੋਂ 173 ਫੀਸਦ ਵਧ ਕੇ 2019 ’ਚ 140.88 ਕਰੋੜ ਰੁਪਏ ਹੋ ਗਈ।

ਖਬਰ ਏਜੰਸੀ ਅਨੁਸਾਰ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉੜੀਸਾ ਦੇ ਪੁਰੀ ਤੋਂ ਬੀਜੂ ਜਨਤਾ ਦਲ ਬੀਜਦ ਦੇ ਸਾਂਸਦ ਪਿਨਾਕੀ ਮਿਸ਼ਰਾ ਦੀ ਜਾਇਦਾਦ ਵਿੱਚ 296 ਪ੍ਰਤੀਸ਼ਤ (87.78 ਕਰੋੜ ਰੁਪਏ) ਦਾ ਵਾਧਾ ਹੋਇਆ ਹੈ। 2009 ਵਿੱਚ ਉਨ੍ਹਾਂ ਦੀ ਜਾਇਦਾਦ 29.69 ਕਰੋੜ ਰੁਪਏ ਸੀ, ਜੋ 2019 ਵਿੱਚ ਵਧ ਕੇ 117.47 ਕਰੋੜ ਰੁਪਏ ਹੋ ਗਈ ਹੈ।

ਰਿਪੋਰਟ ਵਿੱਚ ਦੱਸਿਆ ਗਿਆ ਕਿ ਨਿਰਦਲੀ ਸਮੇਤ 71 ਸਾਂਸਦਾਂ ਦੀ ਔਸਤ ਜਾਇਦਾਦ 2009 ਵਿੱਚ 6.15 ਕਰੋੜ ਰੁਪਏ ਸੀ।

ਰਿਪੋਰਟ ਵਿੱਚ 2009 ਤੋਂ 2019 ਤੱਕ ਉਨ੍ਹਾਂ ਦੀ ਆਮਦਨ ਵਿੱਚ ਔਸਤ ਵਾਧਾ 17.59 ਕਰੋੜ ਰੁਪਏ ਆ ਗਿਆ ਹੈ, ਜੋ 286 ਪ੍ਰਤੀਸ਼ਤ ਦਾ ਵਾਧਾ ਹੈ।ਜ਼ਿਕਰਯੋਗ ਹੈ ਕਿ ਧਰਮਸੋਤ ਦੀ ਪ੍ਰਾਪਰਟੀ ਨੂੰ ਲੈ ਕੇ ਵਿਜੀਲੈਂਸ ਨੇ ਕਈ ਖੁਲਾਸੇ ਕੀਤੇ ਹਨ। ਉਹਨਾਂ ਦੱਸਿਆ ਕਿ ਧਰਮਸੋਤ ਦੀਆਂ 4 ਰੈਜ਼ੀਡੈਂਸ਼ੀਅਲ ਸੰਪੱਤੀਆਂ ਨੇ ਅਤੇ ਪ੍ਰਾਈਮ ਲੋਕੇਸ਼ਨ ਤੇ ਪਲਾਟ ਨੇ। 157 ਕਿੱਲੇ ਦੀ ਖੇਤੀ ਦੀ ਜ਼ਮੀਨ ਅਤੇ ਹੋਰ ਪ੍ਰਾਪਰਟੀ ਦੀ ਜਾਂਚ ਦਾ ਜਿੰਮਾ ਏ.ਆਈ.ਜੀ.(197) ਪੱਧਰ ਦੇ ਅਫ਼ਸਰ ਨੂੰ ਸੌਂਪ ਦਿੱਤਾ ਹੈ। ਜਾਂਚ ਅਧਿਕਾਰੀਆਂ ਨੇ ਸੰਪੱਤੀ ਦੇ ਦਸਤਾਵੇਜ਼ ਤਲਬ ਕਰ ਲਏ ਹਨ ਤਾਂ ਕਿ ਜਾਂਚ ਕੀਤੀ ਜਾ ਸਕੇ । ਵਿਜੀਲੈਂਸ ਨੇ ਪਰਿਵਾਰ ਦੇ ਨਾਮ ਤੇ ਸੰਪੱਤੀ ਦੇ ਵੀ ਖੁਲਾਸੇ ਕੀਤੇ ਹਨ।

ਜਾਣਕਾਰੀ ਮੁਤਾਬਕ ਵਿਜੀਲੈਂਸ ਨੇ ਪੰਜਾਬ ਦੇ ਕਈ ਸਾਬਕਾ ਮੰਤਰੀਆਂ ਤੇ ਵਿਧਾਇਕਾਂ ਦੇ ਖ਼ਿਲਾਫ਼ ਜਾਂਚ ਦਾ ਸ਼ਿਕੰਜਾ ਕੱਸਿਆ ਹੋਇਆ ਹੈ। ਇਸ ਜਾਂਚ ਦੇ ਵਿੱਚ ਓਮ ਪ੍ਰਕਾਸ਼ ਸੋਨੀ, ਭਾਰਤ ਭੂਸ਼ਨ ਆਸ਼ੂ, ਸੁੰਦਰ ਸ਼ਾਮ ਅਰੋੜਾ, ਵਿਜੈਇੰਦਰ ਸਿੰਗਲਾ, ਬ੍ਰਹਮ ਮਹਿੰਦਰਾ, ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ, ਬਰਿੰਦਰਮੀਤ ਸਿੰਘ ਪਾਹੜਾ, ਮਦਨ ਲਾਲ ਜਲਾਲਪੁਰ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰ ਰਹੇ ਭਰਤਇੰਦਰ ਸਿੰਘ ਚਾਹਲ ਅਤੇ ਭਾਜਪਾ ਚ ਸ਼ਮੂਲੀਅਤ ਕਰਨ ਵਾਲੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਆਦਿ ਦਾ ਨਾਮ ਸ਼ਾਮਲ ਹੈ।

***

## ਮਾਜਵਾਦੀ ਪਾਰਟੀ ਨੇ ਸੰਘ ਮੁਖੀ ਭਾਗਵਤ ਨੂੰ

ਇਨ੍ਹਾਂ ਵਿਰੁੱਧ ਲੜਨਾ ਚਾਹੀਦਾ ਹੈ। ਇਸ ਮਨੂਵਾਦੀ ਪ੍ਰਬੰਧ ਵਿਰੁੱਧ ਜੂਝਦੇ ਹੋਏ, ਜਦੋਂ ਡਾ. ਅੰਬੇਡਕਰ ਨੇ ਮਹਿਸੂਸ ਕੀਤਾ ਕਿ ਹਿੰਦੂ ਧਰਮ ਵਿਚ ਰਹਿ ਕੇ ਜਾਤ ਪਾਤ ਵਿਰੁਧ ਲੜਨਾ ਉਨ੍ਹਾਂ ਦੇ ਵਸ ਵਿੱਚ ਨਹੀਂ ਹੈ, ਤਾਂ ਡਾ. ਅੰਬੇਡਕਰ ਨੇ ਅਕਤੂਬਰ 1956 ਵਿੱਚ ਬੁੱਧ ਧਰਮ ਅਪਣਾ ਲਿਆ ਸੀ।

**ਅਤਿ ਪਛੜੇ ਲੋਕਾਂ ਦੀਆਂ ਵੋਟਾਂ ਬਟੋਰਨ ਦੀ ਰਾਜਨੀਤੀ** :ਉੱਤਰ ਪ੍ਰਦੇਸ਼ ਅਤੇ ਬਿਹਾਰ ਵਿਚ ਚੋਣ ਗਣਿਤ ਪੂਰੀ ਤਰ੍ਹਾਂ ਪਛੜਿਆਂ ਤੇ ਦਲਿਤਾਂ ’ਤੇ ਨਿਰਭਰ ਹੈ। ਪਰ ਪਿਛੜੇ ਦੋ ਖੇਮਿਆਂ ਵਿੱਚ ਵੰਡੇ ਹੋਏ ਹਨ। ਸਭ ਤੋਂ ਪਛੜੇ ਲੋਕ ਵੱਖਰੀ ਸਿਆਸੀ ਤਾਕਤ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। ‘ਰਾਮ ਚਰਿਤ ਮਾਨਸ’ ਅਤੇ ਜਾਤ ਦਾ ਵਿਵਾਦ ਸਭ ਤੋਂ ਪਛੜੇ ਲੋਕਾਂ ਦੀਆਂ ਵੋਟਾਂ ਹਥਿਆਉਣ ਦੀ ਲੜਾਈ ਵਾਂਗ ਹੈ। ਸਮਾਜਿਕ ਤਬਦੀਲੀ ਦੀ ਲਹਿਰ ਦਾ ਅਧਿਐਨ ਕਰਨ ਵਾਲਿਆਂ ਦਾ ਮੰਨਣਾ ਹੈ ਕਿ ਇਹ ਵਿਵਾਦ ਅਤੇ ਬਹਿਸ ਭਾਜਪਾ ਦੀ ਜਾਤੀਵਾਦੀ ਫਿਰਕਾਪ੍ਰਸਤੀ ਦਾ ਮੁਕਾਬਲਾ ਕਰਨ ਲਈ ਨਵੀਂ ਊਰਜਾ ਪੈਦਾ ਕਰੇਗੀ ਅਤੇ ਦਲਿਤ ਪਛੜੀਆਂ ਸ਼੍ਰੇਣੀਆਂ ਸੰਘ ਪਰਿਵਾਰ ਤੋਂ ਦੂਰ ਰਹਿਣਗੀਆਂ। ਉੱਤਰ ਪ੍ਰਦੇਸ਼ ਵਿੱਚ ਸਮਾਜਵਾਦੀ ਪਾਰਟੀ ਯਾਦਵ ਅਤੇ ਮੁਸਲਮਾਨਾਂ ਦੀਆਂ ਵੋਟਾਂ ਆਸਾਨੀ ਨਾਲ ਹਾਸਲ ਕਰ ਸਕਦੀ ਹੈ, ਪਰ ਅਤਿ ਪਛੜੇ ਅਤੇ ਦਲਿਤਾਂ ਦੀਆਂ ਵੋਟਾਂ ਤੋਂ ਬਿਨਾਂ ਵੱਡੀ ਜਿੱਤ ਪ੍ਰਾਪਤ ਕਰਨੀ ਆਸਾਨ ਨਹੀਂ ਹੋਵੇਗੀ। ਸਭ ਤੋਂ ਪਛੜੇ ਅਤੇ ਦਲਿਤਾਂ ਦੇ ਇੱਕ ਵੱਡੇ ਵਰਗ ਉੱਤੇ ਭਾਜਪਾ ਦਾ ਮਜ਼ਬੂਤ ਪ੍ਰਭਾਵ ਹੈ। ਰਾਮ ਚਰਿਤ ਮਾਨਸ ਦੇ ਵਿਰੋਧ ਜਾਂ ਜਾਤੀ ਜਨਗਣਨਾ ਦੀ ਮੰਗ ਰਾਹੀਂ ਦਲਿਤਾਂ ਅਤੇ ਅਤਿ ਪਛੜਿਆਂ ਨੂੰ ਭਾਜਪਾ ਦੇ ਖੇਮੇ ਵਿੱਚੋਂ ਬਾਹਰ ਕਰਨ ਦੀ ਕੋਸ਼ਿਸ਼ ਸਮਾਜਵਾਦੀ ਪਾਰਟੀ ਵਲੋਂ ਕੀਤੀ ਜਾ ਰਹੀ ਹੈ। ਇਹੋ ਸਥਿਤੀ ਬਿਹਾਰ ਦੀ ਹੈ। ਨਿਤੀਸ਼ ਕੁਮਾਰ ਸਭ ਤੋਂ ਪਛੜੇ ਅਤੇ ਸਭ ਤੋਂ ਵੱਧ ਦਲਿਤਾਂ ਨੂੰ ਇਕਜੁੱਟ ਕਰਕੇ 15 ਸਾਲਾਂ ਤੋਂ ਸੱਤਾ ਵਿੱਚ ਹਨ। ਪਰ ਪਿਛਲੇ ਕੁਝ ਸਾਲਾਂ ਵਿੱਚ ਬਹੁਤ ਪਛੜੇ ਹੋਏ ਕਈ ਆਗੂ ਅਤੇ ਪਾਰਟੀਆਂ ਖੜ੍ਹੀਆਂ ਹੋਈਆਂ ਹਨ। ਇਸ ਕਾਰਨ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਨਿਤੀਸ਼ ਨੂੰ ਨੁਕਸਾਨ ਉਠਾਉਣਾ ਪਿਆ ਸੀ। ਉਨ੍ਹਾਂ ਦੀ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ ਘਟੀ ਸੀ ਅਤੇ ਭਾਜਪਾ ਦੀ ਤਾਕਤ ਵਧੀ ਸੀ।

**ਰਾਮ ਚਰਿਤ ਮਾਨਸ ਅਤੇ ਮਨੂ ਸਮ੍ਰਿਤੀ ਵਿਰੋਧ ਇੱਕ ਪਰਖਿਆ ਹੋਇਆ ਤਰੀਕਾ**

ਸਭ ਤੋਂ ਪਹਿਲਾਂ ਦੱਖਣ ਦੇ ਦ੍ਰਾਵਿੜ ਨੇਤਾ ਰਾਮਾਸਵਾਮੀ ਪੇਰੀਆਰ ਨੇ ਤਾਮਿਲਨਾਡੂ ਵਿੱਚ ਮਾਨਸ ਅਤੇ ਮਨੂੰ ਸਮ੍ਰਿਤੀ ਦੇ ਖਿਲਾਫ ਅੰਦੋਲਨ ਸ਼ੁਰੂ ਕੀਤਾ ਸੀ। ਇਸ ਅੰਦੋਲਨ ਨੇ ਸੂਬੇ ਵਿੱਚੋਂ ਕਾਂਗਰਸ ਦਾ ਸਦਾ ਲਈ ਸਫਾਇਆ ਕਰ ਦਿੱਤਾ ਸੀ ਅਤੇ ਪ੍ਰਾਂਤਿਕ ਰਾਜਨੀਤੀ ਵਿੱਚ ਦ੍ਰਾਵਿੜ ਪਾਰਟੀਆਂ ਹਾਵੀ ਹੋ ਗਈਆਂ ਸਨ। ਬਾਬੂ ਕਾਂਸ਼ੀ ਰਾਮ ਨੇ ਉੱਤਰ ਪ੍ਰਦੇਸ਼ ਵਿੱਚ ਅਜਿਹੀ ਹੀ ਮੁਹਿੰਮ ਚਲਾਈ, ਜਿਸ ਕਾਰਨ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਤਾਕਤ ਬਣ ਗਈ ਸੀ। ਕਾਂਸ਼ੀ ਰਾਮ ਦੇ ਰਸਤੇ ਤੋਂ ਹਟ ਕੇ ਬਹੁਜਨ ਸਮਾਜ ਪਾਰਟੀ ਕਮਜ਼ੋਰ ਹੋ ਗਈ ਸੀ। ਸਵਾਮੀ ਪ੍ਰਸਾਦ ਮੌਰਿਆ ਬਹੁਜਨ ਸਮਾਜ ਪਾਰਟੀ ਅਤੇ ਭਾਜਪਾ ਵਿੱਚ ਵੀ ਰਹਿ ਚੁੱਕੇ ਹਨ। ਸਭ ਤੋਂ ਪਛੜੇ ਵਰਗ ’ਤੇ ਉਨ੍ਹਾਂ ਦਾ ਚੰਗਾ ਪ੍ਰਭਾਵ ਹੈ।

**ਭਾਜਪਾ ਰਾਮ ਮੰਦਰ ਮੁੱਦਾ ਭਖਾਉਣ ਲੱਗੀ**

ਕੁਝ ਦਿਨ ਪਹਿਲਾਂ, ਭਾਜਪਾ ਨੇਤਾ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਯੁੱਧਿਆ ਵਿੱਚ ਰਾਮ ਮੰਦਰ ਦਾ ਨਿਰਮਾਣ ਪੂਰਾ ਕਰਨ ਤੋਂ ਬਾਅਦ ਜਨਵਰੀ 2024 ਵਿੱਚ ਪੂਜਾ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਜ਼ਾਹਿਰ ਹੈ ਕਿ ਮਈ 2024 ਦੀਆਂ ਚੋਣਾਂ ਵਿਚ ਰਾਮ ਮੰਦਰ ਇਕ ਵੱਡਾ ਮੁੱਦਾ ਹੋਵੇਗਾ ਅਤੇ ਭਾਜਪਾ ਇਸ ਮੁੱਦੇ ਰਾਹੀਂ ਰਾਮ ਚਰਿਤ ਮਾਨਸ ਅਤੇ ਮਨੂੰ ਸਮ੍ਰਿਤੀ ਵਿਵਾਦ ਨੂੰ ਵੀ ਕੱਟਣ ਦੀ ਕੋਸ਼ਿਸ਼ ਕਰੇਗੀ। ਭਾਜਪਾ ਨੇ ਰਾਮ ਮੰਦਰ ਦੇ ਆਧਾਰ ’ਤੇ ਅਗਲੀ ਚੋਣ ਲੜਨ ਦਾ ਲਗਭਗ ਫੈਸਲਾ ਕਰ ਲਿਆ ਹੈ। ਇਸ ਵਿਵਾਦ ਦੇ ਦੌਰਾਨ ਸਾਲਿਗ੍ਰਾਮ ਦਾ ਪੱਥਰ ਨੇਪਾਲ ਤੋਂ ਲਿਆਂਦਾ ਗਿਆ ਸੀ ਅਤੇ ਇਸ ਦੀ ਪੂਜਾ ਦਾ ਪ੍ਰਚਾਰ ਧੂਮਧਾਮ ਨਾਲ ਕੀਤਾ ਜਾ ਰਿਹਾ ਹੈ। ਭਾਜਪਾ ਦੀ ਯੋਜਨਾ ਹਰ ਘਰ ਵਿੱਚ ਰਾਮ ਚਰਿਤ ਮਾਨਸ ਪੜ੍ਹਨ ਦੇ ਬਹਾਨੇ ਜਨਤਾ ਵਿਚ ਵਿਸ਼ਵਾਸ ਨੂੰ ਮੁੜ ਜਗਾਉਣ ਅਤੇ ਚੋਣਾਂ ਲਈ ਵਰਤਣ ਦੀ ਹੈ। ਇਸੇ ਲਈ ਬਿਹਾਰ ਤੋਂ ਸ਼ੁਰੂ ਹੋਈ ਜਾਤੀ ਜਨਗਣਨਾ ਅਤੇ ਧਾਰਮਿਕ ਗ੍ਰੰਥਾਂ ਦੇ ਬਹਾਨੇ ਅਤੇ ਉਨ੍ਹਾਂ ਦੀਆਂ ਲੀਹਾਂ ’ਤੇ ਪਛੜੀਆਂ ਦਲਿਤ ਜਾਤੀਆਂ ਅਤੇ ਔਰਤਾਂ ਨੂੰ ਅਪਮਾਨਿਤ ਕਰਨ ਲਈ ਇੱਕ ਸਿਆਸੀ ਲਾਮਬੰਦੀ ਹੋ ਰਹੀ ਹੈ ਜੋ ਭਾਜਪਾ ਨੂੰ ਚੁਣੌਤੀ ਦੇ ਸਕਦੀ ਹੈ। ਦੋਵਾਂ ਰਾਜਾਂ ਬਿਹਾਰ ਤੇ ਯੂ.ਪੀ. ਵਿੱਚ ਪਛੜੀ ਅਬਾਦੀ 60 ਤੋਂ 70 ਪ੍ਰਤੀਸ਼ਤ ਦੇ ਕਰੀਬ ਹੈ। ਇਸ ਵਿੱਚ 40 ਤੋਂ 50 ਫੀਸਦੀ ਬੇਹੱਦ ਪਛੜੇ ਦੱਸੇ ਜਾਂਦੇ ਹਨ। ਜ਼ਾਹਿਰ ਹੈ ਕਿ ਉਨ੍ਹਾਂ ਦੀ ਵੋਟ ਫੈਸਲਾਕੁੰਨ ਹੈ ਪਰ ਪਛੜੀਆਂ ਜਾਤਾਂ ਵੀ ਆਪਸ ਵਿੱਚ ਵੰਡੀਆਂ ਹੋਈਆਂ ਹਨ। ਇਹ ਗੱਲ ਭਾਜਪਾ ਦੇ ਹੱਕ ਵਿਚ ਜਾਂਦੀ ਹੈ।

**ਭਾਜਪਾ ਲਈ ਵੱਡੀ ਚੁਣੌਤੀ**

ਬਿਹਾਰ ਵਿੱਚ, ਭਾਜਪਾ ਨੂੰ ਅਜੇ ਵੀ ਉੱਚ ਜਾਤੀਆਂ ਦੇ ਦਬਦਬੇ ਵਾਲੀ ਪਾਰਟੀ ਮੰਨਿਆ ਜਾਂਦਾ ਹੈ। 2014 ਦੀ ਮੋਦੀ ਲਹਿਰ ਨੂੰ ਛੱਡ ਕੇ, ਭਾਜਪਾ ਹਮੇਸ਼ਾ ਨਿਤੀਸ਼ ਕੁਮਾਰ ਦੀਆਂ ਵੈਸਾਖੀਆਂ ’ਤੇ ਨਿਰਭਰ ਰਹੀ ਹੈ। 2015 ਦੀਆਂ ਵਿਧਾਨ ਸਭਾ ਚੋਣਾਂ ਵਿਚ ਨਿਤੀਸ਼ ਅਤੇ ਲਾਲੂ ਦੇ ਗੱਠਜੋੜ ਹੁੰਦੇ ਹੀ ਭਾਜਪਾ ਦੀਆਂ ਮੁਸ਼ਕਲਾਂ ਵਧ ਗਈਆਂ ਸਨ। ਪਰ 2019 ਦੀਆਂ ਲੋਕ ਸਭਾ ਅਤੇ 2020 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਨਿਤੀਸ਼ ਨਾਲ ਗੱਠਜੋੜ ਕਾਰਨ ਭਾਜਪਾ ਦੀ ਸਥਿਤੀ ਬਿਹਤਰ ਹੋ ਗਈ ਸੀ। ਇਸ ਦਾ ਇੱਕ ਸਭ ਵੱਡਾ ਕਾਰਨ ਭਾਜਪਾ ਨੂੰ ਪਛੜੇ ਲੋਕਾਂ ਦਾ ਸਮਰਥਨ ਸੀ। ਹੁਣ ਫਿਰ ਨਿਤੀਸ਼ ਅਤੇ ਲਾਲੂ ਦੀਆਂ ਪਾਰਟੀਆਂ ਇਕੱਠੀਆਂ ਹੋ ਗਈਆਂ ਹਨ। ਇਹ ਆਪਣੇ ਆਪ ਵਿੱਚ ਇੱਕ ਵੱਡੀ ਚੁਣੌਤੀ ਹੈ। ਉੱਤਰ ਪ੍ਰਦੇਸ਼ ਵਿੱਚ ਵੀ ਜੇਕਰ ਬਹੁਜਨ ਸਮਾਜ ਪਾਰਟੀ ਦਾ ਦਲਿਤ ਆਧਾਰ ਖਿਸਕ ਜਾਂਦਾ ਹੈ ਅਤੇ ਅਖਿਲੇਸ਼ ਨਾਲ ਜਾਂਦਾ ਹੈ ਤਾਂ ਭਾਜਪਾ ਦਾ ਇਹ ਗੜ੍ਹ ਟੁਟ ਸਕਦਾ ਹੈ। ਬਹੁਜਨ ਸਮਾਜ ਪਾਰਟੀ ਦੀ ਨੇਤਾ ਮਾਇਆਵਤੀ ਨੇ ਇਸ ਨੂੰ ਬਸਪਾ ਨੂੰ ਕਮਜ਼ੋਰ ਕਰਨ ਲਈ ਭਾਜਪਾ ਅਤੇ ਸਪਾ ਦੀ ਸਾਂਝੀ ਰਣਨੀਤੀ ਦੱਸਿਆ ਹੈ।

## ਇਮਾਮ ਜਾਮੀਆ ਹਿੰਸਾ ਮਾਮਲੇ ’ਚ

ਮਾਮਲਿਆਂ ਵਿੱਚ ਹੁਣ ਤੱਕ 250 ਤੋਂ ਵੱਧ ਦੋਸ਼ ਪੱਤਰ ਦਾਖ਼ਲ ਕੀਤੇ ਜਾ ਚੁੱਕੇ ਹਨ। ਇਨ੍ਹਾਂ ਵਿਚੋਂ 1,153 ਲੋਕਾਂ ਨੂੰ ਦੋਸ਼ੀ ਬਣਾਇਆ ਗਿਆ ਸੀ।

ਫਾਜ਼ਲ ਜੱਜ ਨੇ ਇਸਤਗਾਸਾ ਦੀ ਖਿਚਾਈ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀ ਝੂਠੀ ਚਾਰਜਸ਼ੀਟ ਦਾਖਲ ਕਰਨੀ ਬੰਦ ਹੋਣੀ ਚਾਹੀਦੀ ਹੈ। ਅਜਿਹੀ ਬਾਜ਼ੀਗਰੀ ਮਨੁੱਖੀ ਅਧਿਕਾਰਾਂ ਨੂੰ ਕੁਚਲਦੀ ਹੈ। ਪੁਲਿਸ ਇਹ ਸਾਬਤ ਕਰਨ ਵਿਚ ਨਾਕਾਮ ਰਹੀ ਕਿ ਮੁਲਜ਼ਮ ਹਿੰਸਕ ਭੀੜ ਦਾ ਹਿੱਸਾ ਸਨ। ਨਾ ਉਨ੍ਹਾਂ ਕੋਲ ਹਥਿਆਰ ਸਨ ਤੇ ਨਾ ਉਨ੍ਹਾਂ ਪੱਥਰ ਸੁੱਟੇ। ਅਨੁਮਾਨਾਂ ਦੇ ਆਧਾਰ ’ਤੇ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ ਤੇ ਚਾਰਜਸ਼ੀਟ ਤਾਂ ਯਕੀਨਨ ਸੰਭਾਵਨਾਵਾਂ ਦੇ ਆਧਾਰ ’ਤੇ ਦਾਇਰ ਨਹੀਂ ਕੀਤੀ ਜਾ ਸਕਦੀ।

ਚੰਗਾ ਹੁੰਦਾ ਜੇ ਫਾਜ਼ਲ ਜੱਜ ਇਨ੍ਹਾਂ ਨੌਜਵਾਨਾਂ ਦੀ ਜ਼ਿੰਦਗੀ ਬਰਬਾਦ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਸਬਕ ਸਿਖਾਉਣ ਲਈ ਉਨ੍ਹਾਂ ਵਿਰੁੱਧ ਐਕਸ਼ਨ ਦਾ ਹੁਕਮ ਵੀ ਸੁਣਾ ਦਿੰਦੇ। ਅਕਸਰ ਸਟੇਟ ਵਲੋਂ ਬੇਕਸੂਰਾਂ ਨੂੰ ਬਲੀ ਦਾ ਬੱਕਰਾ ਬਣਾ ਕੇ ਜੇਲ੍ਹਾਂ ਵਿਚ ਸਾੜਿਆ ਜਾਂਦਾ ਹੈ। ਪੰਜਾਬ ਸੰਤਾਪ ਦੌਰਾਨ ਇਹੀ ਕੁਝ ਵਾਪਰਿਆ ਹੈ। ਬੰਦੀਵਾਨ ਸਿੱਖ ਤੇ ਲਾਵਾਰਸ ਲਾਸ਼ਾਂ ਦਾ ਕੇਸ ਇਸ ਗੱਲ ਦਾ ਗਵਾਹ ਹੈ ਕਿ ਸਿੱਖਾਂ ਨਾਲ ਇਨਸਾਫ ਨਹੀਂ ਹੋਇਆ। ਅਦਾਲਤਾਂ ਦੀ ਢਿੱਲੀ ਕਾਰਵਾਈ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।

***

## ਅੰਗਰੇਜ਼ ਰਾਜ ਦੌਰਾਨ ਸ਼ੰਘਾਈ

ਯਾਂਗੋਨ ਵਿੱਚ ਤਬਦੀਲ ਹੋ ਗਿਆ। ਇਸ ਕਾਰਨ ਸ਼ੰਘਾਈ ਆਈਐਨਏ ਦੀ ਇੱਕ ਸ਼ਾਖਾ ਵਾਂਗ ਬਣ ਗਿਆ। ਸੁਭਾਸ਼ ਚੰਦਰ ਬੋਸ ਖੁਦ ਸ਼ੰਘਾਈ ਆਏ ਅਤੇ ਇੱਥੋਂ ਦੇ ਸਿੱਖ ਭਾਈਚਾਰੇ ਨਾਲ ਗੱਲਬਾਤ ਕਰਕੇ ਭਾਰਤੀ ਅਜ਼ਾਦੀ ਲਈ ਸਹਿਯੋਗ ਮੰਗਿਆ ਅਤੇ ਬਰਤਾਨੀਆ ਵਿਰੁੱਧ ਜੰਗ ਦੀ ਗੱਲ ਕੀਤੀ। ਉਨ੍ਹਾਂ ਨੇ ਸਿੱਖਾਂ ਨਾਲ ਵਾਅਦਾ ਕੀਤਾ ਕਿ ਉਹ ਉਨ੍ਹਾਂ ਨੂੰ ਭਾਰਤ ਵਾਪਸ ਲੈ ਕੇ ਜਾਣਗੇ ਤੇ ਉਹ ਉਥੇ ਅਜ਼ਾਦੀ ਦਾ ਨਿੱਘ ਮਾਣਨਗੇ। ਸਾਲ 1949 ਵਿੱਚ, ਇੱਕ ਵਾਰ ਫਿਰ ਸ਼ੰਘਾਈ ਵਿੱਚ ਸਥਿਤੀ ਬਦਲ ਗਈ ਅਤੇ ਸ਼ਹਿਰ ਉੱਤੇ ਚੀਨੀ ਰਾਸ਼ਟਰਵਾਦੀਆਂ ਦਾ ਕਬਜ਼ਾ ਹੋ ਗਿਆ।

ਯਿਨ ਦੱਸਦੇ ਹਨ, ‘ਚੀਨੀ ਰਾਸ਼ਟਰਵਾਦੀ ਨੇ ਸਿੱਖਾਂ ਨੂੰ ਪੁਲਿਸ ਵਾਲਿਆਂ ਵਜੋਂ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਅਤੇ ਵਿਰੋਧ ਕੀਤਾ ਸੀ। ਇਸ ਲਈ ਸਿੱਖਾਂ ਕੋਲ ਇੱਥੇ ਕੋਈ ਨੌਕਰੀ ਨਹੀਂ ਸੀ ਅਤੇ ਉਨ੍ਹਾਂ ਨੂੰ ਸ਼ੰਘਾਈ ਛੱਡ ਕੇ ਆਸਟ੍ਰੇਲੀਆ, ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਜਾਣਾ ਪਿਆ ਸੀ। ਇਹ ਸਿੱਖਾਂ ਦੀ ਸ਼ੰਘਾਈ ਦੀ ਇਤਿਹਾਸਕ ਸੰਘਰਸ਼ਸ਼ੀਲ ਤੇ ਦੁਖਾਂਤਕ ਦਾਸਤਾਨ ਹੈ।’

**

## ਮੋਦੀ ਸਰਕਾਰ ਦੇ ਆਮ ਬਜਟ

ਪਰ ਇਸ ਤੋਂ ਬਾਅਦ ਫਿਰ ਵਧਣੀਆਂ ਸ਼ੁਰੂ ਹੋ ਗਈਆਂ। ਕਿਸਾਨਾਂ, ਖਾਸਕਰ ਛੋਟੇ ਕਿਸਾਨਾਂ ਦੀ ਹਾਲਤ ਪਤਲੀ ਹੈ। ਖੋਜ ਰਿਪੋਰਟ ਅਨੁਸਾਰ ਖ਼ੁਦਕੁਸ਼ੀ ਕਰਨ ਵਾਲੇ 77% ਛੋਟੇ ਕਿਸਾਨ ਸਨ, ਜਦੋਂਕਿ ਕੁੱਲ ਕਿਸਾਨਾਂ ਵਿੱਚ ਇਨ੍ਹਾਂ ਦੀ ਅਬਾਦੀ 34% ਹੈ। 1991 ਤੋਂ 2011 ਤੱਕ ਦੋ ਲੱਖ ਛੋਟੇ ਕਿਸਾਨ ਖੇਤੀ ਛੱਡ ਚੁੱਕੇ ਸਨ, ਇਨ੍ਹਾਂ ਵਿੱਚੋਂ ਵੱਡੀ ਗਿਣਤੀ ‘ਕਿਰਤ ਮੰਡੀ’ ਵਿੱਚ ਜਾ ਸ਼ਾਮਲ ਹੋਈ ਹੈ। ਵੱਡੇ ਕਿਸਾਨਾਂ ਨੇ ਵੀ ਖੇਤੀ ਛੱਡੀ ਹੈ ਪਰ ਕੋਈ ਮਜ਼ਦੂਰ ਨਹੀਂ ਬਣਿਆ, ਇਨ੍ਹਾਂ ਵਿੱਚ ਖ਼ੁਦਕੁਸ਼ੀ ਦਾ ਅੰਕੜਾ ਸਿਰਫ 0.47 ਫੀਸਦੀ ਹੈ। ਇਸ ਲਈ ਛੋਟੀ ਕਿਸਾਨੀ ਦਾ ਸੰਕਟ ਜਿਆਦਾ ਗੰਭੀਰ ਹੈ। ਖ਼ੁਦਕੁਸ਼ੀ ਤੋਂ ਪੀੜਤ ਪਰਿਵਾਰ ਨੂੰ ਸੰਕਟ ਵਿੱਚੋਂ ਕੱਢਣ ਲਈ 5 ਲੱਖ ਰੁਪਏ ਦਾ ਮੁਆਵਜ਼ਾ, ਸਮੁੱਚਾ ਕਰਜ਼ਾ ਮੁਆਫ, ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ, ਬੱਚਿਆਂ ਲਈ ਮੁਫ਼ਤ ਪੜ੍ਹਾਈ ਅਤੇ ਪਰਿਵਾਰ ਲਈ ਮੁਫ਼ਤ ਸਿਹਤ ਸੁਰੱਖਿਆ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਸਮੁੱਚੀ ਕਿਸਾਨੀ ਨੂੰ ਸਹਿਕਾਰਤਾ ਬਾਰੇ ਜਾਗਰੂਕ ਕਰਕੇ ਸਰਕਾਰੀ ਨਿਵੇਸ਼ ਰਾਹੀਂ ਮਸ਼ੀਨੀਕਰਨ ਦੇ ਸਥਾਈ ਖ਼ਰਚੇ ਘਟਾ ਕੇ ਢੁਕਵੇਂ ਮੰਡੀਕਰਨ ਰਾਹੀਂ ਲਾਹੇਵੰਦ ਖੇਤੀ ਵੱਲ ਪ੍ਰੇਰਨਾ ਚਾਹੀਦਾ ਹੈ।

2022 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਭਾਵੇਂ ਆਮ ਆਦਮੀ ਪਾਰਟੀ ਨੇ ਕਿਹਾ ਸੀ ਕਿ ਸਰਕਾਰ ਬਣਦਿਆਂ ਹੀ ਖ਼ੁਦਕੁਸ਼ੀਆਂ ਦਾ ਵਰਤਾਰਾ ਖ਼ਤਮ ਕੀਤਾ ਜਾਵੇਗਾ ਲੇਕਿਨ ਖ਼ੁਦਕੁਸ਼ੀਆਂ ਉਸੇ ਤਰ੍ਹਾਂ ਹੀ ਹੋ ਰਹੀਆਂ ਹਨ। ਇਨ੍ਹਾਂ ਪਾਰਟੀਆਂ ਨੇ ਲੋਕਾਂ ਨੂੰ ਨਿਰਾਸ਼ਾ ਤੋਂ ਇਲਾਵਾ ਕੁਝ ਨਹੀਂ ਦਿੱਤਾ।

ਘੱਟ ਰਿਹਾ ਹੈ ਰੋਜ਼ਗਾਰ

ਖੇਤੀ ਸੈਕਟਰ ਵਿੱਚ ਮਿਲਣ ਵਾਲਾ ਰੋਜ਼ਗਾਰ ਲਗਾਤਾਰ ਘੱਟ ਰਿਹਾ ਹੈ। ਦੇਸ਼ ਵਿੱਚ ਜਿੱਥੇ 1972-73 ਵਿੱਚ ਇਹ ਸੈਕਟਰ 74 ਫੀਸਦ ਲੋਕਾਂ ਨੂੰ ਰੋਜ਼ਗਾਰ ਦਿੰਦਾ ਸੀ, ਉੱਥੇ 1993-94 ਵਿੱਚ 64 ਫੀਸਦ ਅਤੇ ਹੁਣ ਸਿਰਫ 54 ਫੀਸਦੀ ਲੋਕਾਂ ਨੂੰ ਹੀ ਰੋਜ਼ਗਾਰ ਮੁਹੱਈਆ ਕਰਦਾ ਹੈ। ਇਸੇ ਤਰ੍ਹਾਂ ਖੇਤੀਬਾੜੀ ਦਾ ਕੁੱਲ ਘਰੇਲੂ ਉਤਪਾਦਨ ਵਿੱਚ ਹਿੱਸਾ 1972-73 ਵਿੱਚ 41 ਫੀਸਦੀ, 1993-94 ਵਿੱਚ 30 ਫੀਸਦੀ ਅਤੇ ਹੁਣ ਘਟ ਕੇ ਸਿਰਫ਼ 14 ਫੀਸਦੀ ਰਹਿ ਗਿਆ। ਇੱਥੇ ਹੀ ਬੱਸ ਨਹੀਂ, ਖੇਤੀ ਕਾਮਿਆਂ ਦੀ ਉਤਪਾਦਕਤਾ ਦੂਜੇ ਸੈਕਟਰਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਉਤਪਾਦਕਤਾ ਨਾਲੋਂ ਕਾਫੀ ਘੱਟ ਹੈ। ਸਿਹਤ ਸੇਵਾਵਾਂ ਅਤੇ ਸਿੱਖਿਆ ਦੇ ਨਿੱਜੀਕਰਨ ਅਤੇ ਹੋਰ ਜੀਵਨ ਹਾਲਾਤ ਦੀ ਮਹਿੰਗਾਈ ਨੇ ਕਿਸਾਨਾਂ ਦੀ ਹਾਲਤ ਤਰਸਯੋਗ ਬਣਾ ਦਿੱਤੀ।

ਖੇਤੀ ਦੇ ਪੂੰਜੀਵਾਦੀ ਮਾਡਲ ਅਤੇ ਸਿਫਤੀ ਤੌਰ ’ਤੇ ਸੰਸਾਰੀਕਰਨ ਦੀਆਂ ਨੀਤੀਆਂ ਕਰ ਕੇ ਖੇਤੀ ਖੇਤਰ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ/ ਰਿਆਇਤਾਂ ਦਾ ਵੀ ਖ਼ਾਤਮਾ ਹੋ ਗਿਆ ਅਤੇ ਕੌਮਾਂਤਰੀ ਮੰਡੀ ਦੇ ਪ੍ਰਭਾਵ ਕਰ ਕੇ ਫ਼ਸਲਾਂ ਦੇ ਵਾਜਬ ਭਾਅ ਵੀ ਮਿਲਣੇ ਬੰਦ ਹੋ ਗਏ ਹਨ। ਇਸ ਨਾਲ ਕਿਸਾਨੀ ਦੇ ਸ਼ੁੱਧ ਮੁਨਾਫੇ ਘਟ ਗਏ ਤੇ ਉਹ ਕਰਜ਼ੇ ਦੇ ਜਾਲ਼ ਵਿੱਚ ਫਸ ਗਏ। ਕਰਜ਼ਾ ਵਧਣ ਦਾ ਮੁੱਖ ਕਾਰਨ ਕਿਸਾਨਾਂ ਦੀ ਅਸਲ ਆਮਦਨ ਦਾ ਘਟਣਾ ਹੀ ਹੈ। ਅੱਜ ਪੰਜਾਬ ਦੇ ਖੇਤੀ ਸੈਕਟਰ ਉੱਪਰ ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਜੋ ਹਰ ਪਰਿਵਾਰ ਸਿਰ ਔਸਤਨ 10 ਲੱਖ ਰੁਪਏ ਆਉਂਦਾ ਹੈ।

***

## ਬਾਬਾ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ

ਆਈ ਹੈ, ਉਸ ਦਾ ਨਾਂ, ਘਰਦਿਆਂ ਦਾ ਨਾਂ, ਸਮੱਸਿਆ ਆਦਿ ਗੱਲਾਂ ਕਾਪੀ ’ਤੇ ਲਿਖ ਕੇ ਹਰੇਕ ਨੂੰ ਹੈਰਾਨ ਕਰ ਦਿੰਦਾ। ਫਿਰ ਉਸ ਦੀ ਇਸ ਕਲਾਕਾਰੀ ਦੀਆਂ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋਈਆਂ ਤੇ ਅੰਧਵਿਸ਼ਵਾਸ ਦੇ ਬਾਜ਼ਾਰ ਵਿੱਚ ਇਕ ਨਵੇਂ ਬਾਬੇ ਦੀ ਧਮਾਕੇਦਾਰ ਐਂਟਰੀ ਹੋ ਗਈ। ਧੀਰੇਂਦਰ ਦੇ ਵੀਡੀਓ ਯੂ-ਟਿਊਬ, ਵਟਸਐਪ ਅਤੇ ਫ਼ਿਰ ਸੰਸਕਾਰ ਚੈਨਲ ਰਾਹੀਂ ਵੱਡੀ ਗਿਣਤੀ ਵਿੱਚ ਲੋਕਾਂ ਤੱਕ ਪਹੁੰਚਿਆ। ਸੋਸ਼ਲ ਮੀਡੀਆ ਨੇ ਵੀ ਅਹਿਮ ਭੂਮਿਕਾ ਅਦਾ ਕੀਤੀ। ਸ਼ਾਸਤਰੀ ਆਪਣੇ ਦੁਆਰਾ ਕੀਤੇ ‘ਕਰਾਮਾਤਾਂ’ ਦੇ ਵੀਡੀਓ ਵੀ ਅਪਲੋਡ ਕਰਦਾ ਹੈ। ਉਸ ਦੀਆਂ ਕੁਝ ਵੀਡੀਓਜ਼ ਨੂੰ ਲੱਖਾਂ ਤੋਂ ਵੱਧ ਵਾਰ ਦੇਖਿਆ ਜਾ ਚੁੱਕਾ ਹੈ। ਅੱਜ ਧੀਰੇਂਦਰ ਸ਼ਾਸਤਰੀ ਦੇ ਜ਼ਿਆਦਾਤਰ ਵੀਡੀਓਜ਼ ਉੱਤੇ ਲੱਖਾਂ ਵਿਊਜ਼ ਹਨ। ਯੂ-ਟਿਊਬ ਉੱਤੇ 37 ਲੱਖ ਤੋਂ ਜ਼ਿਆਦਾ ਸਬਸਕ੍ਰਾਈਬਰ ਅਤੇ ਤਿੰਨ ਸਾਲ ਵਿੱਚ 54 ਕਰੋੜ ਤੋਂ ਜ਼ਿਆਦਾ ਵਿਊਜ਼ ਹਨ। ਫੇਸਬੁੱਕ ਉੱਤੇ ਬਾਗੇਸ਼ਵਰ ਧਾਮ ਦੇ 30 ਲੱਖ, ਟਵਿੱਟਰ ਉੱਤੇ 60 ਹਜ਼ਾਰ ਅਤੇ ਇੰਸਟਾਗ੍ਰਾਮ ਉੱਤੇ 2 ਲੱਖ ਤੋਂ ਜ਼ਿਆਦਾ ਫੋਲੋਅਰਜ਼ ਹਨ।

ਹੁਣ ਸ਼ਾਸ਼ਤਰੀ ਨੇ ਭਾਜਪਾ ਨੂੰ ਖ਼ੁਸ਼ ਕਰਨ ਲਈ ਆਪਣੇ-ਆਪ ਨੂੰ ਬਾਲਾਜੀ ਤੇ ਹਿੰਦੂ ਧਰਮ ਦਾ ਖਾਸਮ-ਖਾਸ ਪ੍ਰਚਾਰਕ ਤੇ ਹਿੰਦੂ ਰਾਸ਼ਟਰਵਾਦੀ ਸਿੱਧ ਕਰਨਾ ਸ਼ੁਰੂ ਕਰ ਦਿੱਤਾ। ਆਪਣੇ ਛੱਤੀਸਗੜ੍ਹ ਦੇ ਰਾਇਪੁਰ ਵਿੱਚ ਇੱਕ ਰਾਮ ਕਥਾ ਦਰਬਾਰ ਦੌਰਾਨ ਇਸ ਬਾਬੇ ਨੇ ਹਿੰਦੂ ਧਰਮ ਨੂੰ ਖ਼ਤਰੇ ਵਿੱਚ ਆਖਦਿਆਂ, ਸ਼ਰੇਆਮ ਧਾਰਮਿਕ ਨਫ਼ਰਤ ਫੈਲਾਈ ਹੈ। ਉਸਨੇ ਕਿਹਾ ਸੀ ਕਿ ਅੱਜ ਸਾਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਲੋੜ ਹੈ। ਹਿੰਦੂ ਜਨੋ ਮੇਰਾ ਸਮਰਥਨ ਕਰੋ ਅਤੇ ਮੈਂ ਤੁਹਾਨੂੰ ਹਿੰਦੂ ਰਾਸ਼ਟਰ ਦੇਵਾਂਗਾ। ਸ਼ਾਸਤਰੀ ਦੀ ਟਿੱਪਣੀ ਤੋਂ ਬਾਅਦ ਭਾਜਪਾ ਦੇ ਕਈ ਨੇਤਾ ਉਸ ਨੂੰ ਥਾਪੜਾ ਦੇ ਰਹੇ ਹਨ। ਭਾਜਪਾ ਨੇਤਾ ਕਪਿਲ ਸ਼ਰਮਾ ਨੇ ਸ਼ਾਸਤਰੀ ਦੇ ਸਮਰਥਨ ਵਿੱਚ ਬਿਆਨ ਦਿੱਤਾ ਅਤੇ ਸੰਤਾਂ ਨੂੰ ਸ਼ਾਸਤਰੀ ਦੀ ਹਮਾਇਤ ਕਰਨ ਲਈ ਕਿਹਾ। ਸ਼ਾਸਤਰੀ ਧਰਮ ਦੇ ਆਧਾਰ ’ਤੇ ਜੰਗ ਕਰਨ ਸਬੰਧੀ ਜਬਰਦਸਤ ਜੋਸ਼ੀਲੇ ਪ੍ਰਵਚਨ ਵੀ ਲਗਾਤਾਰ ਕਰ ਰਿਹਾ ਹੈ ਤਾਂ ਜੋ ਹਿੰਦੂ ਜਨਤਾ ਉਸ ਨੂੰ ਧਰਮ ਦਾ ਰੱਖਿਅਕ ਮੰਨਦੇ ਹੋਏ ਇਸ ਦੇ ਮਗਰ ਲੱਗੀ ਰਹੇ। ਇਸੇ ਦਰਬਾਰ ਵਿੱਚ ਇਕ ਵਿਅਕਤੀ ਨੂੰ ਅਛੂਤ ਆਖ ਕੇ ਉਸਨੂੰ ਪੈਰ ਛੂਹਣ ਤੋਂ ਮਨ੍ਹਾ ਕਰਨ ਕਰਨ ਬਾਰੇ ਸ਼ਾਸਤਰੀ ਦੀ ਵੀਡੀਓ ਵਾਇਰਲ ਹੋਈ ਸੀ।

ਹੁਣ ਇਸ ਦੇ ਪਿੰਡ ਵਿੱਚ ਮੰਗਲਵਾਰ ਅਤੇ ਸ਼ਨਿਚਰਵਾਰ ਦਰਬਾਰ ਲਗਦਾ ਹੈ, ਜਿਸ ਵਿੱਚ ਜਾਣ ਲਈ ਬਹੁਤ ਭਾਰੀ ਇਕੱਠ ਵਿੱਚ, ਕਤਾਰ ਵਿੱਚ ਲੱਗ ਕੇ, ਪਹਿਲਾਂ ਟੋਕਨ ਹਾਸਲ ਕਰਨਾ ਪੈਂਦਾ ਹੈ। ਹਾਲਾਂਕਿ ਬਾਬੇ ਦਾ ਆਨਲਾਈਨ ਸਿਸਟਮ ਵੀ ਚਲਦਾ ਹੈ। ਬਾਕੀ ਦਿਨ ਬਾਬੇ ਦਾ ਦਰਬਾਰ ਵੱਖ-ਵੱਖ ਥਾਈਂ ਵੱਡੇ-ਵੱਡੇ ਸ਼ਹਿਰਾਂ ਵਿੱਚ ਲਗਦਾ ਹੈ।

ਦੇਖਿਆ ਜਾਵੇ ਤਾਂ ਪਾਖੰਡੀ ਬਾਬਿਆਂ ਨੇ ਤਾਂ ਕਾਮਯਾਬ ਹੋਣ ਲਈ ਹੱਥ ਪੈਰ ਮਾਰਨੇ ਹੀ ਹੁੰਦੇ ਹਨ, ਪਰ ਕੌੜੀ ਅਸਲੀਅਤ ਇਹ ਹੈ ਕਿ ਸਾਡੀਆਂ ਸਰਕਾਰਾਂ, ਸਾਡੇ ਸਾਰੇ ਹੀ ਰਾਜਨੀਤਕ ਦਲਾਂ ਦੇ ਵੱਡੇ-ਵੱਡੇ ਆਗੂ ਤੇ ਸੰਵਿਧਾਨਕ ਅਹੁਦਿਆਂ ’ਤੇ ਬੈਠੇ ਦੇਸ਼ ਦੇ ਹੁਕਮਰਾਨ ਵੀ ਅੰਧਵਿਸ਼ਵਾਸ ਫੈਲਾਉਣ ਵਾਲੇ ਇਨ੍ਹਾਂ ਬਾਬਿਆਂ ’ਤੇ ਲਗਾਮ ਕੱਸਣ ਦੀ ਥਾਂ, ਪਹਿਲਾਂ ਉਨ੍ਹਾਂ ਬਾਬਿਆਂ ਨੂੰ ਆਪ ਵੱਡਾ ਕਰਦੇ ਹਨ ਤੇ ਫਿਰ ਉਨ੍ਹਾਂ ਦੇ ਵੋਟ ਬੈਂਕ ਰਾਹੀਂ, ਲਗਾਤਾਰ ਸੱਤਾ ’ਤੇ ਕਾਬਜ਼ ਰਹਿਣਾ ਚਾਹੁੰਦੇ ਹਨ। ਕਦੇ ਉਨ੍ਹਾਂ ਹੀ ਬਾਬਿਆਂ ਨੂੰ ਜੇਲ੍ਹੀਂ ਡੱਕ ਕੇ ਤੇ ਫਿਰ ਉਨ੍ਹਾਂ ਹੀ ਬਾਬਿਆਂ ਨੂੰ ਨਿਤ ਪੈਰੋਲ ਦੇ ਕੇ ਵੋਟ ਹਾਸਲ ਕਰਦੇ ਹਨ। ਬਾਕੀ ਹੁਣ ਜਦੋਂ ਬਾਗੇਸ਼ਵਰ ਧਾਮ ਦੇ ਬਾਬੇ ਦਾ ਰੌਲਾ ਪੈ ਗਿਆ ਹੈ ਤਾਂ ਬਾਬੇ ਵੱਲੋਂ ਆਪਣੇ ਬਚਾਅ ਲਈ, ਆਪਣੇ-ਆਪ ’ਤੇ ਉਠਦੇ ਸਵਾਲਾਂ ਨੂੰ, ਧਰਮ ’ਤੇ ਹਮਲਾ ਆਖਦਿਆਂ, ਸੋਸ਼ਲ ਮੀਡੀਆ ’ਤੇ ਆਪਣੇ ਸਿਪਾਹਸਲਾਰਾਂ ਰਾਹੀਂ, ਆਪਣੇ-ਆਪ ਨੂੰ ਧਰਮ ਦਾ ਰਾਖਾ ਆਖਦਿਆਂ, ਆਪਣੇ ਪੱਖ ਵਿੱਚ ਹਿੰਦੂਆਂ ਨੂੰ ਖੜੇ ਹੋਣ ਦੀ ਅਪੀਲ ਕੀਤੀ ਹੈ। ਜਦ ਕਿ ਧਰਮ ’ਤੇ ਸਵਾਲ ਤਾਂ ਕਿਸੇ ਨੇ ਉਠਾਏ ਹੀ ਨਹੀਂ, ਜਿਸ ਬਾਰੇ ਸੂਝਵਾਨ ਧਾਰਮਿਕ ਲੋਕ ਭਲੀਭਾਂਤ ਜਾਣਦੇ ਹਨ। ਬਾਕੀ ਭਾਰਤ ਵਿੱਚ ਹਮੇਸ਼ਾ ਤੋਂ ਰਾਜਨੀਤੀ ਤੇ ਪਾਖੰਡ ਦਾ, ਜੋ ਗੁਪਤ ਗੱਠਜੋੜ ਚਲਦਾ ਆਇਆ ਹੈ, ਉਸਦੀ ਉਪਜ ਇਹ ਪਾਖੰਡੀ ਸਾਧ ਤੇ ਡੇਰੇ ਹਨ।

**ਧੀਰੇਂਦਰ ਸ਼ਾਸਤਰੀ ਦੀ ‘ਮਜ਼ਬੂਤ’ ਹੁੰਦੀ ਜ਼ਮੀਨ**

ਬਾਗੇਸ਼ਵਰ ਧਾਮ ਵਿੱਚ ਲੋਕਾਂ ਦੀ ਸ਼ਰਧਾ ਇਸ ਕਦਰ ਵੱਧ ਰਹੀ ਹੈ ਕਿ ਗੜ੍ਹਾ ਪਿੰਡ ਵਿੱਚ ਜ਼ਮੀਨ ਦੀਆਂ ਕੀਮਤਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਸਥਾਨਕ ਰੀਅਲ ਅਸਟੇਟ ਏਜੰਟਾਂ ਦਾ ਕਹਿਣਾ ਹੈ ਕਿ ਜ਼ਮੀਨ ਦੀ ਕੀਮਤ ਲਗਭਗ ਦੁੱਗਣੀ ਹੋ ਗਈ ਹੈ। ਚੰਦਲਾ ਦੇ ਸਾਬਕਾ ਵਿਧਾਇਕ ਆਰਡੀ ਪ੍ਰਜਾਪਤੀ ਇਲਜ਼ਾਮ ਲਗਾਉਂਦੇ ਹਨ, ‘ਗੜ੍ਹਾ ਵਿੱਚ ਜੋ ਸਰਕਾਰੀ ਜ਼ਮੀਨ ਸੀ, ਉਸ ਉੱਤੇ ਧੀਰੇਂਦਰ ਸ਼ਾਸਤਰੀ ਨੇ ਆਪਣੀ ਉਸਾਰੀ ਕਰਵਾ ਲਈ ਹੈ।’

ਧਾਮ ਦੇ ਬਾਹਰ ਬਾਜ਼ਾਰ ਵਿੱਚ ਕਈ ਛੋਟੀਆਂ-ਵੱਡੀਆਂ ਦੁਕਾਨਾਂ ਖੁੱਲ੍ਹ ਗਈਆਂ ਹਨ, ਜਿੱਥੇ ਸ਼ਾਸਤਰੀ ਦੀਆਂ ਦੇਵਤੇ ਵਰਗੀਆਂ ਤਸਵੀਰਾਂ, ਅੰਗੂਠੀਆਂ ਅਤੇ ਸ਼ਾਸ਼ਤਰੀ ਦੀ ਤਸਵੀਰ ਵਾਲੇ ਲਾਕੇਟ ਵੇਚੇ ਜਾ ਰਹੇ ਹਨ।

ਸ਼ਾਸਤਰੀ ’ਤੇ ਗੈਰ-ਕਾਨੂੰਨੀ ਢੰਗ ਨਾਲ ਧਨ ਇਕੱਠਾ ਕਰਨ ਦਾ ਦੋਸ਼ ਵੀ ਲੱਗਾ ਹੈ। ਇਲਾਕੇ ਦੇ ਕਈ ਜਾਇਦਾਦ ਮਾਲਕਾਂ ਨੇ ਦੋਸ਼ ਲਾਇਆ ਕਿ ਪਾਰਕਿੰਗ ਲਈ ਜਗ੍ਹਾ ਬਣਾਉਣ ਲਈ ਚਾਰ ਮਕਾਨ ਢਾਹ ਦਿੱਤੇ ਗਏ ਹਨ।

ਧੀਰੇਂਦਰ ਸ਼ਾਸਤਰੀ ਉੱਤੇ ਜ਼ਮੀਨ ਕਬਜਾ ਕਰਨ ਦੇ ਇਲਜ਼ਾਮ ਕੁਝ ਸਥਾਨਕ ਲੋਕਾਂ ਨੇ ਵੀ ਲਗਾਏ ਸੀ ਅਤੇ ਧਰਨਾ ਵੀ ਦਿੱਤਾ ਸੀ। ਇਸ ਬਾਰੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸ਼ਿਕਾਇਤ ਵੀ ਕੀਤੀ ਗਈ ਸੀ। ਇਹ ਮਾਮਲਾ ਅਦਾਲਤ ਤੱਕ ਪਹੁੰਚਿਆ ਅਤੇ ਅਦਾਲਤ ਨੇ ਆਰਡਰ ਜਾਰੀ ਕਰਦਿਆਂ ਬਾਬੇ ਨੂੰ ਕਿਸੇ ਤਰ੍ਹਾਂ ਦੀ ਦਖ਼ਲਅੰਦਾਜ਼ੀ ਨਾ ਕਰਨ ਦਾ ਹੁਕਮ ਦਿੱਤਾ ਸੀ।

ਇਸ ਕੇਸ ਨੂੰ ਦਰਜ ਕਰਵਾਉਣ ਵਾਲੇ ਲੋਕਾਂ ਵਿੱਚ 26 ਸਾਲ ਦੇ ਸੰਤੋਸ਼ ਸਿੰਘ ਵੀ ਸਨ। ਸੰਤੋਸ਼ ਸਿੰਘ ਨੇ ਕਿਹਾ, ‘ਇਸ ਥਾਂ ਉੱਤੇ ਸਾਡੀਆਂ ਦੁਕਾਨਾਂ ਸਨ। ਇੱਕ ਰਾਤ ਇਹ ਲੋਕ ਆਏ ਅਤੇ ਦੁਕਾਨਾਂ ਢਾਹ ਦਿੱਤੀਆਂ। ਸਾਨੂੰ ਪਤਾ ਹੀ ਨਹੀਂ ਲੱਗਿਆ। ਅਸੀਂ ਕਲੈਕਟਰ ਕੋਲ ਵੀ ਗਏ ਪਰ ਕੋਈ ਸੁਣਵਾਈ ਨਹੀਂ ਹੋਈ। ਅਸੀਂ ਧਰਨੇ ਉੱਤੇ ਵੀ ਬੈਠੇ। ਇਹ ਜਗ੍ਹਾ ਮੰਦਰ ਦੇ ਪਿੱਛੇ ਹੈ। ਫ਼ਿਰ ਕੁਝ ਦਿਨ ਪਹਿਲਾਂ ਹੀ ਇਨ੍ਹਾਂ ਨੇ ਸਾਨੂੰ ਕਿਹਾ ਕਿ ਜ਼ਮੀਨ ਸਾਨੂੰ ਦੇ ਦਿਓ ਅਤੇ ਰਜਿਸਟਰੀ ਸਾਡੇ ਨਾਮ ਕਰ ਦਿਓ। ਇਸ ਲਈ ਹੁਣ ਸਾਡੇ ਪਿਤਾ, ਚਾਚਿਆਂ ਨੇ ਲਗਭਗ 30 ਲੱਖ ਰੁਪਏ ਵਿੱਚ ਇਹ ਜ਼ਮੀਨ ਬਾਬੇ ਨੂੰ ਵੇਚ ਦਿੱਤੀ ਹੈ।’

***

## ਚੁਣੌਤੀ ਬਣਿਆ ਪੰਜਾਬ ਦੇ ਪਿੰਡਾਂ ਦਾ ਵਿਕਾਸ

ਪੰਜਾਬ ’ਚ ਪਿੰਡਾਂ ਦੇ ਵਿਕਾਸ ਲਈ ਪਹਿਲੀਆਂ ਸਰਕਾਰਾਂ ਵਲੋਂ ਵੀ ਟੀਚੇ ਮਿੱਥੇ ਜਾਂਦੇ ਰਹੇ ਹਨ, ਕਦੇ ਮਾਡਲ ਸਕੀਮ ਬਣਾਈ ਗਈ, ਕਦੇ ਕੋਈ ਹੋਰ ਸਕੀਮ, ਚੁਣੇ ਪਿੰਡਾਂ ਲਈ ਲੱਖਾਂ-ਕਰੋੜਾਂ ਦੀਆਂ ਸਰਕਾਰੀ ਗ੍ਰਾਂਟਾਂ ਸਿਆਸੀ ਅਧਾਰ ’ਤੇ ਦਿੱਤੀਆਂ ਗਈਆਂ, ਕਈ ਪਿੰਡਾਂ ’ਚ ਪ੍ਰਵਾਸੀ ਪੰਜਾਬੀਆਂ ਨੇ ਪਿੰਡਾਂ ਦੇ ਸੁਧਾਰ ਲਈ ਬੁਨਿਆਦੀ ਢਾਂਚਾ ਬਣਾਇਆ, ਖੇਡ ਸਟੇਡੀਅਮ, ਸਕੂਲ ਇਮਾਰਤਾਂ ਆਦਿ ਦੀ ਉਸਾਰੀ ਕੀਤੀ, ਪਰ ਪਿੰਡਾਂ ਦੇ ਸਮੂਹਿਕ ਵਿਕਾਸ ਲਈ ਪਿੰਡ ਪੱਧਰੀ ਜਾਂ ਬਲਾਕ ਪੱਧਰੀ ਕੋਈ ਵੀ ਪਲਾਨਿੰਗ (ਯੋਜਨਾ) ਦੀ ਅਣਹੋਂਦ ਰਹੀ। ਬਹੁਤੇ ਪਿੰਡ ’ਚ ਬੇਲੋੜਾ ਬੁਨਿਆਦੀ ਢਾਂਚਾਂ ਉਸਾਰਿਆ ਗਿਆ ਅਤੇ ਪਿੰਡ ’ਚ ਲੋੜੀਂਦੀਆਂ ਸੁਵਿਧਾਵਾਂ ਪ੍ਰਦਾਨ ਨਾ ਕੀਤੀਆਂ ਗਈਆਂ। ਆਮ ਤੌਰ ’ਤੇ ਗਲ਼ੀਆਂ, ਨਾਲ਼ੀਆਂ ਪੱਕੀਆਂ ਕਰਨ, ਗੰਦੇ ਪਾਣੀ ਦੇ ਨਿਕਾਸ ਆਦਿ ਤੱਕ ਹੀ ਪਿੰਡਾਂ ਦਾ ਵਿਕਾਸ ਸੀਮਤ ਕਰ ਦਿੱਤਾ ਗਿਆ।

ਲੋੜ ਤਾਂ ਇਸ ਗੱਲ ਦੀ ਸੀ ਕਿ ਪੰਚਾਇਤਾਂ ਨੂੰ ਸਥਾਨਕ ਸਰਕਾਰ ਵਜੋਂ ਵਿਕਸਿਤ ਕੀਤਾ ਜਾਂਦਾ। ਹਰ ਪਿੰਡ ਅਤੇ ਫਿਰ ਹਰ ਦਸ ਪਿੰਡਾਂ ਦੇ ਕਲਸਟਰ ਬਣਾ ਕੇ ਪਿੰਡਾਂ ਦੇ ਵਿਕਾਸ ਦੀ ਰੂਪ ਰੇਖਾ ਤਿਆਰ ਹੁੰਦੀ। ਬਲਾਕ ਪੱਧਰ ’ਤੇ ਸਮੂਹਿਕ ਪੇਂਡੂ ਵਿਕਾਸ ਲਈ ਯੋਜਨਾਵਾਂ ਬਣਦੀਆਂ। ਕਿਥੇ ਹਸਪਤਾਲ ਖੋਲ੍ਹਣਾ ਹੈ, ਕਿਥੇ ਲੋੜ ਅਨੁਸਾਰ ਹਾਈ, ਪ੍ਰਾਇਮਰੀ ਸਕੂਲ ਖੋਲ੍ਹਿਆ ਜਾਣਾ ਹੈ, ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ ਹੈ, ਨੌਜਵਾਨਾਂ ਲਈ ਵੋਕੇਸ਼ਨਲ ਸੈਂਟਰ ਖੋਲ੍ਹਣੇ ਹਨ, ਵੱਡੇ ਖੇਡ ਮੈਦਾਨ ਦੀ ਵਿਵਸਥਾ ਕਿਥੇ ਹੋਵੇ ਅਤੇ ਫੰਡਾਂ ਦੀ ਵਿਵਸਥਾ ਸੂਬਾ ਅਤੇ ਕੇਂਦਰ ਸਰਕਾਰ ਸਿਆਸੀ ਪੱਧਰ ’ਤੇ ਨਹੀਂ ਸਗੋਂ ਇਲਾਕੇ ਦੀਆਂ ਲੋੜਾਂ ਅਨੁਸਾਰ ਕਰੇ।

ਪਰ ਇਹ ਸਭ ਕੁਝ ਸਿਆਸੀ ਰੌਲੇ ਰੱਪੇ, ਪੇਂਡੂ ਧੜੇ ਬੰਦੀ, ਅਨਪੜ੍ਹਤਾ, ਅਗਿਆਨਤਾ ਦੀ ਭੇਂਟ ਚੜ੍ਹ ਗਿਆ। ਇਸ ਵੇਲੇ ਪੰਜਾਬ ਦਾ ਪੰਚਾਇਤੀ ਢਾਂਚਾ ਤਾਂ ਬੁਰੀ ਤਰ੍ਹਾਂ ਇਸ ਲਪੇਟ ਵਿੱਚ ਹੈ। ਜਦੋਂ ਗ੍ਰਾਂਟ ਇਹ ਤਹਿ ਕਰਕੇ ਦੇਣ ਦੀ ਪਿਰਤ ਹੋਵੇ ਕਿ ਕਿਸ ਪਿੰਡ ਤੇ ਕਿਸ ਪੰਚਾਇਤ ਨੇ ਵੋਟਾਂ ਕਿਸ ਸਿਆਸੀ ਧਿਰ ਨੂੰ ਪਾਈਆਂ ਹਨ ਅਤੇ ਸਿਆਸਤਦਾਨ ਹਾਕਮ ਵੀ ਇਹ ਲਿਸਟਾਂ ਚੁੱਕੀ ਫਿਰਨ ਅਤੇ ਥਾਣੇ ਕਚਹਿਰੀ ਪੰਚਾਇਤਾਂ ਜਾਂ ਉਨ੍ਹਾਂ ਨਾਲ ਜੁੜੇ ਲੋਕਾਂ ਨੂੰ ਖ਼ਜਲ ਕਰਨ ਤਾਂ ਫਿਰ ਪਿੰਡ ਦਾ ਵਿਕਾਸ ਤਾਂ ਕਿਵੇਂ ਵੀ ਸੰਭਵ ਨਹੀਂ ਹੋ ਸਕਦਾ।

ਪੰਜਾਬ ਦਾ ਪਿੰਡ, ਪੰਜਾਬ ਦਾ ਪੰਚਾਇਤੀ ਸਿਸਟਮ ਸਿਆਸੀ ਚੁੰਗਲ ’ਚ ਫਸ ਚੁੱਕਾ ਹੈ। ਸੁਚੇਤ ਲੋਕ ਹੀ ਗ੍ਰਾਮ ਸਭਾਵਾਂ ਨੂੰ ਜਾਗ੍ਰਿਤ ਕਰਕੇ, ਪੰਜਾਬ ਦੀ ਵਿਰਾਸਤ ਪੰਚ-ਪ੍ਰਧਾਨੀ ਸਿਸਟਮ ਨੂੰ ਮੁੜ ਸਥਾਪਿਤ ਕਰ ਸਕਦੇ ਹਨ।

***

## ਬਾਦਲਾਂ ਦੀ ਅਜ਼ਾਰੇਦਾਰੀ ਤੋਂ ਮੁਕਤ

ਕਿ ਉਹ ਪੰਥਕ ਸੋਚ ਵਾਲਿਆਂ ਨੂੰ ਨਾਲ ਲੈ ਕੇ ਪੰਥ ਦੀਆਂ ਇਹ ਸਿਰਮੌਰ ਸੰਸਥਾਵਾਂ ਨੂੰ ਬਾਦਲਾਂ ਦੀ ਅਜ਼ਾਏਦਾਰੀ ਤੋਂ ਮੁਕਤ ਕਰਵਾਉਣਗੇ। ਉਨ੍ਹਾਂ ਕਿਹਾ ਕਿ ਬੜਾ ਦੁੱਖ ਹੁੰਦਾ ਹੈ ਜਦੋਂ ਪੰਥਕ ਸਰਕਾਰ ਹੁੰਦਿਆ ਹੋਇਆ ਬਲਾਤਕਾਰੀ ਸੌਦਾ ਸਾਧ ਨੂੰ 2007 ਵਾਲੇ ਕੇਸ ਵਿੱਚ ਸਾਫ਼ ਬਚ ਕੇ ਜਾਣ ਦਾ ਰਾਹ ਤਿਆਰ ਕਰਕੇ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਬਲਾਤਕਾਰੀ ਸਾਧ ਨੂੰ ਮੁਆਫ਼ੀ ਦੇਣ ਨਾਲ ਹੀ ਉਸ ਦਾ ਹੌਂਸਲਾ ਏਨਾ ਵਧ ਗਿਆ ਕਿ ਉਸ ਦੇ ਸ਼ਰਧਾਲੂਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੱਕ ਕਰਵਾ ਦਿੱਤੀ।

ਬੀਬੀ ਜਗੀਰ ਕੌਰ ਨੇ ਮੀਟਿੰਗ ਵਿੱਚ ਹਾਜ਼ਰ ਸਾਰੇ ਆਗੂਆਂ ਨੂੰ ਪੰਥਕ ਏਜੰਡੇ ’ਤੇ ਡੱਟ ਕੇ ਪਹਿਰਾ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਪੰਥ ਦੀਆਂ ਸਾਰੀਆਂ ਸੰਸਥਾਵਾਂ ਨੂੰ ਬਾਦਲਾਂ ਦੇ ਚੁੰਗਲ ਤੋਂ ਮੁਕਤ ਕਰਵਾਉਣ ਦੀ ਆਪਣੀ ਲੜਾਈ ਜਾਰੀ ਰੱਖਣਗੇ। ਇਸ ਮੌਕੇ ਜਗਜੀਤ ਸਿੰਘ ਗਾਬਾ ਨੇ ਬੀਬੀ ਜਗੀਰ ਕੌਰ ਦਾ ਸਨਮਾਨ ਕਰਦਿਆਂ ਕਿਹਾ ਕਿ ਅੰਗਰੇਜ਼ ਵੀ 100 ਸਾਲਾਂ ਵਿੱਚ ਸਿੱਖ ਕੌਮ ਦਾ ਇੰਨਾ ਨੁਕਸਾਨ ਨਹੀਂ ਕਰ ਸਕੇ ਜਿੰਨਾ ਬਾਦਲਾਂ ਨੇ 25 ਸਾਲਾਂ ਵਿੱਚ ਕਰਕੇ ਰੱਖ ਦਿੱਤਾ ਹੈ। ਯਾਦ ਰਹੇ ਕਿ ਜਲੰਧਰ ਵਿਚ ਸਿੰਘ ਸਭਾਵਾਂ ਦੇ ਫ਼ੈਸਲੇ ਤੋਂ ਤਿੰਨ ਦਿਨ ਪਹਿਲਾਂ ਹੀ ਅਕਾਲੀ ਦਲ ਬਾਦਲ ਨੂੰ ਅਕਾਲੀ ਆਗੂ ਕਮਲਜੀਤ ਸਿੰਘ ਭਾਟੀਆ ਦੇ ਅਸਤੀਫੇ ਕਾਰਨ ਵੱਡਾ ਝਟਕਾ ਲੱਗ ਚੁੱਕਾ ਹੈ।

***

## ਜਲਵਾਯੂ ਪਰਿਵਰਤਨ ਕਾਰਨ ਵਿਸ਼ਵ ’ਚ

ਦੱਖਣੀ ਕੋਰੀਆ ਦੇ ਬੀਚ ਬਰਫ਼ ਨਾਲ ਜੰਮ ਗਏ ਹਨ।

**ਬਹੁਤ ਸਾਰੀਆਂ ਗਰਮ ਹਵਾਵਾਂ ਨੇ ਠੰਡ ਨੂੰ ਏਸ਼ੀਆ ਵੱਲ ਖਿੱਚਿਆ**

ਕੋਰੀਆ ਦੇ ਮੌਸਮ ਵਿਗਿਆਨ ਪ੍ਰਸ਼ਾਸਨ ਦੇ ਵਿਗਿਆਨੀ ਵੂ ਜਿਨ-ਕਿਊ ਦਾ ਕਹਿਣਾ ਹੈ ਕਿ ਸੋਲਰ ਵੌਰਟੇਕਸ ਨੇ ਇਸ ਮਹੀਨੇ ਆਰਕਟਿਕ ਤੋਂ ਬਰਫੀਲੀਆਂ ਹਵਾਵਾਂ ਨੂੰ ਮੱਧ ਏਸ਼ੀਆ ਵੱਲ ਧੱਕ ਦਿੱਤਾ ਹੈ। ਇਸ ਤੋਂ ਬਾਅਦ ਇਹ ਹੌਲੀ-ਹੌਲੀ ਪੂਰਬ ਵੱਲ ਵਧਿਆ। ਪੱਛਮ ਤੋਂ ਤੇਜ਼ ਹਵਾਵਾਂ ਦੇ ਚੱਕਰ ਨੇ ਪੂਰਬੀ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ।

ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ ਦੇ ਕਲਾਈਮੇਟ, ਐਨਰਜੀ ਅਤੇ ਡਿਜ਼ਾਸਟਰ ਮੈਨੇਜਮੈਂਟ ਇੰਸਟੀਚਿਊਟ ਦੇ ਡਾਇਰੈਕਟਰ ਮਾਰਕ ਹਾਉਡਨ ਦਾ ਕਹਿਣਾ ਹੈ ਕਿ ਏਸ਼ੀਆ ਵਿੱਚ ਹਾਲ ਹੀ ਵਿੱਚ ਸੋਕੇ ਅਤੇ ਗਰਮੀ ਦੇ ਕਾਰਣ ਇਸ ਖੇਤਰ ਵਿੱਚ ਤਾਪਮਾਨ ਪ੍ਰਭਾਵਿਤ ਹੋਇਆ ਹੈ। ਵਧੇਰੇ ਗਰਮ ਹਵਾਵਾਂ ਨੇ ਸੋਲਰ ਵੌਰਟੇਕਸ ਦੀ ਦਿਸ਼ਾ ਬਦਲ ਦਿੱਤੀ ਹੈ। ਉਸ ਦਾ ਕਹਿਣਾ ਹੈ ਕਿ ਅਗਲੇ ਕੁਝ ਹਫਤਿਆਂ ਵਿਚ ਸੋਲਰ ਵੌਰਟੇਕਸ ਉੱਤਰੀ ਅਮਰੀਕਾ ਵੱਲ ਵਧ ਸਕਦਾ ਹੈ।

***

## ਖ਼ੁਦਕੁਸ਼ੀ ਕਰ ਚੁੱਕੇ ਖੇਤ ਮਜ਼ਦੂਰਾਂ ਦੀਆਂ ਦਲਿਤ

ਸਾਧਨ ਦੇ ਨਾਲ-ਨਾਲ ਡਾਕਟਰੀ ਇਲਾਜ ਅਤੇ ਬੱਚਿਆਂ ਲਈ ਸਿੱਖਿਆ ਦਾ ਵੀ ਪ੍ਰਬੰਧ ਕਰਨਾ ਜ਼ਰੂਰੀ ਹੈ ਅਤੇ ਇਸ ਨਾਲ ਵਰਤਾਰਾ ਰੁਕ ਸਕਦਾ ਹੈ।

ਸਪੱਸ਼ਟ ਹੈ ਕਿ ਕਰਜ਼ਾ ਰਾਹਤ ਸਕੀਮਾਂ ਨੇ ਖੇਤ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ ਤੇ ਕਿਸਾਨਾਂ ਦੀ ਆਰਥਿਕ ਹਾਲਤ ਤੇ ਮੰਦਹਾਲੀ ਨੂੰ ਠੀਕ ਨਹੀਂ ਕੀਤਾ ਅਤੇ ਨਾ ਹੀ ਖ਼ੁਦਕੁਸ਼ੀਆਂ ਨੂੰ ਠੱਲ੍ਹ ਪਾਈ ਹੈ। ਇਸ ਕਾਰਜ ਲਈ ਪਹਿਲਾਂ ਪੇਂਡੂ ਅਰਥ-ਵਿਵਸਥਾ ਵਿਚ ਵੰਨ-ਸਵੰਨਤਾ ਲਿਆਉਣੀ ਪਵੇਗੀ, ਭਾਵ ਗੈਰ ਖੇਤੀ ਧੰਦੇ ਅਪਣਾਉਣ ਅਤੇ ਉਤਸ਼ਾਹਤ ਕਰਨਾ ਪਵੇਗਾ। ਦੂਜਾ, ਲੋੜਵੰਦ ਖੇਤ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ ਅਤੇ ਕਿਸਾਨਾਂ ਨੂੰ ਖੇਤੀ ਕਰਨ ਲਈ ਸਿੱਧੇ ਤੌਰ ’ਤੇ ਫਸਲਾਂ ਦੀ ਬਿਜਾਈ ਅਤੇ ਵਾਢੀ ਸਮੇਂ ਲੋੜੀਂਦੀ ਆਰਥਿਕ ਮਦਦ ਦਿੱਤੀ ਜਾਵੇ। ਤੀਜਾ, ਪੇਂਡੂ ਖੇਤਰਾਂ ਵਿਚ ਸਿੱਖਿਆ ਸਮੇਂ ਦੇ ਹਾਣ ਮੁਤਾਬਿਕ ਵਿਕਸਿਤ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਸਿਖਿਆ ਗਰੀਬਾਂ, ਖੇਤ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ ਤੇ ਕਿਸਾਨਾਂ ਦੇ ਬੱਚਿਆਂ ਨੂੰ ਮੁਫ਼ਤ ਮੁਹੱਈਆ ਕਰਵਾਉਣੀ ਚਾਹੀਦੀ ਹੈ। ਪੇਂਡੂ ਖੇਤਰਾਂ ਵਿਚ ਸਿਹਤ ਸਹੂਲਤਾਂ ਮੁਫ਼ਤ ਮਿਲਣੀਆਂ ਚਾਹੀਦੀਆਂ ਹਨ। ਪੇਂਡੂ ਖੇਤਰਾਂ ਵਿਚ ਸਿਹਤ ਤੇ ਸਿੱਖਿਆ ਦਾ ਸੁਧਾਰ ਕਰਕੇ ਖੇਤ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ ਤੇ ਕਿਸਾਨਾਂ ਨੂੰ ਗੈਰ ਖੇਤੀ ਧੰਦਿਆਂ ਵੱਲ ਉਤਸ਼ਾਹਤ ਕੀਤਾ ਜਾ ਸਕਦਾ ਹੈ ਅਤੇ ਪੰਜਾਬ ਨੂੰ ਖੇਤੀ ਅਤੇ ਪੇਂਡੂ ਸੰਕਟ ਵਿਚੋਂ ਉਭਾਰਿਆ ਜਾ ਸਕਦਾ ਹੈ।

## ਬਾਦਲ ਦਲ ਨੂੰ ਸੰਕਟ ’ਚੋਂ ਨਿੱਕਲਣ

ਪਾਰਟੀ ਦੇ ਇਸ ਵੱਡੇ ਸੰਕਟ ਦਾ ਕਾਰਨ ਬਣਿਆ ਹੈ।

ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਕਾਂਗਰਸ ਦੇ ਹੋਰ ਪ੍ਰਮੁੱਖ ਨੇਤਾਵਾਂ ਦਾ ਮਤ ਸੀ ਕਿ ਅਕਾਲੀ ਦਲ ਨੂੰ ਆਪਣੀ ਰਾਜਨੀਤੀ ਕਾਂਗਰਸ ਰਾਹੀ ਹੀ ਕਰਨੀ ਚਾਹੀਦੀ ਹੈ।ਉਹ ਸਿੱਖਾਂ ਦੀ ਅਲੱਗ ਰਾਜਨੀਤੀ ਨਹੀਂ ਸੀ ਚਾਹੁੰਦੇ ਜਿਸ ਦੀ ਤਰਜਨਮਾਨੀ ਅਕਾਲੀ ਦਲ ਕਰ ਰਿਹਾ ਸੀ। ਦੇਸ਼ ਦੀ ਵੰਡ ਹੋ ਜਾਣ ਤੋਂ ਬਾਅਦ, ਨਹਿਰੂ ਅਤੇ ਕਾਂਗਰਸ ਚਾਹੁੰਦੇ ਸਨ ਕਿ ਅਕਾਲੀ ਦਾ ਰੋਲ ਸਮਾਜਿਕ ਗਤੀਵਿਧੀਆਂ ਤੱਕ ਹੀ ਸੀਮਤ ਹੋਵੇ ਅਤੇ ਇਹ ਰਾਜਨੀਤੀ ਨਾ ਕਰੇ ਕਿਉਂ ਕਿ ਇਸ ਨੇ ਸਿੱਖਾਂ ਅਤੇ ਉਨ੍ਹਾਂ ਦੀ ਪਛਾਣ ਨੂੰ ਕੇਂਦਰ ਵਿਚ ਲੈ ਆਉਣਾ ਸੀ। ਉਸ ਸਮੇਂ ਅਕਾਲੀ ਦਲ ਅਤੇ ਕਾਂਗਰਸ ਵਿਚ ਦੂਹਰੀ ਮੈਂਬਰਸ਼ਿਪ ਵਾਲੀ ਸਥਿਤੀ ਚੱਲ ਰਹੀ ਸੀ ਅਤੇ 1950ਵਿਆਂ ਦੇ ਮੱਧ ਤੱਕ ਅਕਾਲੀ ਦਲ ਨੇ ਕਾਂਗਰਸ ਦਾ ਹੀ ਸਹਿਯੋਗ ਕੀਤਾ। ਮੌਜੂਦਾ ਸਮੇਂ ਵਿਚ ਸਿੱਖਾਂ ਹਲਕਿਆਂ ਵਿਚ ਇਹ ਚਿੰਤਾ ਜਤਾਈ ਜਾ ਰਹੀ ਹੈ ਕਿਉਂ ਕਿ ਸਿੱਖ ਰਾਜਨੀਤੀ ਢਾਂਚਾਗਤ ਚੁਣੌਤੀਆਂ ਦਾ ਹੀ ਸਾਹਮਣਾ ਕਰ ਰਹੀ ਹੈ। ਪੰਜਾਬ ਜਾਂ ਇਸ ਤੋਂ ਬਾਹਰ ਸਿੱਖਾਂ ਨਾਲ ਸੰਬੰਧਿਤ ਰਾਜਨੀਤਿਕ, ਸਮਾਜਿਕ ਜਾਂ ਧਾਰਮਿਕ ਮਸਲਿਆਂ ਉੱਪਰ ਅਕਾਲੀ ਦਲ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਆਪਣਾ ਪ੍ਰਤੀਕਰਮ ਜ਼ਾਹਿਰ ਕਰੇ। ਪਰ ਪਾਰਟੀ ਆਪਣੀ ਹੋਂਦ ਦੇ ਸੰਕਟ ਵਿਚੋਂ ਹੀ ਲੰਘ ਰਹੀ ਹੈ ਕਿਉਂ ਕਿ ਬਰਗਾੜੀ ਕੇਸ ਅਤੇ ਬਹਿਬਲ ਕਲਾਂ ਕੇਸ ਤੋਂ ਬਾਅਦ ਅਤੇ ਪੰਜਾਬ ਵਿਚ ਨਸ਼ਿਆਂ ਦੀ ਵਧਦੀ ਗਿਣਤੀ ਅਤੇ ਗੈਂਗਸਟਰਵਾਦ ਕਰਕੇ ਸਿੱਖਾਂ ਅਤੇ ਪੰਜਾਬੀਆਂ ਦਾ ਵੱਡਾ ਹਿੱਸਾ ਪਾਰਟੀ ਦੇ ਵਿਰੁੱਧ ਹੋ ਚੁੱਕਿਆ ਹੈ। ਸਿੱਖਾਂ ਦੁਆਰਾ ਅਕਾਲੀ ਦਲ ਦੀ ਹੋਂਦ ਨੂੰ ਲੈ ਕੇ ਹੀ ਚਿੰਤਾ ਜਤਾਈ ਜਾ ਰਹੀ ਹੈ।ਅਕਾਲ ਤਖਤ ਸਾਹਿਬ ਦੇ ਜੱਥੇਦਾਰ ਦੁਆਰਾ ਇਹ ਕਹਿਣਾ ਕਿ ਇਹ ਬਾਦਲ ਲੀਡਰਸ਼ਿਪ ਨੂੰ ਬਚਾਉਣ ਦੀ ਹੀ ਕੋਸ਼ਿਸ਼ ਹੈ, ਇਸ ਦੀ ਸੋਸ਼ਲ ਮੀਡੀਆ ਉੱਪਰ ਕਾਫੀ ਨਿੰਦਾ ਕੀਤੀ ਗਈ। ਅਕਾਲੀ ਦਲ ਸੁਖਬੀਰ ਸਿੰਘ ਬਾਦਲ ਦੀਆਂ ਗਲਤੀਆਂ ਕਰਕੇ ਹੁਣ ਲਗਾਤਾਰ ਨਿਘਾਰ ਦੀ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ ਜੋ ਅਜੇ ਵੀ ਗਲਤ ਬਿਰਤਾਂਤਾਂ ਉੱਪਰ ਆਧਾਰਤ ਪੰਥਕ ਛਵੀ ਦਾ ਮੁਖੌਟਾ ਪਾਈ ਰੱਖਣ ਦਾ ਵਹਿਮ ਪਾਲੀ ਬੈਠਾ ਹੈ।

ਛੱਬੀ ਵਰ੍ਹਿਆਂ ਬਾਅਦ ਅਕਾਲੀ ਦਲ ਦੀ ਰਾਜਨੀਤੀ ਪੁਰਾਣੇ ਏਜੰਡਿਆਂ ਵੱਲ ਮੁੜਨ ਲੱਗੀ ਹੈ। ਹਾਲੀਆ ਮੀਟਿੰਗਾਂ ਵਿਚ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਦਲ ਦੇ ਨੇਤਾਵਾਂ ਦੇ ਭਾਸ਼ਣਾਂ ਤੋਂ ਪਤਾ ਲੱਗਦਾ ਹੈ ਕਿ ਪਾਰਟੀ ਸਿੱਖ ਪੰਥ ਦੇ ਏਜੰਡੇ ਵੱਲ ਮੁੜਨਾ ਚਾਹੁੰਦੀ ਹੈ। ਬਹੁਤ ਸਾਰੇ ਲੋਕਾਂ ਨੂੰ ਇਹ ਵੀ ਲੱਗਦਾ ਹੈ ਕਿ ਇਹ ਸਹੂਲਤ ਦੀ ਰਾਜਨੀਤੀ ਹੈ। ਅਕਾਲੀ ਦਲ ਦੇ ਸਰਪ੍ਰਸਤ ਅਤੇ ਪੰਜ ਵਾਰ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਹਾਲ ਹੀ ਵਿਚ ਕਿਹਾ ਸੀ, ‘ਖਾਲਸਾ ਪੰਥ ਨੂੰ ਕਮਜ਼ੋਰ ਕਰਨ ਦੀਆਂ ਕੋਝੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ ਅਤੇ ਇਸ ਦੀ ਅਲੱਗ ਧਾਰਮਿਕ ਪਛਾਣ ਨੂੰ ਖਤਮ ਕਰਨ ਦੀ ਕੋਸ਼ਿਸ਼ ਹੋ ਰਹੀ ਹੈ।’ ਉਸ ਨੇ ਅੱਗੇ ਕਿਹਾ, ‘ਸਾਡੇ ਪਵਿੱਤਰ

ਧਾਰਮਿਕ ਅਸਥਾਨਾਂ ਅਤੇ ਉਨ੍ਹਾਂ ਦੀ ਅਲੱਗ ਧਾਰਮਿਕ ਪਛਾਣ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਸਿੱਖ ਕੌਮ ਨੂੰ ਸ਼ਕਤੀਸ਼ਾਲੀ ਏਜੰਸੀਆਂ ਦੀਆਂ ਚਾਲਾਂ ਅਤੇ ਫੁੱਟ ਵਿਰੁੱਧ ਖੜ੍ਹੇ ਹੋਣਾ ਚਾਹੀਦਾ ਹੈ।’ ਮੋਗਾ ਕਾਨਫਰੰਸ ਵਿਚ ਪੰਜਾਬੀ ਪਛਾਣ ਵੱਲ ਮੁੜਨ ਤੋਂ ਬਾਅਦ ਅਕਾਲੀ ਦਲ ਮੁੜ ਤੋਂ ਪੰਥਕ ਰਾਜਨੀਤੀ ਵੱਲ ਮੁੜਨ ਲੱਗਿਆ ਹੈ। ਅਕਾਲੀ ਦਲ 15 ਦਸੰਬਰ 2021 ਨੂੰ ਦਰਬਾਰ ਸਾਹਿਬ ਵਿਚ ਹੋਈ ਬੇਅਦਬੀ ਦੀ ਘਟਨਾ ਨੂੰ ਪੰਥ ਉੱਪਰ ਹਮਲੇ ਦੇ ਬਿਰਤਾਂਤ ਵਜੋਂ ਵਰਤਣਾ ਚਾਹੁੰਦੀ ਹੈ। ਪਰ ਪਹਿਲਾਂ ਉਨ੍ਹਾਂ ਨੂੰ ਬਰਗਾੜੀ ਵਿਚ ਹੋਈ ਬੇਅਦਬੀ ਦੀ ਘਟਨਾ ਲਈ ਮਾਫੀ ਮੰਗਣੀ ਚਾਹੀਦੀ ਹੈ। ਅਗਰ ਬੀਜੇਪੀ-ਅਕਾਲੀ ਦਲ ਸਮੇਂ ਪੰਥ ਖਤਰੇ ਵਿਚ ਨਹੀਂ ਸੀ ਤਾਂ ਇਸ ਸਮੇਂ ਕਿਸ ਤਰ੍ਹਾਂ ਹੋ ਸਕਦਾ ਹੈ ? ਅਕਾਲੀ ਦਲ ਦੇ ਸਰਪ੍ਰਸਤ ਸੀਨੀਅਰ ਬਾਦਲ ਇਸ ਗੱਲ ਪ੍ਰਤੀ ਚਿੰਤਤ ਹਨ ਕਿ ਉਨ੍ਹਾਂ ਨੇ ਆਪਣੀ ਰਾਜਨੀਤਿਕ ਜ਼ਮੀਨ ਗੁਆ ਲਈ ਹੈ।ਪਰ ਅਸਲੀ ਵਿਚ ਉਹ ਆਪਣੇ ਬਾਰੇ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਦੇ ਰਾਜਨੀਤਿਕ ਭਵਿੱਖ ਨੂੰ ਲੈ ਕੇ ਚਿੰਤਤ ਹਨ।

ਬਾਦਲ ਨੇ ਪੰਥ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਅਤੇ ਹੁਣ ਉਹ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖ ਅਤੇ ਪੰਜਾਬ ਰਾਜਨੀਤੀ ਵਿਚ ਕੁਝ ਜਗ੍ਹਾ ਬਣਾਉਣ ਲਈ ਵਰਤ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਇਜ਼ਹਾਰ ਆਲਮ ਅਤੇ ਸੁਮੇਧ ਸਿੰਘ ਸੈਣੀ ਜਿਹੇ ਅਫਸਰਾਂ ਨੂੰ ਪਨਾਹ ਦਿੱਤੀ ਜੋ ਕਿ ਝੂਠੇ ਪੁਲਿਸ ਮੁਕਾਬਲਿਆਂ ਦੇ ਦੋਸ਼ੀ ਹਨ। ਸੈਣੀ ਨੂੰ ਪੰਜਾਬ ਦਾ ਡੀਜੀਪੀ ਬਣਾਇਆ ਗਿਆ ਜਦੋਂ ਕਿ ਇਜ਼ਹਾਰ ਆਲਮ ਨੇ ਆਲਮ ਸੈਨਾ ਦੀ ਅਗਵਾਈ ਕਰਦੇ ਹੋਏ ਪੰਜਾਬ ਦੇ ਨੌਜਵਾਨਾਂ ਨੂੰ ਮਾਰਿਆ।ਅੱਜ ਦੇ ਸਮੇਂ ਵਿਚ ਅਕਾਲੀ ਪੰਥਕ ਵਿਚਾਰਧਾਰਾ ਨੂੰ ਇਸ ਲਈ ਯਾਦ ਕਰ ਰਹੇ ਹਨ ਤਾਂ ਜੋ ਉਹ ਆਪਣੀ ਗੁਆਚੀ ਹੋਈ ਰਾਜਨੀਤਿਕ ਜ਼ਮੀਨ ਦੁਬਾਰਾ ਪ੍ਰਾਪਤ ਕਰ ਸਕਣ। ਨਵੰਬਰ 2020 ਵਿਚ ਵੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਆਪਣਾ ਰਸਤਾ ‘ਪੰਜਾਬ ਤੋਂ ਪੰਥ’ ਵੱਲ ਮੋੜਨ ਲਈ ਕਿਹਾ ਸੀ।ਆਪਣੀ ਸ਼ੁਰੂਆਤ ਤੋਂ ਹੀ ਭਾਰਤੀ ਜਨਤਾ ਪਾਰਟੀ ਆਪਣੀ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਪ੍ਰਤੀ ਪ੍ਰਤੀਬੱਧ ਰਹੀ ਹੈ, ਪਰ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦੇ ਸੰਕਲਪ ਨੂੰ ਤਿਆਗ ਦਿੱਤਾ।ਆਨੰਦਪੁਰ ਸਾਹਿਬ ਦਾ ਮਤਾ ਸਿੱਖ ਧਰਮ, ਪੰਥ ਅਤੇ ਰਹਿਣ ਸਹਿਣ ਦੀ ਗੱਲ ਵੀ ਕਰਦਾ ਸੀ ਜਿਸ ਨੂੰ ਮੋਗਾ ਕਾਨਫਰੰਸ ਸਮੇਂ ਤਿਆਗ ਦਿੱਤਾ ਗਿਆ।

2008 ਵਿਚ ਸੁਖਬੀਰ ਸਿੰਘ ਬਾਦਲ ਪਾਰਟੀ ਦਾ ਪ੍ਰਧਾਨ ਬਣਿਆ ਜਿਸ ਨੇ ਪਾਰਟੀ ਦਾ ਦਫਤਰ ਚੰਡੀਗੜ੍ਹ ਤਬਦੀਲ ਕਰ ਦਿੱਤਾ ਜੋ ਨਾ ਸਿੱਖਾਂ ਲਈ ਸਹੀ ਸੀ ਅਤੇ ਨਾ ਹੀ ਪੰਜਾਬ ਲਈ।ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ 99ਵਾਂ ਸਥਾਪਨਾ ਦਿਵਸ ਮਨਾਇਆ ਤਾਂ ਸੁਖਬੀਰ ਨੇ ਇਹ ਘੋਸ਼ਣਾ ਕੀਤੀ ਸੀ ਕਿ ਉਹ ਪਾਰਟੀ ਦਫਤਰ ਅੰਮ੍ਰਿਤਸਰ ਬਣਾਉਣਗੇ ਜੋ ਕਿ ਕਦੇ ਨਹੀਂ ਵਾਪਰਿਆ। ਬਾਦਲਾਂ ਦੀ ਸਰਪ੍ਰਸਤੀ ਹੇਠ ਅਕਾਲੀ ਦਲ ਨੇ ਪੰਥਕ ਮੁੱਦਿਆਂ ਨੂੰ ਮਹਿਜ਼ ਹਰਿਮੰਦਰ ਸਾਹਿਬ ਜਾਣ ਤੱਕ ਹੀ ਸੀਮਿਤ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਏਜੰਡੇ ਨੂੰ ਉਦੋਂ ਵੀ ਢਾਹ ਲੱਗੀ ਜਦੋਂ 1999 ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਨ ਲਈ ਲਿਫਾਫਾ ਕਲਚਰ ਦੀ ਸ਼ੁਰੂਆਤ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਕਾਜ ਵਿਚ ਬਾਦਲਾਂ ਦੀ ਦਖਲਅੰਦਾਜ਼ੀ ਨੇ ਸਿੱਖ ਮੁੱਦਿਆਂ ਨੂੰ ਇਸ ਹੱਦ ਤੱਕ ਢਾਹ ਲਗਾਈ ਕਿ ਅਕਾਲੀ ਦਲ ਦੇ ਬਹੁਤ ਸਾਰੇ ਮੈਂਬਰ ਅਤੇ ਬਹੁ-ਗਿਣਤੀ ਸਿੱਖ ਬਾਦਲ ਅਕਾਲੀ ਦਲ ਤੋਂ ਦੂਰ ਹੋਣਾ ਸ਼ੁਰੂ ਹੋ ਗਏ।

ਬਾਬਰੀ ਮਸਜਿਦ ਸਬੰਧੀ ਸੁਪਰੀਮ ਕੋਰਟ ਦਾ ਫੈਸਲਾ, ਧਾਰਾ 370 ਨੂੰ ਮਨਸੂਖ ਕਰਨਾ, ਨਾਗਰਿਕ ਸੋਧ ਐਕਟ ਅਤੇ ਕਿਸਾਨੀ ਬਿੱਲਾਂ ਨੂੰ ਲੈ ਕੇ ਸੁਖਬੀਰ ਬਾਦਲ ਨੇ ਚੁੱਪੀ ਧਾਰੀ ਰੱਖੀ।ਇਹ ਦਿਖਾਉਂਦਾ ਹੈ ਕਿ ਸੁਖਬੀਰ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਸੰਘੀ ਢਾਂਚੇ ਉੱਪਰ ਹੁੰਦੇ ਹਮਲੇ ਦਾ ਸਮਰਥਨ ਕੀਤਾ ਜਦੋਂ ਕਿ ਦੂਜੇ ਪਾਸੇ ਉਹ ਆਨੰਦਪੁਰ ਸਾਹਿਬ ਦੇ ਮਤੇ ਰਾਹੀਂ ਸਿੱਖਾਂ ਲਈ ਵੱਧ ਅਧਿਕਾਰਾਂ ਦੀ ਮੰਗ ਕਰ ਰਹੇ ਸਨ।1996 ਦੀਆਂ ਲੋਕ ਸਭਾ ਚੋਣਾਂ ਸਮੇਂ ਚੋਣ ਘੋਸ਼ਣਾ ਪੱਤਰ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਸਿੱਖਾਂ ਦੇ ਕਤਲੇਆਮ ਦੀ ਜਾਂਚ ਕਰਾਉਣ ਦਾ ਮੁੱਦਾ ਰੱਖਿਆ ਸੀ, ਪਰ ਅਗਸਤ 1997 ਵਿਚ ਮੁੱਖ ਮੰਤਰੀ ਬਣਨ ਤੋਂ ਬਾਅਦ ਉਸ ਦਾ ਕਹਿਣਾ ਸੀ ਕਿ ਉਹ ਪੁਰਾਣੇ ਜ਼ਖਮਾਂ ਨੂੰ ਨਹੀਂ ਸੀ ਕੁਰੇਦਣਾ ਚਾਹੁੰਦਾ।ਅਕਾਲੀਆਂ ਨੂੰ ਕਾਂਗਰਸ ਦਾ ਚਿਹਰਾ ਨੰਗਾ ਕਰਕੇ ਇਸ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਸੀ, ਪਰ ਉਨ੍ਹਾਂ ਨੇ ਅਜਿਹਾ ਕੁਝ ਨਹੀਂ ਕੀਤਾ।ਅਕਾਲੀ ਦਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਪੁਲਿਸ ਅਫਸਰਾਂ ਖਿਲਾਫ ਵੀ ਕੋਈ ਕਾਰਵਾਈ ਨਹੀਂ ਕਰ ਪਾਇਆ। ਪੰਥਕ ਰਾਜਨੀਤੀ ਨੂੰ ਛੱਡ ਕੇ ਅਕਾਲੀ ਦਲ ਆਪਣੇ ਆਪ ਨੂੰ ਖਿੱਤੇ ਅਤੇ ਧਰਮ ਦੇ ਚੌਰਸਤੇ ’ਤੇ ਖੜ੍ਹਾ ਮਹਿਸੂਸ ਕਰਦਾ ਹੈ ਜਿਸ ਨੂੰ ਇਸ ਮੰਝਧਾਰ ਵਿਚੋਂ ਨਿਕਲਣ ਲਈ ਢਾਂਚਾਗਤ ਤਬਦੀਲੀਆਂ ਕਰਨ ਦੀ ਜਰੂਰਤ ਹੈ।

****

## ਰਾਜਨੀਤਿਕ ਸੰਘਰਸ਼ ਵਜੋਂ

ਆਗੂਆਂ ਨੂੰ ਚੁਕਣੀਆਂ ਪੈਣਗੀਆਂ। ਅਜਿਹੀ ਸਥਿਤੀ ਵਿਚ ਮੋਰਚੇ ਦੇ ਆਗੂਆਂ ਨੂੰ ਇਨ੍ਹਾਂ ਸਾਰੀਆਂ ਸਥਿਤੀਆਂ ਦਾ ਅਕਾਲੀ ਰਾਜਨੀਤੀ ਅਤੇ ਪੰਥਕ ਰਾਜਨੀਤਿਕ ਲਹਿਰ ਦੀਆਂ ਦੋ ਧਾਰਾਵਾਂ ਦੇ ਸੰਦਰਭ ਵਿਚ ਵੱਡਾ ਮੁਲੰਕਣ ਕਰਨਾ ਹੋਵੇਗਾ।

ਅਕਾਲੀ ਰਾਜਨੀਤੀ ਸਮੇਤ ਜਿਵੇਂ ਭਾਰਤ ਇਕ ਬਹੁ-ਧਰਮੀ, ਬਹੁ-ਭਾਸ਼ਾਈ, ਬਹੁ-ਸੱਭਿਆਚਾਰੀ ਅਤੇ ਬਹੁ-ਕੌਮੀ ਦੇਸ਼ ਹੈ। ਉਸ ਅਨੁਸਾਰ ਸਿੱਖ ਪੰਥ ਦੀ ਸੂਬਾਈ ਪਾਰਟੀ ਵਜੋਂ ਅਕਾਲੀ ਦਲ ਸਿੱਖ ਅਰਮਾਨਾਂ ਦੀ ਪ੍ਰਤੀਨਿਧਤਾ ਕਰਦਾ ਆ ਰਿਹਾ ਹੈ। ਇਸ ਰਾਜਨੀਤਿਕ ਸਪੇਸ ਵਿਚ ਪ੍ਰਸੰਗਿਕ ਬਣੇ ਰਹਿਣ ਲਈ ਅਕਾਲੀ ਦਲ ਨੇ ਜੋ 16-17 ਅਕਤੂਬਰ 1973 ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ ਸੀ, ਉਸ ਵਿਚ ਪਾਰਟੀ ਦੇ ਰਾਜਸੀ-ਆਰਥਿਕ, ਵਿੱਦਿਅਕ, ਸੱਭਿਆਚਾਰਕ ਨਿਸ਼ਾਨੇ ਆਦਿ ਦਾ ਵੇਰਵਾ ਦਿੱਤਾ ਹੋਇਆ ਹੈ। ਇਹ ਮਤਾ ਭਾਰਤ ਦੇ ਵਰਤਮਾਨ ਫ਼ੈਡਰਲ ਢਾਂਚੇ ਦੀ ਮਜ਼ਬੂਤੀ ਬਣਾਈ ਰੱਖਣ ਤੋਂ ਅੱਗੇ ਜਾ ਕੇ ਭਾਰਤ ਨੂੰ ਇਕ ਕਨਫ਼ੈਡਰਲ ਸਟੇਟ ਬਣਾਉਣ ਦੀ ਵਕਾਲਤ ਕਰਦਾ ਹੈ। ਇਹ ਮਤਾ ਪੰਜਾਬ ਲਈ ਇਕ ਵੱਖਰਾ ਸੰਵਿਧਾਨ ਬਣਾਉਣ ਦੀ ਵੀ ਵਕਾਲਤ ਕਰਦਾ ਹੈ। ਜ਼ਾਹਿਰ ਹੈ ਕਿ ਇਹ ਮਤਾ ਭਾਰਤੀ ਕਨਫ਼ੈਡਰਲ ਢਾਂਚੇ ਨੂੰ ਬਣਾਈ ਰੱਖ ਕੇ ਵੱਖਰੀ ਆਜ਼ਾਦ ਸਿੱਖ ਸਟੇਟ ਦੇ ਵਿਚਕਾਰਲੇ ਰਾਹ ਨੂੰ ਦ੍ਰਿਸ਼ਟਮਾਨ ਕਰਦਾ ਹੈ। ‘ਖਾਲਸਾ ਜੀ ਕੇ ਬੋਲ ਬਾਲੇ’, ‘ਸਿੱਖਾਂ ਲਈ ਲੋੜੀਂਦੇ ਦੇਸ਼ ਕਾਲ’ ਅਤੇ ‘ਆਪਣੇ ਰਾਜਸੀ ਵਿਧਾਨ ਦੀ ਸਿਰਜਣਾ’ ਪ੍ਰਾਪਤੀ ਵਰਗੇ ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਵਿਚਾਰਾਂ ਦੇ ਇਹੀ ਅਰਥ ਨਿਕਲਦੇ ਹਨ। ਇਸ ਮਤੇ ਦੀ ਮੁਕੰਮਲ ਪ੍ਰਾਪਤੀ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਅਗਵਾਈ ਹੇਠ ਦੂਜੀਆਂ ਜੁਝਾਰੂ ਜਥੇਬੰਦੀਆਂ ਨੇ 1980 ਤੋਂ 1984 ਤੱਕ ਸੰਘਰਸ਼ ਲੜਿਆ ਸੀ। ਅੰਮ੍ਰਿਤਸਰ ਘੱਲੂਘਾਰੇ ਤੋਂ ਬਾਅਦ ਅਕਾਲੀ ਦਲ ਨੇ ਇਸ ਸੰਘਰਸ਼ ਨੂੰ ਅੱਧ ਵਿਚਾਲੇ ਛੱਡ ਦਿੱਤਾ ਸੀ। ਦੂਜੇ ਪਾਸੇ ਪੰਥਕ ਰਾਜਨੀਤਿਕ ਧਿਰ ਉਸ ਸਮੇਂ ਤੋਂ ਵਰਤਮਾਨ ਕੌਮੀ ਇਨਸਾਫ਼ ਮੋਰਚੇ ਤੱਕ ਲਗਾਤਾਰ ਕਿਸੇ ਨਾ ਕਿਸੇ ਰੂਪ ਵਿਚ ਸੰਘਰਸ਼ ਲੜਦੀ ਆ ਰਹੀ ਹੈ। ਜ਼ਾਹਿਰ ਹੈ ਕਿ ਇਸ ਮੋਰਚੇ ਨੂੰ ਆਪਣੇ ਰਾਜਨੀਤਿਕ ਉਦੇਸ਼ ਸਪੱਸ਼ਟ ਕਰਨੇ ਪੈਣਗੇ।

ਜਦੋਂ ਕਦੇ ਕੌਮਾਂ ਨੂੰ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਨਵੇਂ ਵਿਚਾਰ ਸਾਹਮਣੇ ਲਿਆ ਕੇ ਜਥੇਬੰਦੀ, ਅਗਵਾਈ ਤੰਤਰ ਅਤੇ ਇਸ ਨਾਲ ਜੁੜੀਆਂ ਸੰਸਥਾਵਾਂ ਆਦਿ ਨੂੰ ਵੱਡੀ ਲੋਕ ਹਮਾਇਤ ਲੈਣੀ ਪੈਂਦੀ ਹੈ। ਸਬੰਧਤ ਆਗੂਆਂ ਅਤੇ ਵਿਦਵਾਨਾਂ ਨੂੰ ਸੱਤਾ ਲਈ ਜਾਂਦੇ ਰਾਹ ਹੋਰ ਸਪੱਸ਼ਟ ਕਰਨ ਲਈ ਸਪੱਸ਼ਟ ਨੀਤੀ ਦਸਤਾਵੇਜ਼ ਅਥਵਾ ਏਜੰਡਾ ਲਿਆਉਣਾ ਪੈਂਦਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਨੂੰ ਨਵੇਂ ਹਾਲਾਤ ਨਾਲ ਨਜਿੱਠਣ ਲਈ ਇਕ ਸੰਯੁਕਤ ਪੰਥਕ ਏਜੰਡਾ ਸਾਹਮਣੇ ਲਿਆਉਣਾ ਹੋਏਗਾ। ਇਸ ਆਧਾਰ ’ਤੇ ਇਹ ਸੰਘਰਸ਼ ਲੜਿਆ ਜਾਣਾ ਚਾਹੀਦਾ ਹੈ। ਇੱਥੇ ਇਹ ਸਮਝਣਾ ਵੀ ਬੜਾ ਜ਼ਰੂਰੀ ਹੈ ਕਿ ਇਸ ਮੋਰਚੇ ਨੂੰ ਕੇਂਦਰ ਦੀ ਬੀ.ਜੇ.ਪੀ. ਸਰਕਾਰ, ਅਕਾਲੀ ਦਲ, ਆਮ ਆਦਮੀ ਪਾਰਟੀ ਸਰਕਾਰ, ਕਾਂਗਰਸ, ਵਿਦਵਾਨ ਮੀਡੀਆ ਅਤੇ ਪੰਥਕ ਦਰਦ ਰੱਖਣ ਵਾਲੇ ਸਿੱਖ ਬੜੀ ਗਹੁ ਨਾਲ ਵੇਖ ਰਹੇ ਹਨ। ਪੰਜਾਬ ਇਕ ਵਾਰ ਫਿਰ ਸ਼ਤਰੰਜ ਦੀ ਖੇਡ ਦਾ ਅਖਾੜਾ ਬਣਦਾ ਜਾ ਰਿਹਾ ਹੈ। ਇਨ੍ਹਾਂ ਹਾਲਾਤ ਵਿਚ ਪੰਥ ਦਾ ਦਰਦ ਰੱਖਣ ਵਾਲੇ ਦੇਸ਼-ਵਿਦੇਸ਼ ਵਿਚ ਬੈਠੇ ਸਿੱਖ ਇਸ ਮੋਰਚੇ ਨੂੰ ਕਾਮਯਾਬ ਹੁੰਦਾ ਵੇਖਣਾ ਚਾਹੁੰਦੇ ਹਨ। ਯਕੀਨਨ ਮੋਰਚੇ ਦੇ ਆਗੂਆਂ ਨੂੰ ਹੁਣ ਨਵੇਂ ਸੰਦਰਭਾਂ ਵਿਚ ਕੰਮ ਕਰਦਿਆਂ ਇਕ ਲੰਮਾ ਸੰਘਰਸ਼ ਲੜਨ ਲਈ ਆਪਣੀਆਂ ਭਵਿੱਖ ਦੀਆਂ ਨੀਤੀਆਂ ਅਤੇ ਤਰਜੀਹਾਂ ਬਣਾਉਣੀਆਂ ਹੋਣਗੀਆਂ। ਪਰ ਕੀ ਪੰਥ ਦਾ ਨਵਾਂ ਸੁਹਿਰਦ ਹਲਕਾ, ਜੋ ਭਾਈ ਜਗਤਾਰ ਸਿੰਘ ਹਵਾਰਾ ਦੀ ਕੁਰਬਾਨੀ ਅਤੇ ਹੋਰ ਵਿਚਾਰਾਂ ਨੂੰ ਹਮਾਇਤ ਦੇਣ ਲੱਗ ਪਿਆ ਹੈ, ਮਿਲ ਕੇ ਸਿੱਖ ਪੰਥ ਅਤੇ ਪੰਜਾਬ ਨੂੰ ਇਕ ਬਦਲਵੀਂ ਜਥੇਬੰਦੀ, ਅਗਵਾਈ ਅਤੇ ਵਿਸ਼ਵ ਪਰਿਪੇਖ ਵੱਡੀ ਦ੍ਰਿਸ਼ਟੀ ਦੇ ਸਕਣਗੇ ? ਸਾਡੇ ਸਾਹਮਣੇ ਇਹ ਇਕ ਵੱਡਾ ਸੁਆਲ ਖੜ੍ਹਾ ਹੈ।

***

## ਵੱਡਾ ਘੱਲੂਘਾਰਾ ਕੁੱਪ ਰਹੀੜਾ

ਉਸ ਦਾ ਮਿਸਾਲ ਕਿਧਰੇ ਨਹੀਂ ਮਿਲਦੀ। ਮੁਗਲ ਹਾਕਮਾਂ ਦੇ ਜਬਰੀ ਧਰਮ ਪਰਿਵਰਤਨ ਦੇ ਖ਼ੂਨੀ ਇਰਾਦੇ ਹੇਠ ਸਿੰਘਾਂ ਤੇ ਬੜੇ ਜੁਲਮ ਹੋਏ। ਅੱਗੋਂ ਖ਼ਾਲਸੇ ਨੇ ਵੀ ਅਜਿਹੀ ਸ਼ਿੱਦਤ ਨਾਲ ਅਣਮਨੁੱਖੀ ਤਸ਼ੱਦਦ ਆਪਣੇ ਪਿੰਡੇ ਤੇ ਹੰਢਾ ਕੇ ਧਰਮ ਯੁੱਧ ਵਿਚ ਦ੍ਰਿੜ ਇਰਾਦੇ ਨਾਲ ਜੁਲਮਾਂ ਦੇ ਥੰਮ ਹਿਲਾ ਦਿੱਤੇ। ਸਿੰਘ ਸਿੰਘਣੀਆਂ ਤੇ ਭੁਝੰਗੀਆਂ ਨੇ ਖਿੜੇ ਮੱਥੇ ਕੁਰਬਾਨੀਆਂ ਦਿੱਤੀਆਂ। ਉਹ ਗਾਉਂਦੇ ਰਹੇ ‘ਸਿਰ ਜਾਏ ਤੇ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ।’ ਬੇਜੋੜ ਜੰਗਾਂ ਅਤੇ ਘੱਲੂਘਾਰਿਆਂ ਵਿਚ ਦੁਸ਼ਮਣ ਦਾ ਡਟ ਕੇ ਮੁਕਾਬਲਾ ਕੀਤਾ। ਪੈਰ ਪਿਛਾਂਹ ਨਹੀਂ ਹਟਾਇਆ।

ਅੰਤਿਕਾ : ਦੁਨੀਆ ਦੇ ਲੋਕ ਸੂਰਮਾ ਮਰਦ ਉਸ ਨੂੰ ਆਖਦੇ ਹਨ ਜਿਸ ਦੇ ਮਹੱਲਾਂ ਦੇ ਸਾਹਮਣੇ ਦਮਾਮੇ ਵਜਦੇ ਹਨ। ਜੋ ਮੈਦਾਨਿ-ਜੰਗ ਵਿਚ ਵੈਰੀਆਂ ਦਾ ਮੁਕਾਬਲਾ ਕਰਦਾ ਹੈ। ਸਮੁੱਚੇ ਤੌਰ ’ਤੇ ਸਾਰਾ ਜਗਤ ਹੀ ਇਕ ਰਣਭੂਮੀ ਹੈ। ਇੱਥੇ ਹਰ ਮਨੁੱਖ ਨੂੰ ਵਿਕਾਰ-ਵੈਰੀਆਂ ਨਾਲ ਟਕਰਨਾ ਪੈਂਦਾ ਹੈ। ਅਸਲ ਸੂਰਮਾ ਉਹ ਹੈ ਜੋ ਇਨ੍ਹਾਂ ਵੈਰੀਆਂ ਦੇ ਟਾਕਰੇ ਤੇ ਖੋਲਤਾ ਹੈ ਤੇ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ, ਜਦੋਂ ਇਹ ਜੰਗ ਜਿੱਤਿਆ ਜਾ ਸਕਦਾ ਹੈ। ਉਹ ਹੈ ਅਸਲ ਸੂਰਮਾ। ਉਸ ਦੇ ਦਸਮ ਦੁਆਰ ਵਿਚ ਧੌਂਸਾ ਵਜਦਾ ਹੈ। ਉਸ ਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ। ਭਾਵ ਉਸ ਦਾ ਮਨ ਪ੍ਰਭੂ ਚਰਨਾਂ ਵਿਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿੱਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸ ਦੇ ਹਿਰਦੇ ਵਿਚ ਪ੍ਰਭੂ ਦੇ ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ।

ਹਾਂ ਇਕ ਹੋਰ ਵੀ ਸੂਰਮਾ ਹੈ, ਉਸ ਮਨੁੱਖ ਨੂੰ ਭੀ ਸੂਰਮਾ ਸਮਝਣਾ ਚਾਹੀਦਾ ਹੈ ਜੋ ਗਰੀਬ ਦੀ ਖਾਤਰ ਲੜਦਾ ਹੈ, ਗਰੀਬ ਵਾਸਤੇ ਲੜਦਾ ਲੜਦਾ ਟੋਟੇ ਟੋਟੇ ਹੋ ਮਰਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਦੇ ਲਈ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ। ਅੰਗ-1105

***

## ਕੈਂਸਰ ਨੂੰ ਹਰਾਉਣ ਵਾਲੇ ਖਿਡਾਰੀ ਅਤੇ ਕਲਾਕਾਰ

ਵਾਰਤਾ ਸਾਂਝੀ ਕੀਤੀ।ਮਨੀਸ਼ਾ ਮੁਤਾਬਕ ਉਨ੍ਹਾਂ ਆਪਣੇ ਇਲਾਜ ਦੇ ਛੇ ਮਹੀਨਿਆਂ ਦੌਰਾਨ ਸਿਰਫ਼ ਖੁਸ਼ਗਵਾਰ ਸਾਕਾਰਾਤਮਕ ਗੱਲਾਂ ਕਰਨ ਵਾਲੇ ਲੋਕਾਂ ਨੂੰ ਸੁਣਿਆ, ਉਨ੍ਹਾਂ ਮੁਤਾਬਕ ਕੈਂਸਰ ਨੇ ਉਨ੍ਹਾਂ ਨੂੰ ਇੱਕ ਨਵੀਂ ਜ਼ਿੰਦਗੀ ਦਿੱਤੀ। ਮਨੀਸ਼ਾ ਆਪਣੀ ਕਿਤਾਬ ਵਿੱਚ ਲਿਖਦੇ ਹਨ ਕਿ ਭਾਰਤ ਵਿੱਚ ਵੀ ਕੈਂਸਰ ਦਾ ਇਲਾਜ ਹੋਰ ਮੁਲਕਾਂ ਵਰਗਾ ਹੀ ਹੈ।ਫ਼ਰਕ ਸਿਰਫ਼ ਇੰਨਾ ਹੈ ਕਿ ਇੱਥੇ ਖੌਫ਼ ਬਹੁਤ ਹੈ ਤੇ ਕੈਂਸਰ ਦਾ ਮਤਲਬ ਮੌਤ ਸਮਝਿਆ ਜਾਂਦਾ ਹੈ। ਤੁਸੀਂ ਖੁਦ ਵੀ ਡਰਦੇ ਹੋ ਤੇ ਤੁਹਾਡੇ ਆਲੇ-ਦੁਆਲੇ ਦੇ ਲੋਕ ਵੀ ਡਰੇ ਹੋਏ ਹੁੰਦੇ ਹਨ।’

ਭਾਰਤੀ ਕ੍ਰਿਕਟ ਖਿਡਾਰੀ ਯੁਵਰਾਜ ਸਿੰਘ ਸੈਮੀਨੋਮਾ ਲੰਗ ਕੈਂਸਰ ਤੋਂ ਪੀੜਤ ਸਨ। ਯੁਵਰਾਜ ਸਿੰਘ ਨੇ ਵੀ ਆਪਣੇ ਤਜਰਬਿਆਂ ’ਤੇ ਅਧਾਰਿਤ ‘ਟੈਸਟ ਆਫ਼ ਮਾਈ ਲਾਈਫ਼’ ਨਾਮ ਦੀ ਇੱਕ ਕਿਤਾਬ ਲਿਖੀ। ਉਨ੍ਹਾਂ ਇਸ ਕਿਤਾਬ ਵਿੱਚ ਆਪਣੇ ਖੇਡ ਨਾਲ ਜੁੜੇ ਤਜਰਬਿਆਂ ਦੇ ਨਾਲ-ਨਾਲ ਕੈਂਸਰ ਬਾਰੇ ਵੀ ਲਿਖਿਆ।ਉਨ੍ਹਾਂ ਕਿਹਾ ਸੀ, ‘ਟੈਸਟ ਆਫ਼ ਮਾਈ ਲਾਈਫ਼, ਮੇਰੇ ਸਭ ਤੋਂ ਔਖੇ ਦਿਨਾਂ ਬਾਰੇ ਹੈ ਅਤੇ ਮੈਂ ਮੁਸ਼ਕਲ ਦੌਰ ਵਿੱਚੋਂ ਕਿਵੇਂ ਬਾਹਰ ਨਿਕਲਿਆ। ਇਨ੍ਹਾਂ ਸਾਰੀਆਂ ਔਕੜਾਂ ਦੇ ਬਾਵਜੂਦ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਉਮੀਦ, ਦ੍ਰਿੜਤਾ ਅਤੇ ਹਿੰਮਤ ਬਾਰੇ ਹੈ।’ ਯੁਵਰਾਜ ਸਿੰਘ ਕੈਂਸਰ ਪ੍ਰਤੀ ਜਾਗਰੂਕਤਾ ਫ਼ੈਲਾਉਣ ਲਈ ‘ਯੂ ਕੈਨ ਵਿਨ’ ਨਾਮ ਦੀ ਇੱਕ ਸੰਸਥਾ ਵੀ ਚਲਾ ਰਹੇ ਹਨ।

## ਸਤਿੰਦਰ ਸਰਤਾਜ ਤੇ ਨੀਰੂ ਬਾਜਵਾ ਦੀ ਫ਼ਿਲਮ

ਜਿਸ ਨੂੰ ਸੰਨੀ ਰਾਜ, ਵਰੁਣ ਅਰੋੜਾ, ਸਰਲਾ ਰਾਣੀ ਤੇ ਸੰਤੋਸ਼ ਸੁਭਾਸ਼ ਥੀਟੇ ਨੇ ਪ੍ਰੋਡਿਊਸ ਕੀਤਾ ਹੈ।ਸਮਾਜਿਕ ਵਿਸ਼ੇ ਦੇ ਨਾਲ-ਨਾਲ ਇਹ ਇਕ ਰੁਮਾਂਸਮਈ ਸੰਗੀਤਕ ਫ਼ਿਲਮ ਹੈ। ਫ਼ਿਲਮ ਦੇ ਗੀਤ ਵੀ ਬਹੁਤ ਵਧੀਆ ਹਨ, ਜਿਨ੍ਹਾਂ ਨੂੰ ਸਤਿੰਦਰ ਸਰਤਾਜ, ਸੁਨਿੱਧੀ ਚੌਹਾਨ ਤੇ ਰਜ਼ਾ ਹੀਰ ਨੇ ਗਾਇਆ ਹੈ। ਸਤਿੰਦਰ ਸਰਤਾਜ, ਹਰਿੰਦਰ ਕੌਰ ਤੇ ਅੰਬਰ ਵਲੋਂ ਲਿਖੇ ਇਨ੍ਹਾਂ ਗੀਤਾਂ ਨੂੰ ਬੀਟ ਮਨਿਸਟਰ ਨੇ ਸੰਗੀਤ ਦਿੱਤਾ ਹੈ। ਸਤਿੰਦਰ ਸਰਤਾਜ ਤੇ ਨੀਰੂ ਬਾਜਵਾ ਤੋਂ ਇਲਾਵਾ ਵਾਮਿਕਾ ਗੱਬੀ, ਪ੍ਰਿੰਸ ਕੰਵਲਜੀਤ ਸਿੰਘ, ਪ੍ਰਭ ਗਰੇਵਾਲ, ਹਰਫ਼ ਚੀਮਾ, ਨਿਕਿਤਾ ਗਰੋਵਰ, ਸੁਖਵਿੰਦਰ ਚਾਹਲ, ਸੁੱਖੀ ਚਾਹਲ, ਪ੍ਰਕਾਸ਼ ਗਾਧੂ, ਸੀ. ਜੇ. ਸਿੰਘ ਤੇ ਸ਼ਮਿੰਦਰ ਵਿੱਕੀ ਆਦਿ ਕਲਾਕਾਰਾਂ ਨੇ ਵੀ ਅਹਿਮ ਕਿਰਦਾਰ ਨਿਭਾਏ ਹਨ।

***

## ਬੰਗਲਾਦੇਸ਼ ਵਿੱਚ ਫ਼ਿਰਕੂਆਂ

ਇੱਥੋਂ ਦੀ ਪੂਜਾ ਉਤਸਵ ਕੌਂਸਲ ਦੇ ਜਨਰਲ ਸਕੱਤਰ ਵਿਦਿਆਨਾਥ ਬਰਮਨ ਨੇ ਦੱਸਿਆ ਕਿ ਹਨੇਰੇ ਦਾ ਲਾਭ ਉਠਾ ਕੇ ਕੁਝ ਅਣਪਛਾਤੇ ਲੋਕਾਂ ਨੇ ਆਸ-ਪਾਸ ਦੇ ਪਿੰਡਾਂ ਦੇ ਕਈ ਮੰਦਰਾਂ ’ਤੇ ਹਮਲੇ ਕੀਤੇ। ਉਨ੍ਹਾਂ ਨੇ ਕੁਝ ਮੂਰਤੀਆਂ ਨੂੰ ਤੋੜ ਦਿੱਤਾ ਤੇ ਮੰਦਰਾਂ ਨਾਲ ਬਣੇ ਸਰੋਵਰਾਂ ਵਿਚ ਸੁੱਟ ਦਿੱਤਾ। ਠਾਕੁਰਗਾਂਵ ਦੇ ਪੁਲਿਸ ਮੁਖੀ ਜਹਾਂਗੀਰ ਹੁਸੈਨ ਨੇ ਕਿਹਾ ਕਿ ਇਹ ਸਪੱਸ਼ਟ ਰੂਪ ਵਿਚ ਇਲਾਕੇ ਦੀ ਸ਼ਾਂਤੀ ਭੰਗ ਕਰਨ ਦੇ ਉਦੇਸ਼ ਨਾਲ ਸੋਚ ਸਮਝ ਕੇ ਕੀਤੇ ਗਏ ਹਮਲੇ ਹਨ। ਮੁਲਜ਼ਮਾਂ ਦੀ ਪਛਾਣ ਲਈ ਯਤਨ ਕੀਤੇ ਜਾ ਰਹੇ ਹਨ ਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।




ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com